ISSN-0971-8354

# ਯੋਜਨਾ

ਅਪ੍ਰੈਲ 2015 ਇਕ ਵਿਕਾਸ ਮਾਸਿਕ ₹10

## ਨਿਰਮਾਣਸਾਜ਼ੀ ਖੇਤਰ : ਵਿਕਾਸ ਤੇ ਚੁਣੌਤੀਆਂ

ਭਾਰਤ ਵਿਚ ਨਿਰਮਾਣਸਾਜ਼ੀ : ਨਵੇਂ ਪਰਿਪੇਖ ਤੇ ਜ਼ਰੂਰਤਾਂ
ਪੀ. ਐੱਮ. ਮੈਥਿਊ

ਨਿਰਮਾਣ ਮੁਖੀ ਵਿਕਾਸ, ਮੁਕਾਬਲੇਬਾਜ਼ੀ ਤੇ ਚੁਣੌਤੀਆਂ
ਅਰੂਪ ਮਿਤਰਾ

ਭਾਰਤੀ ਨਿਰਮਾਣਸਾਜ਼ੀ 'ਚ ਜਾਰੀ ਰਹਿਣਯੋਗਤਾ ਤੇ ਨਵੀਆਂ ਕਾਢਾਂ ਦੀ ਲੋੜ
ਬਾਲਕ੍ਰਿਸ਼ਨਾ ਸੀ. ਰਾਓ

ਕਿਰਤ ਕਾਨੂੰਨ ਤੇ ਭਾਰਤ ਦਾ ਨਿਰਮਾਣਸਾਜ਼ੀ ਖੇਤਰ : ਸੁਧਾਰਾਂ ਦੀ ਜ਼ਰੂਰਤ
ਦੇਵਾਸ਼ੀਸ਼ ਮਿਤਰਾ

ਵਿਸ਼ੇਸ਼ ਲੇਖ
ਭਾਰਤ 'ਚ ਕਾਨੂੰਨੀ ਸਹਾਇਤਾ ਤੇ ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਿਟੀ
ਮਨੋਜ ਕੁਮਾਰ ਸਿਨਹਾ



# CHECK LIST & IMPORTANT INSTRUCTIONS FOR SUBSCRIPTION OF JOURNAL(S)

1. Subscriber must ensure that DD/IPO/MOs are in favour of ADG (I/c), Publications Division, M/o I&B payable at New Delhi and of requisite amount. The annual subscription is following:

| | Ajkal/Kurukshetra/Yojana | Bal Bharti |
|---|---|---|
| One Year | ₹ 100/- | ₹ 80/- |
| Two Year | ₹ 180/- | ₹ 150/- |
| Three Year | ₹ 250/- | ₹ 200/- |
| For SAARC countries (for one year only) | ₹ 530/- | ₹ 510/- |
| For other countries (For one year only) | ₹ 730/- | ₹ 710/- |

2. Subscription for Ajkal Hindi/Urdu, Bal Bharti, Kurukshetra Hindi/English and Yojana Hindi/English/Urdu/Punjabi/Odia may sent to Business Manager, Publications Division, East Block 4, Level 7, R.K. Puram, New Delhi. The language of journal must be clearly indicated.

3. Subscriber must ensure that MOs (ordinary as well as e-MO) must contain name and language of journal required either in message box or at address column, otherwise it could not be accepted.

4. DD & IPO must be accompanied either with dully filled subscription coupon published in our Journals or in a plain paper containing name and address of subscriber alongwith name and language of Journal required.

5. In case of non receipt of magazine or any other problem please intimate to Business Manager (C&A) within a month period after which complaint will not be entertained.

6. Subscription for regional languages of Yojana shall be sent directly to Regional Centres on the following address:

| S. No | Magazine | Language | Officer Concerned | Office Address | Email/phone |
|---|---|---|---|---|---|
| 1 | Ajkal | Hindi/Urdu | Business Manager | Publications Division, Min. of I&B, East Block 4, Level 7, R.K. Puram, New Delhi 110066 | pdjucir@gmai.com<br>011-26100207 |
| 2. | Bal Bharti | Hindi | -do- | -do- | -do- |
| 3. | Kurukshetra | Hindi/ English | -do- | -do- | -do- |
| 4. | Yojana | Hindi/ English/ Punjabi/ Urdu/ Odia | -do- | -do- | -do- |
| 5. | Yojana | Assame | Business Manager | Sales Unit, Publications Division, KKB Road, New Colony, House no. 7, Chenikuthi, Guwahati, Assam 781003 | yojanaasomia@yahoo.co.in<br>0361-2665090 |
| 6 | Yojana | Bengali | Business Manager | Sales Emporium, Publications Division, 8, Esplanade East, Kolkatta, West Bengal 700069 | bengaliyojana@gmail.com<br>033-22488030 |
| 7. | Yojana | Gujrati | Business Manager | Sales Unit, Publications Division, Ambica Complex, 1st Floor, Paldi, Ahmedabad, Gujrat 380007 | yojanagujrati@gmail.com<br>079-26588669 |
| 8. | Yojana | Kannada | Business Manager | Sales Unit, Publications Division, 1st Floor, 'F' Wing, Kendriya Sadan, Kormangala, Bangalore 560034 | yojanakannada@yahoo.co.in<br>080-25537244 |
| 9 | Yojana | Marathi | Business Manager | Sales Unit, Publications Division, 701-C wing, 7th Floor, Kendriya Sadan, Belapur, Navi Mumbai, Maharastra 400614 | 022-27570686 |
| 10 | Yojana | Malayalam | Business Manager | Sales Emporium, Publications Division, Press Road, Near Govt. Press, Thiruvananthapuram, Kerala 695001 | yojanamalayalam@yahoo.co.in<br>0471-2330650 |
| 11 | Yojana (Thittam) | Tamil | Business Manager | Sales Emporium, Publications Division, 'A' wing, Rajaji Bhawan, Besant Nagar, Chennai, Tamil Nadu 600090 | editorthittam@yahoo.co.in<br>044-24917673 |
| 12 | Yojana | Telgu | Business Manager | Sales Emporium, Publications Division, Block 4, 1st Floor, Gruhakalpa Complex, M.G. Road, Nampally, Hyderabad, Andhra Pradesh 500001 | yojana_telgu@yahoo.co.in<br>040-24605383 |

# ADVERTISEMENT UNIT
# PUBLICATIONS DIVISION
# MINISTRY OF INFORMATION & BROADCASTINGS

## COMMERCIAL ADVERTISEMENT RATES FOR DPD JOURNALS
## (w.e.f 1st June ,2013)

| Sl. No. | Name of Journal | Inside Text Page | | | | Back Cover | 2nd Cover page | 3rd cover page |
|---|---|---|---|---|---|---|---|---|
| | (Rate for each Journals for one edition) | Colour (Full Page) | Colour (Half Page) | Black & White (Full Page) | Black & White (Half Page) | Full Page | Full Page | Full Page |
| 1 | Yojana (English & Hindi) | 25000 | 15000 | 18000 | 11000 | 75000 | 50000 | 50000 |
| 2 | Kurukshetra (English & Hindi) | 20000 | 12000 | | | 30000 | 27000 | 25000 |
| 3 | Ajkal (Hindi & Urdu) | 10000 | 6000 | 7000 | 5000 | 15000 | 12000 | 11000 |
| 4 | Yojana ( Urdu/Punjabi/ Oriya/ Assamese/ Kannada/ Malayalam ) | 7000 | 4500 | 5000 | 3000 | 10000 | 9000 | 8000 |
| 5 | Bal Bharti, | 22000 | 13000 | | | 30000 | 27000 | 25000 |
| 6 | Yojana (Bengali/ Telgu/ Marathi/ Tamil/Gujrati) | 13000 | 8000 | 10000 | 6000 | 20000 | 17000 | 15000 |

COMMERCIAL ADVERTISEMENT RATES FOR INDIA/BHARAT

| | India | | Bharat | |
|---|---|---|---|---|
| | Colour | Black & White | Colour | Black & White |
| Full Page | 30000 | 20000 | 20000 | 10000 |
| 2nd Cover page | 60000 | | 50000 | |
| 3rd Cover page | 50000 | | 40000 | |

Note :

(i) Special issue - Yojana-(January, March, August & December), Kurukshetra – (October Annual Number)

ii) 2nd cover page of magazines will be reserved for the DAVP and Government Organizations. The above rate are only for PSU advertisement received directly.

iii) * 2% extra discount on each additional insertion of advertisement subject to maximum discount of 40%.

**Mechanical Details**

| | Yojana | Ajkal/Kurukshetra | Bal Bharti |
|---|---|---|---|
| Overall Size | 19.5 x 27 cms | 21 x 28 cms | 18 x 24 cms |
| Print Area | 17 x 23 cms | 17 x 24 cms | 15 x 19.5 cms |
| | Advertisement material - Artpull/Artwork/CD/Positives | | |

**Full advance payment by D.D. in favour of ADG(I/c), Publications Division, M/o I&B payable at New Delhi.** Advertisement material and payment to be sent to the Business Manager (Advt.), Advertisement Unit, Publications Division, East Block 4, Level 7, R.K. Puram, New Delhi 110 066 26105590/26175516/26108979 Fax 26175516/26100207 Email: pdjucir@gmail.com


YOJANA (Punjabi) April - 2015 (Total Pages 52+IV) Regd. RNI 43033/85

# ਪ੍ਰਕਾਸ਼ਨ ਵਿਭਾਗ ਵਲੋਂ ਪ੍ਰਕਾਸ਼ਿਤ

## ਸ੍ਰੇਸ਼ਟ, ਰੌਚਕ ਅਤੇ ਗਿਆਨ ਭਰਪੂਰ ਪੁਸਤਕਾਂ





ਪੁਸਤਕ : ਭਾਰਤੀ ਵਿਗਿਆਨ ਦੇ ਚਾਨਣ ਮੁਨਾਰੇ
ਲੇਖਕ : ਕੁਲਦੀਪ ਸਿੰਘ ਧੀਰ
ਪੰਨੇ : 101, ਮੁੱਲ 130 ਰੁਪਏ




ਪੁਸਤਕ : ਭਗਤ ਸਿੰਘ ਅਮਰ ਵਿਦਰੋਹੀ
ਲੇਖਕ : ਮਲਵਿੰਦਰ ਜੀਤ ਸਿੰਘ ਵੜੈਚ
ਪੰਨੇ : 204, ਮੁੱਲ :200 ਰੁਪਏ





ਪੁਸਤਕ : ਯੁੱਗ ਪੁਰਸ਼ ਸਰਦਾਰ ਸਵਰਨ ਸਿੰਘ
ਲੇਖਕ : ਡਾ. ਮੁਹੰਮਦ ਇਦਰੀਸ
ਪੰਨੇ : 190, ਮੁੱਲ : 155 ਰੁਪਏ




ਪੁਸਤਕ : ਗ਼ਦਰ ਪਾਰਟੀ ਲਹਿਰ : ਸੰਖੇਪ ਇਤਿਹਾਸ
ਲੇਖਕ : ਰਘਬੀਰ ਸਿੰਘ
ਪੰਨੇ : 236, ਮੁੱਲ : 165 ਰੁਪਏ




ਪੁਸਤਕ : ਬੱਚਿਆਂ ਦੀਆਂ ਬੀਮਾਰੀਆਂ ਤੇ ਇਲਾਜ
ਲੇਖਕ : ਹਰਸ਼ਿੰਦਰ ਕੌਰ
ਪੰਨੇ : 60, ਮੁੱਲ : 70 ਰੁਪਏ




ਪੁਸਤਕ : ਸਤਿਗੁਰੂ ਰਾਮ ਸਿੰਘ ਤੇ ਕੂਕਾ ਲਹਿਰ
ਲੇਖਕ : ਤਾਰਾ ਸਿੰਘ ਅਨਜਾਣ
ਪੰਨੇ : 184, ਮੁੱਲ :105 ਰੁਪਏ

### ਪੁਸਤਕਾਂ ਇਨ੍ਹਾਂ ਵਿੱਕਰੀ ਕੇਂਦਰਾਂ ਉਤੇ ਉਪਲਬਧ ਹਨ :

• ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਲੋਧੀ ਰੋਡ, ਨਵੀਂ ਦਿੱਲੀ - 110 003 (ਫ਼ੋਨ-24365610) • ਹਾਲ ਨੰ: 196, ਪੁਰਾਣਾ ਸਕੱਤਰੇਤ, ਦਿੱਲੀ -110 054 (ਫ਼ੋਨ-23890205) • ਕਾਮਰਸ ਹਾਊਸ, ਕਰੀਮਭਾਈ ਰੋਡ, ਬਾਲਾਰਡ ਪਾਇਰ, ਮੁੰਬਈ -400 038 (ਫ਼ੋਨ-22610081) • 8, ਐਸਪਲੇਨੇਡ ਈਸਟ, ਕੋਲਕਾਤਾ - 700 069 (ਫ਼ੋਨ-22488030) •'ਏ' ਵਿੰਗ, ਰਾਜਾਜੀ ਭਵਨ, ਬੇਸੰਟ ਨਗਰ, ਚੇਨੱਈ - 600 090 (ਫ਼ੋਨ-24917673) • ਪ੍ਰੈੱਸ ਰੋਡ, ਨਿਕਟ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ - 695 001 (ਫ਼ੋਨ-2330650) • ਬਲਾਕ ਨੰ:-4, ਪਹਿਲੀ ਮੰਜ਼ਿਲ, ਗ੍ਰਹਿਕਲਪ ਕੰਪਲੈਕਸ, ਐਮ.ਜੇ.ਰੋਡ, ਨਾਮਪੱਲੀ, ਹੈਦਰਾਬਾਦ -500 001 (ਫ਼ੋਨ-24605383) • ਪ੍ਰਥਮ ਤਲ, 'ਐੱਫ਼' ਵਿੰਗ ਕੇਂਦਰੀ ਸਦਨ, ਕੋਰਾਮੰਗਲਾ, ਬੰਗਲੌਰ - 560 034 (ਫ਼ੋਨ-25537244) • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪੱਥ, ਪਟਨਾ -800 004 (ਫ਼ੋਨ-2301823)• ਹਾਲ ਨੰ:1, ਦੂਜੀ ਮੰਜ਼ਿਲ, ਕੇਂਦਰੀ ਭਵਨ, ਸੈਕਟਰ-8, ਅਲੀਗੰਜ, ਲਖਨਊ - 226 024, (ਫ਼ੋਨ-2325455)• ਅੰਬੀਕਾ ਕੰਪਲੈਕਸ, ਪਹਿਲੀ ਮੰਜ਼ਿਲ, ਪਾਲਦੀ, ਅਹਿਮਦਾਬਾਦ -380 007 (ਫ਼ੋਨ-26588669) • ਨੌਜਨ ਰੋਡ, ਉੱਜਾਨ ਬਜ਼ਾਰ, ਗੁਵਾਹਾਟੀ-781 001 (ਫ਼ੋਨ-2516792)

ਪ੍ਰਕਾਸ਼ਨ ਵਿਭਾਗ
ਸੂਚਨਾ ਅਤੇ ਪ੍ਰਸਾਰਣ ਮੰਤਰਾਲਾ
ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ,
ਲੋਧੀ ਰੋਡ, ਨਵੀਂ ਦਿੱਲੀ-110003

Printed & Published by Dr. (Ms) Sadhana Rout, Additional Director General & Head on behalf of Publications Division, Soochna Bhawan, C.G.O. Complex, Lodhi Road, New Delhi-110003. Printed at M/s Viba Press Pvt. Ltd., C-66/3, Okhla Industrial Area, Phase-II, New Delhi-110020, Editor : Balbir Madhopuri.

# ਯੋਜਨਾ

ਸਾਲ 30 • ਅੰਕ 9 • ਅਪ੍ਰੈਲ 2015 • ਕੁੱਲ ਪੰਨੇ 56



ਮੁੱਖ ਸੰਪਾਦਕ
**ਦੀਪਿਕਾ ਕੱਛਲ**

ਸੰਪਾਦਕ
**ਬਲਬੀਰ ਮਾਧੋਪੁਰੀ**

**ਸੰਪਾਦਕੀ ਦਫ਼ਤਰ**
ਈਸਟ ਬਲਾਕ-4, ਲੈਵਲ-7
ਆਰ. ਕੇ. ਪੁਰਮ, ਨਵੀਂ ਦਿੱਲੀ-110066
ਫ਼ੋਨ ਤੇ ਫ਼ੈਕਸ : 011-26177591
ਈਮੇਲ : yojanapunjabi@yahoo.com
ਵੈੱਬਸਾਈਟ : www.yojana.gov.in
www.publicationsdivision.nic.in
https//www.facebook.com/pages/yojana-journal

ਸੰਯੁਕਤ ਨਿਰਦੇਸ਼ਕ (ਉਤਪਾਦਨ)
**ਵੀ.ਕੇ. ਮੀਣਾ**

ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ)
**ਸੂਰੀਆਕਾਂਤ ਸ਼ਰਮਾ**
ਫ਼ੋਨ: 26100207
ਫੈਕਸ : 26175516
ਈਮੇਲ : *pdjucir@gmail.com*

ਕਵਰ : **ਜੀ.ਪੀ.ਧੋਪੇ**


## ਇਸ ਅੰਕ ਵਿਚ


- ਸੰਪਾਦਕੀ – ਮੁੱਖ ਸੰਪਾਦਕ 4
- ਭਾਰਤ ਵਿਚ ਨਿਰਮਾਣਸਾਜ਼ੀ : ਨਵੇਂ ਪਰਿਪੇਖ ਤੇ ਜ਼ਰੂਰਤਾਂ – ਪੀ. ਐੱਮ. ਮੈਥਿਊ 5
- ਨਿਰਮਾਣ ਮੁਖੀ ਵਿਕਾਸ, ਮੁਕਾਬਲੇਬਾਜ਼ੀ ਤੇ ਚੁਣੌਤੀਆਂ – ਅਰੂਪ ਮਿਤਰਾ 11
- ਨਿਰਮਾਣਸਾਜ਼ੀ 'ਚ ਜਾਰੀ ਰਹਿਣਯੋਗ ਤੇ ਨਵੀਆਂ ਕਾਢਾਂ ਦੀ ਲੋੜ – ਬਾਲਕ੍ਰਿਸ਼ਨਾ ਸੀ. ਰਾਓ 14
- ਕਿਰਤ ਕਾਨੂੰਨ ਤੇ ਭਾਰਤ ਦਾ ਨਿਰਮਾਣਸਾਜ਼ੀ ਖੇਤਰ : ਸੁਧਾਰਾਂ ਦੀ ਜ਼ਰੂਰਤ – ਦੇਵਾਸ਼ੀਸ਼ ਮਿਤਰਾ 17
- ਭਾਰਤ 'ਚ ਕਾਨੂੰਨੀ ਸਹਾਇਤਾ ਤੇ ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਿਟੀ – ਮਨੋਜ ਕੁਮਾਰ ਸਿਨਹਾ 22
- ਭਾਰਤ 'ਚ ਵਰਤਮਾਨ ਤੇ ਅਤੀਤ ਦੀਆਂ ਪੈਟਰੋਲੀਅਮ ਕੀਮਤਾਂ – ਸ਼ਾਈਨ ਜੈਕਬ 25
- ਭਾਰਤ ਦੇ ਉੱਤਰ-ਪੂਰਬੀ ਖਿੱਤੇ ਵਿਚ ਸ਼ੁਰੂਆਤ – ਮਨੋਜ ਕੇ ਦਾਸ 28
- ਕੀ ਤੁਸੀਂ ਜਾਣਦੇ ਹੋ? – 32
- ਉੱਦਮਸ਼ੀਲਤਾ ਅਤੇ ਰੁਜ਼ਗਾਰ – ਕੁੱਝ ਚੁਣੌਤੀਆਂ – ਜਸਵੰਤ ਸਿੰਘ ਸੈਣੀ 34
- ਭਾਰਤ 'ਚ ਉਤਪਾਦਨ ਉੱਦਮਾਂ ਦੀ ਰੁਜ਼ਗਾਰ ਵਧਾਉਣ ਵਿਚ ਮਹੱਤਤਾ – ਗੁਰਮੀਤ ਕੌਰ 36
- ਰੱਖਿਆ ਖੇਤਰ ਵਿਚ ਮੇਕ ਇੰਨ ਇੰਡੀਆ – 39
- ਊਰਜਾ ਦੇ ਬੁਨਿਆਦੀ ਢਾਂਚੇ ਦੇ ਵਿਕਾਸ 'ਤੇ ਜ਼ੋਰ – 40
- ਧਰਤੀ ਕਰੇ ਪੁਕਾਰ ... – ਬਾਲ ਆਨੰਦ 42
- ਜਲ ਪ੍ਰਦੂਸ਼ਨ ਨਾਲ ਜਲ ਰਿਹਾ ਹੈ ਜਲ – ਗੁਰਵਿੰਦਰ ਸਿੰਘ ਬੋਪਾਰਾਏ 46
- ਖੇਤੀ ਆਧਾਰਿਤ ਆਰਥਿਕਤਾ ਵਾਧੇ ਲਈ ਪੰਚਾਇਤਾਂ ਦੀ ਭੂਮਿਕਾ – ਮੁਹਿੰਦਰ ਸਿੰਘ ਬਾਜਵਾ 49
- ਗੁਰਦੇ ਦੀਆਂ ਪਥਰੀਆਂ – ਮਨਜੀਤ ਸਿੰਘ ਬੱਲ 53
- ਪੁਸਤਕ ਪੜਚੋਲ – ਬਲਬੀਰ ਚੰਦ ਲੌਂਗੋਵਾਲ 54



***ਯੋਜਨਾ*** **ਪੰਜਾਬੀ ਸਮੇਤ ਅਸਮੀਆ ਬਾਂਗਲਾ, ਅੰਗਰੇਜ਼ੀ, ਗੁਜਰਾਤੀ, ਕੰਨੜ, ਮਲਿਆਲਮ, ਮਰਾਠੀ, ਓਡੀਆ, ਤੇਲਗੂ ਤੇ ਉਰਦੂ ਭਾਸ਼ਾਵਾਂ ਵਿਚ ਵੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ। ਪੱਤ੍ਰਿਕਾ ਮੰਗਾਉਣ ਵਾਸਤੇ, ਨਵੀ ਮੈਂਬਰਸ਼ਿਪ, ਨਵਿਆਉਣ, ਪੁਰਾਣੇ ਅੰਕਾਂ ਦੀ ਪ੍ਰਾਪਤੀ ਤੇ ਏਜੰਸੀ ਆਦਿ ਲਈ ਮਨੀਆਰਡਰ/ਡੀਮਾਂਡ ਡ੍ਰਾਫਟ/ਪੋਸਟਲ ਆਰਡਰ 'ADG(i/c), Publications Division' ਦੇ ਨਾਂ 'ਤੇ ਬਣਵਾ ਕੇ ਹੇਠ ਲਿਖੇ ਪਤੇ 'ਤੇ ਭੇਜੋ। ਬਿਜ਼ਨਿਸ ਮੈਨੇਜਰ (ਸਰਕੂਲੇਸ਼ਨ ਤੇ ਵਿਗਿਆਪਨ) ਪ੍ਰਕਾਸ਼ਨ ਵਿਭਾਗ, ਈਸਟ ਬਲਾਕ-4, ਲੈਵਲ-7, ਆਰ.ਕੇ. ਪੁਰਮ, ਨਵੀਂ ਦਿੱਲੀ-110066, ਫ਼ੋਨ-26100207, 26105590 ਤਾਰ: ਸੂਚਨਾਪ੍ਰਕਾਸ਼ਨ**

ਮੈਂਬਰ ਬਣਨ ਤੇ ਪੱਤ੍ਰਿਕਾ ਮੰਗਵਾਉਣ ਲਈ ਤੁਸੀਂ ਸਾਡੇ ਹੇਠਲੇ ਵਿੱਕਰੀ ਕੇਂਦਰਾਂ ਨਾਲ ਵੀ ਸੰਪਰਕ ਕਰ ਸਕਦੇ ਹੋ : • ਪ੍ਰਕਾਸ਼ਨ ਵਿਭਾਗ, ਸੂਚਨਾ ਭਵਨ, ਸੀ.ਜੀ.ਓ. ਕੰਪਲੈਕਸ, ਨਵੀਂ ਦਿੱਲੀ -110003 (ਫ਼ੋਨ. 24365610) • ਹਾਲ ਨੰ. 196, ਪੁਰਾਣਾ ਸਕੱਤਰੇਤ, ਦਿੱਲੀ – 110054 (ਫ਼ੋਨ.23890205) • 701, ਬੀ ਵਿੰਗ, ਸੱਤਵੀਂ ਮੰਜ਼ਿਲ, ਕੇਂਦਰੀ ਸਦਨ, ਬੇਲਾਪੁਰ, ਨਵੀਂ ਮੁੰਬਈ-400614 (ਫ਼ੋਨ. 27570686 • 8 ਐਸਪਲੇਨੇਡ ਈਸਟ, ਕੋਲਕਾਤਾ – 700069 (ਫ਼ੋਨ. 22488030) • ਏ ਵਿੰਗ, ਰਾਜਾਜੀ ਭਵਨ, ਬੇਸੇਂਟ ਨਗਰ, ਚੇਨੱਈ – 600090 (ਫ਼ੋਨ. 24917673) • ਪ੍ਰੈੱਸ ਰੋਡ, ਨੇੜੇ ਗੌਰਮਿੰਟ ਪ੍ਰੈੱਸ, ਤਿਰੂਵਾਨੰਤਪੁਰਮ 695001 (ਫ਼ੋਨ. 2330650) • ਬਲਾਕ ਨੰ. 4, ਗ੍ਰਹਿਕਲਪ ਕੰਪਲੈਕਸ, ਐਮ. ਜੀ. ਰੋਡ, ਨਾਮਪੱਲੀ, ਹੈਦਰਾਬਾਦ – 500001 (ਫ਼ੋਨ.24605383) • ਪ੍ਰਥਮ ਤਲ, 'ਐਫ' ਵਿੰਗ, ਕੇਂਦਰੀ ਸਦਨ, ਕੋਰਾਮੰਗਲਾ, ਬੰਗਲੌਰ – 560034 (ਫ਼ੋਨ. 25537244 • ਬਿਹਾਰ ਰਾਜ ਸਹਿਕਾਰੀ ਬੈਂਕ ਬਿਲਡਿੰਗ, ਅਸ਼ੋਕ ਰਾਜਪਥ, ਪਟਨਾ – 800004 (ਫ਼ੋਨ.2683407) • ਹਾਲ ਨੰ. 1, ਦੂਜੀ ਮੰਜ਼ਲ, ਕੇਂਦਰੀ ਭਵਨ, ਸੈਕਟਰ ਐੱਚ, ਅਲੀਗੰਜ, ਲਖਨਊ – 226024 (ਫ਼ੋਨ.2225455 • ਅੰਬਿਕਾ ਕੰਪਲੈਕਸ, ਪ੍ਰਥਮ ਤਲ, ਉਪਰ ਯੂਕੋ ਬੈਂਕ, ਪਾਲਦੀ, ਅਹਿਮਦਾਬਾਦ – 380007 (ਫ਼ੋਨ. 26588669) • ਕੇ.ਕੇ.ਬੀ ਰੋਡ, ਨਿਊ ਕਾਲੋਨੀ, ਹਾਊਸ ਨੰ. 7, ਚੇਨੀ ਕੁਥੀ, ਗੁਵਾਹਟੀ – 781003 (ਫ਼ੋਨ. 2665090)

**ਚੰਦਾ ਦਰਾਂ : 1 ਸਾਲ ਰੁ.100, 2 ਸਾਲ ਰੁ.180, 3 ਸਾਲ ਰੁ.250 – ਸਾਰਕ ਦੇਸ਼ਾਂ ਲਈ ਸਾਲਾਨਾ ਰੁ.530 ; ਯੂਰਪੀ ਤੇ ਹੋਰ ਦੇਸ਼ਾਂ ਲਈ ਸਾਲਾਨਾ ਰੁ.730.** ***ਯੋਜਨਾ*** **ਵਿਚ ਪ੍ਰਕਾਸ਼ਿਤ ਨਿਬੰਧਾਂ ਵਿਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਆਪਣੇ ਹਨ। ਜ਼ਰੂਰੀ ਨਹੀਂ ਕਿ ਉਹ ਲੇਖਕ ਭਾਰਤ ਸਰਕਾਰ ਦੇ ਜਿਨ੍ਹਾਂ ਮੰਤਰਾਲਿਆਂ, ਵਿਭਾਗਾਂ ਤੇ ਸੰਗਠਨਾਂ ਨਾਲ ਸੰਬੰਧਿਤ ਹਨ, ਉਨ੍ਹਾਂ ਦਾ ਵੀ ਇਹੀ ਦ੍ਰਿਸ਼ਟੀਕੋਨ ਹੋਵੇ। ਪੱਤ੍ਰਿਕਾ ਵਿਚ ਪ੍ਰਕਾਸ਼ਿਤ ਵਿਗਿਆਪਨਾਂ ਦੇ ਵਿਸ਼ਾ ਵਸਤੂ ਵਾਸਤੇ ਯੋਜਨਾ ਜਵਾਬਦੇਹ ਨਹੀਂ ਹੈ।**

# ਸੰਪਾਦਕੀ

## ਵਿਕਾਸ ਦੀ ਵੱਡੀ ਗੁੰਜਾਇਸ਼

ਨਿਰਮਾਣਸਾਜ਼ੀ ਉਦਯੋਗ ਕਿਸੇ ਵੀ ਅਰਥਚਾਰੇ ਦੇ ਵਿਕਾਸ ਲਈ ਬਹੁਤ ਮਹੱਤਵਪੂਰਨ ਹੈ। ਭਾਰਤ ਜੇਹੇ ਵਿਕਾਸਸ਼ੀਲ ਦੇਸ਼, ਵਿਕਾਸ ਅਤੇ ਰੁਜ਼ਗਾਰ ਵਾਧੇ ਲਈ ਵਧੇਰੇ ਕਰਕੇ ਸੱਨਅਤੀ ਵਸਤੂ ਉਤਪਾਦਨ ਉਦਯੋਗ ਉਪਰ ਨਿਰਭਰ ਹਨ।

ਭਾਰਤੀ ਅਰਥਚਾਰਾ ਜੋ ਰਵਾਇਤੀ ਤੌਰ ਤੇ ਖੇਤੀਬਾੜੀ ਉਪਰ ਨਿਰਭਰ ਹੈ, ਹੁਣ ਨਿਰਮਾਣਸਾਜ਼ੀ ਨੂੰ ਉਤਸ਼ਾਹਤ ਕਰਨ ਵੱਲ ਵੱਡੀਆਂ ਪੁਲਾਂਘਾਂ ਭਰ ਰਿਹਾ ਹੈ ਜੋ ਇਸ ਵੇਲੇ ਕੁੱਲ ਘਰੇਲੂ ਉਤਪਾਦ ਦਾ 16 ਪ੍ਰਤਿਸ਼ਤ ਬਣਦਾ ਹੈ। ਪਰ ਇਸ ਦਾ ਰੁਜ਼ਗਾਰ ਪੈਦਾ ਕਰਨ ਦੇ ਖੇਤਰ ਅਤੇ ਵਿਕਾਸ ਵਿਚ ਹਿੱਸਾ ਇਸ ਦੀ ਸਮਰਥਾ ਤੋਂ ਬਹੁਤ ਘੱਟ ਹੈ। ਪ੍ਰਤਿਬੰਧਤ ਅਤੇ ਸਖ਼ਤ ਕਿਰਤ ਕਾਨੂੰਨ, ਕੁਸ਼ਲ ਕਾਰੀਗਰਾਂ ਦੇ ਮੁਕਾਬਲੇ ਗ਼ੈਰ-ਮਹਾਰਤ ਪ੍ਰਾਪਤ ਕਾਮਿਆਂ ਦੀ ਵੱਡੀ ਜਮਾਤ, ਤਕਨਾਲੋਜੀ ਕਾਢਾਂ ਦੀ ਘਾਟ, ਕੁੱਝ ਅਜਿਹੇ ਪੱਖ ਹਨ ਜੋ ਇਸ ਦਾ ਕਾਰਨ ਬਣਦੇ ਹਨ।

ਸਰੋਤਾਂ ਵਿਚ ਵਿਭਿੰਨਤਾ ਅਤੇ ਕੌਸ਼ਲ ਦੀ ਅਲਗ-ਅਲਗ ਮਹਾਰਤ ਅਤੇ ਉਪਲਬਧ ਕਿਰਤੀਆਂ ਦੀ ਜਮਾਤ ਦੀ ਸਿੱਖਿਆ ਦਾ ਮਿਆਰ ਸਭ ਮਿਲ ਕੇ ਇਹ ਜ਼ਰੂਰੀ ਕਰ ਦਿੰਦੇ ਹਨ ਕਿ ਅਸੀਂ ਛੋਟੇ ਅਤੇ ਵੱਡੇ ਪੱਧਰ ਦੇ ਉਦਯੋਗਾਂ ਦੇ ਮਹੱਤਵ ਨੂੰ ਸਮਝੀਏ। ਛੋਟੇ ਦਰਜੇ ਦਾ ਖੇਤਰ ਜੋ ਵਧੇਰੇ ਕਰਕੇ ਸਾਡੀ ਰਵਾਇਤੀ ਕੁਸ਼ਲਤਾ ਅਤੇ ਗਿਆਨ ਉਪਰ ਨਿਰਭਰ ਕਰਦਾ ਹੈ, ਖੇਤੀਬਾੜੀ ਤੋਂ ਬਾਅਦ, ਸਭ ਤੋਂ ਵੱਧ ਰੁਜ਼ਗਾਰ ਦੇ ਮੌਕੇ ਪੈਦਾ ਕਰਦਾ ਹੈ। ਇਹ ਗਰੀਬੀ ਘੱਟ ਕਰਨ ਵਿਚ ਮਦਦ ਕਰਦਾ ਹੈ ਅਤੇ ਆਮਦਨ ਅਤੇ ਧਨ-ਦੌਲਤ ਵਿਚ ਸਮਾਨਤਾ ਲਿਆਉਂਦਾ ਹੈ। ਇਸ ਦੇ ਨਾਲ-ਨਾਲ, ਵੱਡੇ ਉਦਯੋਗ, ਰੁਜ਼ਗਾਰ ਦੇ ਮੌਕੇ ਦੇਣ ਅਤੇ ਨਿਰਯਾਤ ਵਿਚ ਵਾਧਾ ਕਰਨ ਵਿਚ ਵੀ ਪ੍ਰਸ਼ੰਸਾਯੋਗ ਯੋਗਦਾਨ ਦਿੰਦੇ ਹਨ ਜਿਸ ਦਾ ਸਿੱਟਾ ਇਹ ਹੁੰਦਾ ਹੈ ਕਿ ਵਧੇਰੇ ਵਿਦੇਸ਼ੀ ਮੁਦਰਾ ਦੀ ਕਮਾਈ ਹੁੰਦੀ ਹੈ ਅਤੇ ਘਰੇਲੂ ਵਸਤਾਂ ਲਈ ਮੰਗ ਵਧਦੀ ਹੈ ਜਿਸ ਨਾਲ ਦੇਸ਼ ਸਮੁੱਚੇ ਸਮਾਵੇਸ਼ੀ ਵਿਕਾਸ ਵਲ ਵਧਦਾ ਹੈ।

ਰਾਸ਼ਟਰੀ ਨਿਰਮਾਣਸਾਜ਼ੀ ਨੀਤੀ ਦਾ ਉਦੇਸ਼ ਹੈ ਕੁੱਲ ਘਰੇਲੂ ਉਤਪਾਦ ਵਿਚ ਇਸ ਖੇਤਰ ਦਾ ਹਿੱਸਾ ਅਗਲੇ ਇਕ ਦਹਾਕੇ ਵਿਚ ਵਧਾ ਕੇ 25 ਪ੍ਰਤਿਸ਼ਤ ਕਰਨਾ ਅਤੇ ਦਸ ਕਰੋੜ ਨੌਕਰੀਆਂ ਪੈਦਾ ਕਰਨਾ। ਇਸ ਦਾ ਉਦੇਸ਼ ਪੇਂਡੂ ਨੌਜਵਾਨਾਂ ਨੂੰ ਮਹਾਰਤ ਪ੍ਰਾਪਤ ਕਾਰੀਗਰ ਬਣਾ ਕੇ ਉਨ੍ਹਾਂ ਨੂੰ ਨੌਕਰੀਯੋਗ ਬਣਾਉਣਾ ਵੀ ਹੈ। ਸਰਕਾਰ ਦੇ ਹਾਲ ਹੀ ਦੇ ਬਜਟ ਵਿਚ, ਘਰੇਲੂ ਅਤੇ ਅੰਤਰਰਾਸ਼ਟਰੀ ਉਦਯੋਗ ਲਈ ਪ੍ਰਕਿਰਿਆਵਾਂ ਨੂੰ ਸੌਖੇ ਕਰਕੇ ਉਨ੍ਹਾਂ ਵਿਚ ਪ੍ਰਬੰਧਕੀ ਸੁਧਾਰ ਕਰਕੇ ਅਤੇ ਉਨ੍ਹਾਂ ਦਾ ਡਿਜ਼ੀਟੇਲਾਈਜ਼ੇਸ਼ਨ ਕਰ ਕੇ ਉਨ੍ਹਾਂ ਨੂੰ ਇਕ ਸੁਖਾਵਾਂ ਵਾਤਾਵਰਨ ਅਤੇ ਸਹੂਲਤਾਂ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। 'ਭਾਰਤ ਵਿਚ ਬਣਾਓ', 'ਕੁਸ਼ਲ ਭਾਰਤ' ਅਤੇ *ਮੁਦਰਾ* ਆਦਿ ਪਹਿਲਾਂ ਦਾ ਉਦੇਸ਼ ਖ਼ੁਦਮੁਖ਼ਤਿਆਰ ਉੱਦਮੀ ਬਣਨ ਦੀ ਇੱਛਾ ਨੂੰ ਉਤਸ਼ਾਹ ਦੇਣਾ ਅਤੇ ਭਾਰਤ ਨੂੰ ਦੁਨੀਆਂ ਵਿਚ ਨਿਰਮਾਣਸਾਜ਼ੀ ਦਾ ਕੇਂਦਰ ਬਣਾਉਣਾ ਹੈ। ਬਜਟ ਵਿਚ, ਮਜ਼ਬੂਤ ਬੁਨਿਆਦੀ ਢਾਂਚੇ ਦੀ ਕਮੀ, ਊਰਜਾ ਪੂਰਤੀ ਵਿਚ ਰੁਕਾਵਟਾਂ, ਨਵੀਆਂ ਖੋਜਾਂ ਅਤੇ ਤਕਨਾਲੋਜੀ ਆਦਿ ਮੁੱਦਿਆਂ ਦਾ ਹੱਲ ਲੱਭਣ ਦੀ ਕੋਸ਼ਿਸ਼ ਵੀ ਕੀਤੀ ਗਈ ਹੈ।

ਇਸ ਅੰਕ ਵਿਚ ਛਪੇ ਲੇਖਾਂ ਵਿਚ ਇਸ ਖੇਤਰ ਵਿਚ ਜੋ ਕੁੱਝ ਅੱਜ ਤਕ ਹੋ ਸਕਿਆ ਹੈ ਅਤੇ ਇਸੇ ਨੂੰ ਹੁਲਾਰਾ ਦੇਣ ਲਈ ਜੋ ਕੁਝ ਹੋਰ ਕਰਨ ਦੀ ਲੋੜ ਹੈ, ਉਪਰ ਰੌਸ਼ਨੀ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ।

ਅਖੀਰ ਵਿਚ, ਇਹ ਕਿਹਾ ਜਾ ਸਕਦਾ ਹੈ ਕਿ ਨਿਰਮਾਣਸਾਜ਼ੀ ਖੇਤਰ, ਭਾਰਤ ਨੂੰ ਦੁਨੀਆਂ ਵਿਚ ਸਭ ਤੋਂ ਵੱਧ ਵਿਕਾਸ ਹੋਣ ਵਾਲਾ ਅਰਥਚਾਰਾ ਬਣਾਉਣ ਦੇ ਉਦੇਸ਼ ਦੀ ਪੂਰਤੀ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਣ ਦੀ ਸਮਰੱਥਾ ਰੱਖਦਾ ਹੈ। ਸਰਕਾਰ ਅਤੇ ਉਦਯੋਗ ਵਲੋਂ ਇਸ ਉਦੇਸ਼ ਦੀ ਪੂਰਤੀ ਲਈ ਸਹੀ ਵਚਨਬੱਧਤਾ ਦਾ ਸਹੀ ਮਿਸ਼ਰਣ ਇਸ ਨੂੰ ਸੱਚ ਸਾਬਤ ਕਰ ਸਕਦਾ ਹੈ। ❑❑


**ਯੋਜਨਾ (ਪੰਜਾਬੀ)**

- ਮਈ 2015 – ਇਹ ਅੰਕ *ਸੈਰ-ਸਪਾਟਾ ਖੇਤਰ* ਉੱਤੇ ਕੇਂਦਰਿਤ ਹੋਵੇਗਾ।
- ਜੂਨ 2015 – ਇਹ ਅੰਕ *ਵਿਕਲਪਕ ਦਵਾਈਆਂ* ਉੱਤੇ ਕੇਂਦਰਿਤ ਹੋਵੇਗਾ।

**ਯੋਜਨਾ (ਪੰਜਾਬੀ) ਦੀਆਂ ਚੰਦਾ ਦਰਾਂ**

*ਇਕ ਸਾਲ : ₹100, ਦੋ ਸਾਲ : ₹180, ਤਿੰਨ ਸਾਲ : ₹250*

*ਸਾਰਕ ਦੇਸ਼ਾਂ ਲਈ ਸਾਲਾਨਾ ₹530,*

*ਯੂਰਪ ਤੇ ਹੋਰ ਦੇਸ਼ਾਂ ਲਈ ਸਾਲਾਨਾ ₹730*

ਚੰਦੇ ਭਾਰਤੀ ਪੋਸਟਲ ਆਰਡਰ/ਮਨੀ ਆਰਡਰ ਤੇ ਬੈਂਕ ਡਰਾਫ਼ਟ ਰਾਹੀਂ *ADG(i/c), Publications Division* ਦੇ ਨਾਂ 'ਤੇ ਬਣਾ ਕੇ ਸਾਹਮਣੇ ਲਿਖੇ ਪਤੇ 'ਤੇ ਭੇਜੋ

**Business Manager**
**(Advertisement & Circulation)**
**Publications Division, Ministry of Information and Broadcasting**
**East Block-IV, Level-VII,**
**R.K. Puram, New Delhi-110066.**
**(Tel.011-26100207)**
*email-pdjucir@gmail.com*

# ਭਾਰਤ ਵਿਚ ਨਿਰਮਾਣਸਾਜ਼ੀ : ਨਵੇਂ ਪਰਿਪੇਖ ਤੇ ਜ਼ਰੂਰਤਾਂ

ਪੀ ਐੱਮ ਮੈਥਿਊ

ਪਿਛੋਕੜ

ਨਿਰਮਾਣਸਾਜ਼ੀ ਵਿਚ ਨਾ-ਕਾਫ਼ੀ ਵਿਕਾਸ ਦਾ ਭਾਰਤ ਵਿਚ ਰੁਜ਼ਗਾਰ ਪੈਦਾ ਕਰਨ 'ਤੇ ਮਾੜਾ ਅਸਰ ਪਿਆ ਹੈ। ਕਾਮਿਆਂ ਦੀ ਵੰਡ ਅਤੇ ਖੇਤੀਬਾੜੀ ਵਿਚ ਸ਼ਾਮਿਲ ਕੀਮਤ ਦਾ ਵਰਤਮਾਨ ਬੇਮੇਲ ਦੇਸ਼ ਵਿਚ ਗਰੀਬਾਂ ਦੀ ਵੱਡੀ ਸੰਖਿਆ ਹੋਣ ਦਾ ਇਕ ਮੁੱਖ ਕਾਰਨ ਹੈ। ਇਸ ਵਿਚ ਫੌਰੀ ਸੁਧਾਰ ਦੀ ਲੋੜ ਹੈ। ਨਿਰਮਾਣਸਾਜ਼ੀ ਖੇਤਰ ਅਜਿਹਾ ਪਾਣੀ ਚੂਸਣ ਵਾਲੇ ਖੇਤਰ ਵਰਗਾ ਹੋਵੇ ਜੋ ਲੋਕ ਖੇਤੀਬਾੜੀ ਨੂੰ ਛੱਡ ਕੇ ਉੱਚ ਆਮਦਨ ਦੀ ਭਾਲ ਵਿਚ ਬਾਹਰ ਨਿਕਲਣਾ ਚਾਹੁੰਦੇ ਹਨ

ਅਤਿ-ਅਧਿਕ ਵਿਸ਼ਵੀਕ੍ਰਿਤ ਅਰਥਵਿਵਸਥਾ ਵਿਚ, ਵਾਧੇ ਵਾਲੀ ਨਿਰਯਾਤ ਮੁਕਾਬਲੇਬਾਜ਼ੀ ਦੀ ਲੋੜ ਲਈ ਜਾਣ-ਪਛਾਣ ਦੀ ਕੋਈ ਲੋੜ ਨਹੀਂ। ਸਸਤੀ ਮਜ਼ਦੂਰੀ ਅਤੇ ਹੁਨਰ ਦੇ ਗੁਣਾਂ ਨੂੰ ਵੇਖਦਿਆਂ ਭਾਰਤ ਨੂੰ ਨਿਰਮਾਣਸਾਜ਼ੀ ਖੇਤਰ ਵਿਚ ਚੀਨ ਦਾ ਮੁਕਾਬਲਾ ਕਰਨਾ ਚਾਹੀਦਾ ਹੈ। ਭਾਰਤ ਦੇ ਕੁੱਲ ਘਰੇਲੂ ਉਤਪਾਦ ਵਿਚ ਨਿਰਮਾਣਸਾਜ਼ੀ ਖੇਤਰ ਦਾ ਯੋਗਦਾਨ 17 ਪ੍ਰਤਿਸ਼ਤ ਹੈ ਜਦ ਕਿ ਇਹ ਚੀਨ ਵਿਚ 33 ਪ੍ਰਤਿਸ਼ਤ, ਕੋਰੀਆ ਵਿਚ 29 ਪ੍ਰਤਿਸ਼ਤ, ਬ੍ਰਾਜ਼ੀਲ ਵਿਚ 25 ਪ੍ਰਤਿਸ਼ਤ ਅਤੇ ਥਾਈਲੈਂਡ ਵਿਚ 27 ਪ੍ਰਤਿਸ਼ਤ ਹੈ। ਪਰ, ਸਾਡੇ ਕੋਲ ਦੂਸਰੇ ਸਰੋਤਾਂ ਅਤੇ ਢਾਂਚੇ ਦੀ ਕਮੀ ਹੈ ਜਿਸ ਦੀ ਨਿਵੇਸ਼ਕ ਮੰਗ ਕਰਦੇ ਹਨ, ਇਹ ਇਕ ਅਜਿਹੀ ਕਮਜ਼ੋਰੀ ਹੈ ਜਿਸ ਨੇ ਹੁਨਰ ਮੁਖੀ ਨਿਰਮਾਣਸਾਜ਼ੀ ਅੰਦਰ ਨਿਵੇਸ਼ ਦੀ ਆਮਦ ਨੂੰ ਢਾਹ ਲਾਈ ਹੈ। ਕੁਝ ਖੇਤਰਾਂ ਦੇ ਹਾਲੀਆ ਰੁਝਾਨ, ਜਿਵੇਂ ਆਟੋ ਅਤੇ ਆਟੋ ਹਿੱਸੇ-ਪੁਰਜ਼ੇ, ਖ਼ਾਸ ਕਰਕੇ ਰਸਾਇਣ, ਆਮ ਦਵਾਈਆਂ ਅਤੇ ਇੰਜੀਨੀਅਰਿੰਗ, ਵਿਸ਼ਵ ਦੇ ਨਿਰਮਾਣਕਾਰਾਂ ਲਈ ਇਥੇ ਆਉਣ ਦੀ ਵੱਡੀ ਸੰਭਾਵਨਾ ਪ੍ਰਗਟ ਕਰਦੇ ਹਨ। ਪ੍ਰਧਾਨ ਮੰਤਰੀ ਵਲੋਂ ਰੇਖਾਂਕਿਤ ਨੀਤੀ 'ਤੇ ਜ਼ੋਰ ਦੇਣਾ, ਜੋ ਦੋ ਮੋਹਰੀ ਯੋਜਨਾਵਾਂ 'ਮੇਕ ਇਨ ਇੰਡੀਆ' ਅਤੇ 'ਭਾਰਤ ਨੂੰ ਹੁਨਰਮੰਦ ਕਰਨਾ' ਹੈ, ਦੀ ਪਿੱਠਭੂਮੀ ਵਿਚ ਇਸ ਨੂੰ ਸਮਝਣ ਦੀ ਲੋੜ ਹੈ।

ਫ਼ਿਕਰ ਵਾਲੀ ਗੱਲ ਹੈ ਕਿ ਇਸ ਦੀ ਅਹਿਮੀਅਤ ਗੁਆਚ ਰਹੀ ਹੈ। ਜਦਕਿ ਚੀਨ ਦਾ ਕੁੱਲ ਘਰੇਲੂ ਉਤਪਾਦਨ ਭਾਰਤ ਨਾਲੋਂ 3.8 ਗੁਣਾ ਵੱਡਾ ਹੈ, ਇਸ ਦਾ ਮਸ਼ੀਨ ਟੂਲਜ਼ ਦਾ ਉਤਪਾਦਨ, ਜੋ ਨਿਰਮਾਣਸਾਜ਼ੀ ਦੀ 'ਮਾਂ ਸੱਨਅਤ' ਹੁੰਦੀ ਹੈ, 55 ਗੁਣਾ ਜ਼ਿਆਦਾ ਹੈ। ਭਾਰਤ ਨੂੰ ਨਿਰਮਾਣਸਾਜ਼ੀ ਸਾਲਾਨਾ 12-14 ਪ੍ਰਤਿਸ਼ਤ ਵਧਾਉਣ, ਅਗਲੇ 15 ਸਾਲਾਂ ਵਿਚ ਨਿਰਮਾਣਸਾਜ਼ੀ ਖੇਤਰ ਅੰਦਰ 100 ਮਿਲੀਅਨ ਨਵੇਂ ਰੁਜ਼ਗਾਰ ਪੈਦਾ ਕਰਨ ਲਈ ਇਕ ਰਣਨੀਤੀ ਦੀ ਜ਼ਰੂਰਤ ਹੈ ਤਾਂ ਕਿ ਆਬਾਦੀ ਦੇ ਲਾਭਾਂ ਨੂੰ ਪੂਰਿਆਂ ਕੀਤਾ ਜਾ ਸਕੇ ਅਤੇ ਪੂੰਜੀਗਤ ਉਦਯੋਗਿਕ ਵਸਤਾਂ ਵਿਚ ਹੋਰ ਗਹਿਰਾਈ ਪੈਦਾ ਕਰਕੇ ਨਿਰਮਾਣਸਾਜ਼ੀ ਖੇਤਰ ਨੂੰ ਹੋਰ ਨਵੀਨਤਮ, ਮੁਕਾਬਲੇ ਵਾਲਾ ਅਤੇ ਜਾਰੀ ਰਹਿਣਯੋਗ ਬਣਾਇਆ ਜਾ ਸਕੇ। ਕੋਈ ਵੀ ਨਵੀਆਂ ਕਾਢਾਂ ਦੀ ਰਣਨੀਤੀ ਸੰਗਠਿਤ ਨਿਰਮਾਣ-ਸਾਜ਼ੀ ਨੀਤੀ ਨਾਲੋਂ ਘੁਲੀ-ਮਿਲੀ ਹੋਣੀ ਚਾਹੀਦੀ ਹੈ। ਇਸ ਦੇ ਲਈ ਉਨ੍ਹਾਂ ਰਣਨੀਤੀਆਂ ਨੂੰ ਕ੍ਰਾਂਤੀਕਾਰੀ ਅਲਵਿਦਾ ਆਖਣਾ ਪਵੇਗਾ ਜਿਨ੍ਹਾਂ ਦੀ ਸਾਨੂੰ ਆਦਤ ਪੈ ਚੁੱਕੀ ਹੈ।

## ਨਿਰਮਾਣਸਾਜ਼ੀ ਮੁਕਾਬਲੇਬਾਜ਼ੀ : ਮਤਲਬ ਅਤੇ ਦਾਇਰਾ

ਮੁਕਾਬਲੇ ਵਾਲੇ ਅਰਥਚਾਰੇ ਉਹ ਹਨ ਜਿਨ੍ਹਾਂ ਵਿਚ ਉਤਪਾਦਿਕਤਾ ਵਿਚ ਵਾਧਾ ਕਰਨ ਵਾਲੇ ਕਾਰਕ ਮੌਜੂਦ ਹਨ ਜਿਨ੍ਹਾਂ ਦੇ ਸਿਰ 'ਤੇ ਵਰਤਮਾਨ ਤੇ ਭਵਿੱਖੀ ਖ਼ੁਸ਼ਹਾਲੀ ਦੀ ਉਸਾਰੀ ਕੀਤੀ ਜਾਣੀ ਹੈ। ਇਕ ਮੁਕਾਬਲੇਬਾਜ਼ੀ ਸਹਾਇਤਾ ਕਰਨ ਵਾਲਾ ਆਰਥਿਕ ਵਾਤਾਵਰਨ ਰਾਸ਼ਟਰੀ ਅਰਥਵਿਵਸਥਾਵਾਂ ਨੂੰ ਵਪਾਰਕ ਮੰਦੀਆਂ ਝੱਲਣ ਵਿਚ ਸਹਾਇਤਾ ਕਰ ਸਕਦਾ ਹੈ ਅਤੇ ਨਿਸ਼ਚਿਤ ਕਰ ਸਕਦਾ ਹੈ ਕਿ ਭਵਿੱਖ ਵਿਚ ਲਿਜਾਉਣ ਵਾਲੇ ਠੋਸ ਆਰਥਿਕ ਕਾਰਗੁਜ਼ਾਰੀ ਦੇ ਤੰਤਰ ਆਪਣੀ ਥਾਂ ਸਥਾਪਤ ਹੋ ਚੁੱਕੇ ਹਨ।

ਵਿਸ਼ਵ ਆਰਥਿਕ ਫੋਰਮ (ਡਬਲਯੂ ਈ ਐੱਫ) ਮੁਕਾਬਲੇਬਾਜ਼ੀ ਬਾਰੇ ਵਿਆਖਿਆ ਕਰਦਿਆਂ ਇਸ ਨੂੰ ਸੰਸਥਾਨਾਂ, ਨੀਤੀਆਂ ਅਤੇ ਕਾਰਕਾਂ ਦਾ ਇਕ ਸਮੂਹ ਆਖਦੀ ਹੈ *ਜੋ ਕਿਸੇ ਦੇਸ਼ ਦੇ ਉਤਪਾਦਿਕਤਾ ਦੇ ਪੱਧਰ ਨੂੰ ਨਿਰਧਾਰਤ ਕਰਦੇ ਹਨ।* ਬਦਲੇ ਵਿਚ ਉਤਪਾਦਿਕਤਾ ਦਾ ਪੱਧਰ ਖ਼ੁਸ਼ਹਾਲੀ ਦਾ ਸਥਾਈ ਪੱਧਰ ਨਿਸ਼ਚਤ ਕਰਦਾ ਹੈ ਜੋ ਕਿਸੇ ਆਰਥਿਕਤਾ ਦੁਆਰਾ ਕਮਾਇਆ ਜਾ ਸਕਦਾ ਹੈ। ਦੂਜੇ ਸ਼ਬਦਾਂ ਵਿਚ, ਜ਼ਿਆਦਾ ਮੁਕਾਬਲੇ ਵਾਲੀਆਂ ਅਰਥਵਿਵਸਥਾਵਾਂ ਆਪਣੇ ਨਾਗਰਿਕਾਂ ਲਈ ਆਮਦਨ ਦਾ ਉੱਚਾ ਪੱਧਰ ਪੈਦਾ ਕਰਨ ਦੇ ਸਮਰੱਥ ਨਜ਼ਰ ਆਉਂਦੀਆਂ ਹਨ।

## ਉੱਦਮ ਦਾ ਆਕਾਰ ਤੇ ਮੁਕਾਬਲੇਬਾਜ਼ੀ

ਹੁਣ ਤਕ ਮੁੱਖਧਾਰਾ ਦੇ ਸੰਵਾਦਾਂ ਵਿਚ ਉੱਚ ਤਕਨਾਲੋਜੀ ਵਾਲੇ ਵਪਾਰਕ ਅਤੇ ਵੱਡੇ ਉੱਦਮਾਂ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ। ਕੁਦਰਤੀ ਤੌਰ ਤੇ, ਨਿਰਮਾਣਸਾਜ਼ੀ ਬਾਰੇ ਅਕਾਦਮਿਕ ਸੰਵਾਦ ਨੇ ਵਿਆਪਕ ਤੌਰ ਤੇ ਇਕ ਪ੍ਰਭੂਸੱਤਾ ਪੈਦਾ ਕਰ ਦਿਤੀ ਹੈ ਜਿਸ ਵਿਚ ਛੋਟੇ ਅਤੇ ਦਰਮਿਆਨੇ ਦਰਜੇ ਦੇ ਉਦਯੋਗਾਂ ਦੀ ਭੂਮਿਕਾ ਨੂੰ ਗੁੱਠੇ ਲਾ ਦਿਤਾ ਗਿਆ। ਇਹ ਉੱਭਰਦੇ ਹੋਏ ਅਰਥਚਾਰਿਆਂ ਦਾ ਕੇਂਦਰੀ ਭੂਮਿਕਾ ਵਿਚ ਆਉਣਾ ਹੀ ਹੈ ਜਿਸ ਨੇ ਐੱਮ ਐੱਸ ਐੱਮ ਈਜ਼ ਵੱਲ ਧਿਆਨ ਆਕਰਸ਼ਿਤ ਕਰਵਾਇਆ ਹੈ।

ਅੰਤਰਰਾਸ਼ਟਰੀ ਅੰਕੜਿਆਂ ਮੁਤਾਬਕ 50

ਪ੍ਰਤਿਸ਼ਤ ਤੋਂ ਵੱਧ ਛੋਟੇ ਵਪਾਰ ਪਹਿਲੇ ਸਾਲ ਅਤੇ 95 ਪ੍ਰਤਿਸ਼ਤ ਪਹਿਲੇ ਪੰਜ ਸਾਲਾਂ ਦੌਰਾਨ ਅਸਫਲ ਹੋ ਜਾਂਦੇ ਹਨ। ਵਪਾਰ ਅਸਫਲ ਹੋਣ ਦੇ ਆਮ ਕਾਰਨਾਂ ਜਿਵੇਂ ਨਾ-ਤਜਰਬੇਕਾਰ ਉੱਦਮੀ, ਮਾੜਾ ਸਥਾਨ ਅਤੇ ਵਿਕਾਸ ਲਈ ਪੂੰਜੀ ਦੀ ਕਮੀ ਸਮੇਤ, ਵਪਾਰ ਵਿਚ ਅਸਫਲਤਾ ਦਾ ਇਕ ਹੋਰ ਅਣਗੌਲਿਆ ਕਾਰਨ ਢਿੱਲਾਪਨ/ਅਣਗਹਿਲੀ ਹੈ। ਅਕਸਰ ਹੀ, ਵਪਾਰ ਥੋੜ੍ਹੀ ਬਹੁਤੀ ਸਫਲਤਾ ਤੋਂ ਬਾਅਦ ਵਡਿਆਈ 'ਤੇ ਟਿਕੇ ਰਹਿੰਦੇ ਹਨ ਜਿਸ ਨਾਲ ਉਤਪਾਦਿਕਤਾ ਵਿਚ ਵਾਧਾ ਤੇ ਮੁਕਾਬਲੇ-ਬਾਜ਼ੀ ਵਿਚ ਵਾਧਾ ਨਹੀਂ ਹੁੰਦਾ। ਸਿੱਟੇ ਵਜੋਂ, ਵਿਕਰੀ ਵਿਚ ਕਮੀ ਆਉਣੀ ਸ਼ੁਰੂ ਹੋ ਜਾਂਦੀ ਹੈ। ਇਸ ਕਰਕੇ, ਜ਼ਰੂਰੀ ਹੈ ਕਿ ਉਦਯੋਗ ਦੀ ਉਤਪਾਦਿਕਤਾ ਅਤੇ ਗੁਣਵੱਤਾ ਵਧਾਉਣ ਲਈ ਸੰਜੀਦਾ ਯੋਗਦਾਨ ਪਾਇਆ ਜਾਵੇ।

**ਆਧੁਨਿਕ ਦੁਨੀਆਂ ਵਿਚ ਨਿਰਮਾਣਸਾਜ਼ੀ ਮੁਕਾਬਲੇਬਾਜ਼ੀ ਨੂੰ ਵਿਸ਼ਵੀਕਰਨ ਦੀ ਪ੍ਰਕਿਰਿਆ ਅਤੇ ਆਰਥਿਕ ਉਦਾਰੀਕਰਨ ਦੇ ਸੰਦਰਭ ਵਿਚ, ਚਰਚਾ ਕੀਤੇ ਜਾਣ ਦੀ ਲੋੜ ਹੈ। 'ਲਚਕਦਾਰ ਵਿਸ਼ੇਸ਼ਤਾ' ਦੇ ਯੁਗ ਦੀ ਸ਼ੁਰੂਆਤ ਹੋਣ ਨਾਲ ਨਿਰਮਾਣਸਾਜ਼ੀ ਮੁਕਾਬਲੇਬਾਜ਼ੀ ਨੇ ਇਕ ਨਵਾਂ ਆਯਾਤ ਹਾਸਲ ਕੀਤਾ ਹੈ। ਨਿਰਮਾਣਸਾਜ਼ੀ ਹੋਰ ਜ਼ਿਆਦਾ 'ਸਥਾਨ ਨਿਰਪੱਖ' ਹੋ ਗਿਆ ਹੈ ਜਿਸ ਦੇ ਹਾਂ ਅਤੇ ਨਾਂਹ ਪੱਖੀ ਦੋਵੇਂ ਪ੍ਰਭਾਵ ਹਨ। ਵੱਖ-ਵੱਖ ਸਥਾਨਾਂ 'ਤੇ ਹੋਣ ਵਾਲੀਆਂ ਨਿਰਮਾਣਸਾਜ਼ੀ ਦੀਆਂ ਵੱਖ-ਵੱਖ ਪ੍ਰਕਿਰਿਆਵਾਂ ਲਾਗਤ ਨਾਲ ਸੰਬੰਧਿਤ ਸਥਾਨਕ ਫ਼ਾਇਦਿਆਂ ਦਾ ਲਾਭ ਲੈਣ ਲਈ ਬੇਅੰਤ ਮੌਕੇ ਪੇਸ਼ ਕਰਦੀਆਂ ਹਨ। ਇਸ ਕਰਕੇ, ਬਾਜ਼ਾਰ ਦੀ ਸੀਮਾ ਅਤੇ ਸਥਿਤੀ ਤੇ ਸੰਚਾਲਨ ਦਾ ਪੈਮਾਨਾ ਨਿਰਮਾਣਸਾਜ਼ੀ ਮੁਕਾਬਲੇਜ਼ੀ ਦੀ ਤਾਂਘ ਨੂੰ ਦਿਸ਼ਾ ਦੇਣ ਲਈ ਬਹੁਤ ਅਹਿਮ ਹਨ।**

ਨਿਰਮਾਣਸਾਜ਼ੀ ਮੁਕਾਬਲੇਬਾਜ਼ੀ ਹਾਸਲ ਕਰਨ ਲਈ ਲਗਾਤਾਰ ਖੋਜ ਦਾ ਹੋਣਾ ਬਹੁਤ ਜ਼ਰੂਰੀ ਹੈ। ਪਰ, ਨਵੀਂ ਕਾਢ ਵੱਲ ਤੁਰਦਿਆਂ ਇਹ ਵੀ ਜ਼ਰੂਰੀ ਹੈ ਕਿ ਕੋਈ ਫਰਮ ਖੁੱਲ੍ਹੇ ਬਾਜ਼ਾਰ ਦੀ ਭਾਲ ਵਿਚ ਹੈ? ਜਾਂ ਇਹ ਥੋੜ੍ਹ ਚਿਰੇ ਨਿਸ਼ਾਨੇ ਜਿਵੇਂ ਕਿ ਰੁਜ਼ਗਾਰ ਮੌਕਿਆਂ ਦੀ ਸੁਰੱਖਿਆ ਵਿਚ ਜ਼ਿਆਦਾ ਦਿਲਚਸਪੀ ਦਿਖਾ ਰਹੀ ਹੈ? ਨਿਰਮਾਣਸਾਜ਼ੀ ਮੁਕਾਬਲੇਬਾਜ਼ੀ ਬਾਰੇ ਹੋਣ ਵਾਲੀਆਂ ਚਰਚਾਵਾਂ ਵਿਚ ਇਨ੍ਹਾਂ ਸਵਾਲਾਂ ਦੇ ਜਵਾਬ ਅਹਿਮ ਹਨ। ਵਿਸ਼ਵੀ ਮੁਕਾਬਲੇਬਾਜ਼ੀ ਆਪਣੇ ਨਾਲ ਵਿਸ਼ਾਲ ਬਾਜ਼ਾਰ ਪਹੁੰਚ, ਤਕਨਾਲੋਜੀਕਲ ਨਵੀਆਂ ਕਾਢਾਂ ਅਤੇ ਹੁਨਰ ਵਿਚ ਸੁਧਾਰ ਲੈ ਕੇ ਆਉਂਦੀ ਹੈ।

## ਨਿਰਮਾਣਸਾਜ਼ੀ ਮੁਕਾਬਲੇਬਾਜ਼ੀ ਨਾਲ ਸੰਬੰਧਿਤ ਮੁੱਦੇ

ਐੱਮ ਐੱਸ ਐੱਮ ਈਜ਼ ਨਾ ਸਿਰਫ਼ ਭਾਰਤ ਸਗੋਂ ਵਿਕਸਤ ਦੇਸ਼ਾਂ ਵਿਚ ਵੀ ਨਿਰਮਾਣਸਾਜ਼ੀ ਖੇਤਰ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ। ਇਸ ਕਰਕੇ ਐੱਮ ਐੱਸ ਐੱਮ ਈਜ਼ ਦੀ ਮੁਕਾਬਲੇਬਾਜ਼ੀ ਯਕੀਨੀ ਬਣਾਉਣਾ ਮਹੱਤਵਪੂਰਨ ਹੈ ਕਿਉਂਕਿ ਇਸ ਨਾਲ ਨਿਰਮਾਣਸਾਜ਼ੀ ਖੇਤਰ ਦਾ ਸਮੂਹਿਕ ਵਿਕਾਸ ਅਤੇ ਰਾਸ਼ਟਰੀ ਆਰਥਿਕਤਾ ਦਾ ਵਿਕਾਸ ਕਰਨ ਵਿਚ ਸਹਾਇਤਾ ਮਿਲੇਗੀ। 'ਸਮੂਹਿਕ ਕਾਰਜਕੁਸ਼ਲਤਾ' ਦੇ ਮਾਡਲ ਵਿਚ ਤਜਰਬਿਆਂ ਦਾ ਇਕ ਦਹਾਕਾ ਇਹ ਦਰਸਾਉਂਦਾ ਹੈ ਜਦ ਕਿ ਇਨ੍ਹਾਂ ਮਾਡਲਾਂ ਨੇ ਫਰਮਾਂ ਦੀ ਕੁੱਲ ਉਤਪਾਦਿਕਤਾ ਵਾਧੇ ਵਿਚ ਯੋਗਦਾਨ ਪਾਇਆ ਹੈ, ਦੇਸ਼ ਦੀਆਂ ਨਿਰਮਾਣਸਾਜ਼ੀ ਸਮਰਥਾਵਾਂ ਨੂੰ ਢਾਹ ਲੱਗੀ ਹੈ। ਇਸ ਸੰਦਰਭ ਵਿਚ ਹੀ ਐੱਨ ਐੱਮ ਸੀ ਪੀ ਨੂੰ ਜਾਰੀ ਕੀਤਾ ਗਿਆ ਹੈ।

ਉਹ ਐੱਸ ਐੱਮ ਈਜ਼ ਜਿਹੜੇ ਇਕਹਿਰੇ ਆਧਾਰ 'ਤੇ ਵਸਤਾਂ ਦਾ ਨਿਰਮਾਣ ਕਰਦੇ ਹਨ, ਨੂੰ ਮੁਕਾਬਲੇਬਾਜ਼ੀ ਵਾਲੀ ਦੁਨੀਆਂ ਵਿਚ ਆਪਣੇ ਸਥਾਨ ਦੀ ਸਮੀਖਿਆ ਕਰਨ ਦੀ ਲੋੜ ਹੈ ਅਤੇ ਉਸੇ ਮੁਤਾਬਕ ਹੀ ਕੰਪਨੀ ਨੂੰ ਮੁੜ-ਗਠਿਤ ਕਰਨ ਲਈ ਕਦਮ ਚੁੱਕਣੇ ਹੋਣਗੇ। ਅਜਿਹੀਆਂ ਇਕਾਈਆਂ ਨਾਲ ਸੰਬੰਧਿਤ ਮੁੱਦਿਆਂ ਨੂੰ ਵਿਸ਼ਵੀਕ੍ਰਿਤ ਹੋ ਰਹੀ ਦੁਨੀਆਂ ਵਿਚ ਸੁਲਝਾਉਣਾ ਬਹੁਤ ਔਖਾ ਕੰਮ ਹੈ। ਉਨ੍ਹਾਂ ਨੂੰ ਮੁਕਾਬਲੇਬਾਜ਼ ਹੋਣ ਲਈ ਆਪਣੇ ਆਪ ਦੀ ਮੁੜ ਖੋਜ ਅਤੇ ਮੁੜ ਗਠਨ ਕਰਨਾ ਹੋਵੇਗਾ ਅਤੇ ਇਸ ਨੂੰ ਅਸਲ ਵਿਚ ਲਿਆਉਣ ਲਈ ਪੇਸ਼ਕਦਮੀ ਕਰਨੀ ਪਵੇਗੀ। ਐੱਸ ਐੱਮ ਈਜ਼ ਖੋਜ ਦੀ ਇਕ ਲੜੀ ਨੂੰ ਹੁਲਾਰਾ ਦੇ ਸਕਦੇ ਹਨ। ਉਹ ਖੋਜ ਅਤੇ ਤਕਨੀਕੀ ਵਿਕਾਸ ਲਈ ਪੈਦਾ ਹੋਣ ਦੀ ਥਾਂ ਹਨ ਜੋ ਵੱਡੀਆਂ ਕੰਪਨੀਆਂ ਲਈ ਤਕਨਾਲੋਜੀ ਸਰੋਤ ਬਣ ਸਕਦੇ ਹਨ। ਇਸ ਕਰਕੇ, ਇਨ੍ਹਾਂ ਉੱਦਮਾਂ ਨੂੰ ਤਕਨਾਲੋਜੀ ਵਿਕਾਸ ਅਤੇ ਮੁਕਾਬਲੇਬਾਜ਼ੀ ਵਧਾਉਣ ਲਈ ਪ੍ਰਸਤਾਵਿਤ ਕੀਤੇ ਜਾਣ ਦੀ ਲੋੜ ਹੈ। ਇੰਸਟੀਚਿਊਟ ਆਫ਼ ਸਮਾਲ ਐਂਟਰਪ੍ਰਾਈਸਿਜ਼ ਐਂਡ ਡਿਵੈਲਪਮੈਂਟ (ਆਈ ਐੱਸ ਈ ਡੀ) ਵਿਚ ਕੀਤੀਆਂ ਖੋਜਾਂ ਨੇ ਦਰਸਾਇਆ ਹੈ ਕਿ ਸੰਬੰਧਿਤ ਮੰਤਰਾਲਿਆਂ ਵਲੋਂ ਜਨਤਕ ਪ੍ਰੋਗਰਾਮਾਂ ਅਤੇ ਸਕੀਮਾਂ ਦੀ ਲੜੀ ਸ਼ੁਰੂ ਕੀਤੇ ਜਾਣ ਦੇ ਬਾਵਜੂਦ, ਉਨ੍ਹਾਂ ਵਿਚੋਂ ਕੋਈ ਵੀ ਇਨ੍ਹਾਂ ਮੁੱਦਿਆਂ ਨੂੰ ਹੱਲ ਕਰਨ ਦੇ ਕਾਬਲ ਨਹੀਂ। ਇਥੇ ਹੀ ਇਨਕਲਾਬੀ ਬਦਲਾਵਾਂ ਦੀ ਲੋੜ ਉਪਜਦੀ ਹੈ।

ਤਕਨਾਲੋਜੀ, ਪ੍ਰਬੰਧਨ ਅਤੇ ਨਮੂਨੇ ਦਾ ਸੰਪੂਰਨ ਸੁਮੇਲ ਮੁਕਾਬਲੇਬਾਜ਼ੀ ਵਿਚ ਵਾਧੇ ਲਈ ਨਿਹਾਇਤ ਜ਼ਰੂਰੀ ਹੋਵੇਗਾ ਪਰ, ਐੱਮ ਐੱਸ ਐੱਮ ਈਜ਼ ਵਿਚ ਇਹ ਹਮੇਸ਼ਾ ਸੰਭਵ ਨਹੀਂ ਹੋਵੇਗਾ ਅਤੇ ਜੋ ਫਿਰ ਡਿਜ਼ਾਈਨ ਕਰਨ ਵਾਲੇ ਦੀ ਭੂਮਿਕਾ ਹੋਵੇਗੀ, ਜਿਥੇ ਉਨ੍ਹਾਂ ਨੂੰ ਬਾਹਰੀ ਹੁਨਰ ਦੀ ਜ਼ਰੂਰਤ ਪਵੇਗੀ 'ਸੋਚ ਤੋਂ ਬਾਜ਼ਾਰ' ਤਕ ਦੇ ਸਮੇਂ ਨੂੰ ਅਤੇ ਇਸ ਦੇ ਖ਼ਤਰਿਆਂ ਨੂੰ ਘੱਟ ਕਰਨਾ ਅੱਜ ਦੇ ਬਾਜ਼ਾਰ ਵਿਚ ਮੁਕਾਬਲੇ 'ਤੇ ਆਉਣ ਲਈ ਬਹੁਤ ਅਹਿਮ ਹੋ ਗਿਆ ਹੈ। ਇਸ ਲਈ ਸਲਾਹਕਾਰ/ ਡਿਜ਼ਾਈਨ ਕਰਨ ਵਾਲੇ ਵਲੋਂ ਯੋਜਨਾਬਧ ਅਤੇ ਵਿਧੀਵਤ ਪਹੁੰਚ ਅਪਣਾਏ ਜਾਣ ਦੀ ਲੋੜ ਪਵੇਗੀ। ਇਸ ਨੂੰ ਪ੍ਰਭਾਵੀ ਢੰਗ ਨਾਲ ਐੱਸ ਐੱਮ ਈਜ਼ ਤਕ ਪਹੁੰਚਾਉਣ ਅਤੇ ਪ੍ਰਥਾ ਵਿਚ ਬਦਲਣ ਦੀ ਲੋੜ ਹੈ।

## ਤਕਨਾਲੋਜੀ ਤੇ ਨਵੀਂ ਕਾਢ ਵਿਚ ਵਾਧਾ

ਨਵੀਂ ਦਹਿਸਦੀ ਵਿਚ ਉੱਦਮ ਨੂੰ ਵਿਕਸਤ ਕਰਨ ਦੀਆਂ ਮੁੱਖ ਤੌਰ ਤੇ ਦੋ ਉਦਾਹਰਣਾਂ ਹਨ। ਵਿਕਾਸਸ਼ੀਲ ਦੇਸ਼ਾਂ ਵਿਚ ਪ੍ਰਚਲਤ ਮਿਸਾਲ ਉੱਨਤੀ ਅਤੇ ਵਿਕਾਸ ਦੇ ਖੇਤਰਾਂ ਵਿਚ ਸਰਕਾਰ ਦੀ ਅਹਿਮ ਭੂਮਿਕਾ ਹੈ। ਪਰ, ਸਭ ਤੋਂ ਜ਼ਿਆਦਾ ਵਿਕਸਤ ਦੇਸ਼ਾਂ ਦੇ ਸੰਦਰਭ ਵਿਚ ਧਿਆਨ ਦਾ ਕੇਂਦਰ ਬਿੰਦੂ ਨਵੀਂ ਕਾਢ ਹੈ।

ਖੋਜ ਤੇ ਵਿਕਾਸ ਖਰਚ ਨੂੰ ਕੁੱਲ ਘਰੇਲੂ ਉਤਪਾਦ ਦੇ ਪ੍ਰਤਿਸ਼ਤ ਵਜੋਂ ਵੀ ਅਕਸਰ ਖੋਜ ਦੀ ਹਾਲਾਤ ਦੇ ਸੂਚਕ ਵਜੋਂ ਵਰਤਿਆ ਜਾਂਦਾ ਹੈ। ਭਾਰਤ ਦੇ ਸੰਦਰਭ ਵਿਚ ਹਾਲਾਤ 'ਤੇ ਵਿਆਪਕ ਚਰਚਾ ਹੋਈ ਹੈ। ਅਜਿਹੀਆਂ ਦਲੀਲਾਂ ਹਨ ਜੋ ਇਸ਼ਾਰਾ ਕਰਦੀਆਂ ਹਨ ਕਿ ਭਾਰਤ ਦੀ ਵਿਗਿਆਨ ਤੇ ਤਕਨਾਲੋਜੀ ਸਮਰੱਥਾ ਸਮੇਂ ਦੇ ਨਾਲ ਵਿਕਸਤ

ਹੋਈ ਹੈ। ਪਰ ਇਹ ਕੁੱਲ ਅੰਕੜੇ ਸਾਨੂੰ ਪੂਰੀ ਤਸਵੀਰ ਨਹੀਂ ਦਿਖਾਉਂਦੇ। ਜਦੋਂ ਨਵੀਂ ਕਾਢ ਅਤੇ ਖੋਜ ਤੇ ਵਿਕਾਸ 'ਤੇ ਖਰਚ ਦੀ ਗੱਲ ਕਰੀਏ ਤਾਂ ਭਾਰਤ ਹਾਲੇ ਵੀ ਟੀਚੇ ਤੋਂ ਬਹੁਤ ਪਰ੍ਹਾਂ ਨਜ਼ਰ ਆਉਂਦਾ ਹੈ। ਸਿਰਫ਼ ਚਾਰ ਭਾਰਤੀ ਕੰਪਨੀਆਂ ਦੁਨੀਆਂ ਦੀਆਂ ਸਰਵੋਚ ਵਪਾਰਕ ਕੰਪਨੀਆਂ ਵਿਚ ਸ਼ੁਮਾਰ ਹਨ ਜੋ ਖੋਜ ਅਤੇ ਵਿਕਾਸ ਖਰਚੇ ਵਿਚ ਮੋਹਰੀ ਹਨ। ਜਦ ਕਿ ਕੁੱਲ ਮਿਲਾ ਕੇ ਹਾਲਾਤ ਉੱਪਰ ਦੱਸਣ ਜਿਹੇ ਹਨ, ਐੱਸ ਐੱਮ ਈਜ਼ ਨਾਲ ਸੰਬੰਧਿਤ ਹਾਲਾਤ ਕਿਤੇ ਵੱਧ ਹੌਸਲਾ ਦੇਣ ਵਾਲੇ ਹਨ। ਜਦ ਕਿ ਐੱਸ ਐੱਮ ਈ ਖੇਤਰ ਦੀ ਵਿਸ਼ੇਸ਼ਤਾ ਇਸ ਦੇ ਉਤਪਾਦਾਂ ਦੀ ਵਿਸ਼ਾਲ ਭਿੰਨਤਾ ਹੈ, ਖੋਜ ਤੇ ਵਿਕਾਸ ਦੀ ਹਾਲਤ ਨਿਰਾਸ਼ਾਜਨਕ ਹੱਦ ਤਕ ਘੱਟ ਹੈ। ਇਸ ਨੂੰ ਆਈ ਪੀ ਆਰ ਅਤੇ ਆਈ ਐੱਸ ਈ ਡੀ ਦੀ ਖੋਜ ਵਿਚ ਪ੍ਰਮੁੱਖਤਾ ਨਾਲ ਦਰਸਾਇਆ ਗਿਆ ਹੈ (ਆਈ ਐੱਸ ਈ ਡੀ, 2009)।

ਦੁਨੀਆਂ ਵਿਚ ਰੋਜ਼ਾਨਾ ਨਵੇਂ ਉਤਪਾਦ ਅਤੇ ਪ੍ਰਕਿਰਿਆਵਾਂ ਹੋਂਦ ਵਿਚ ਆ ਰਹੇ ਹਨ ਜੋ ਤਕਨਾਲੋਜੀਕਲ ਕ੍ਰਾਂਤੀ ਦਾ ਨਤੀਜਾ ਹਨ। ਪਰ, ਕੀ ਇਨ੍ਹਾਂ ਪ੍ਰਕਿਰਿਆਵਾਂ ਤੇ ਉਤਪਾਦਾਂ ਨੂੰ ਦੂਜੀਆਂ ਫਰਮਾਂ ਵਲੋਂ ਅਪਣਾਇਆ ਜਾਂਦਾ ਹੈ, ਇਹ ਵੱਡਾ ਸਵਾਲ ਹੈ ਜੋ ਦੂਜੇ ਕੁਝ ਅਹਿਮ ਕਾਰਕਾਂ 'ਤੇ ਨਿਰਭਰ ਕਰਦਾ ਹੈ। ਇਨ੍ਹਾਂ ਅਹਿਮ ਕਾਰਕਾਂ ਨੂੰ ਮੋਟੇ ਤੌਰ ਤੇ 1) ਜ਼ਰੂਰੀ ਕ੍ਰਮਾਂਕ; ਅਤੇ 2) ਖੁੱਲ੍ਹੇ ਕ੍ਰਮਾਂਕ ਵਿਚ ਵੰਡਿਆ ਜਾ ਸਕਦਾ ਹੈ।

## ਹੁਨਰ ਸੁਧਾਰ ਲਈ ਪਹਿਲਕਦਮੀਆਂ

ਕੇਂਦਰ ਅਤੇ ਰਾਜ ਸਰਕਾਰਾਂ ਦਾ ਹਰੇਕ ਮੰਤਰਾਲਾ, ਸਮੇਂ-ਸਮੇਂ ਵੱਖ-ਵੱਖ ਤਰ੍ਹਾਂ ਦੇ ਹੁਨਰ ਸੁਧਾਰ ਪ੍ਰੋਗਰਾਮ ਵਿਚ ਸ਼ਾਮਿਲ ਰਿਹਾ ਹੈ। ਪਰ, ਅਕਸਰ ਇਹ ਪ੍ਰੋਗਰਾਮ ਖੇਤਰ ਜਾਂ ਉਪ-ਖੇਤਰ ਪੱਧਰ 'ਤੇ ਹੁਨਰ ਦੀਆਂ ਲੋੜਾਂ ਦੀ ਖੰਡਿਤ ਸਮਝ 'ਤੇ ਆਧਾਰਿਤ ਹੁੰਦੇ ਹਨ। ਜ਼ਿਆਦਾ ਹੁਨਰਮੰਦ ਮਨੁੱਖੀ ਸਮਰੱਥਾ ਨਾਲ ਆਰਥਿਕਤਾ ਜ਼ਿਆਦਾ ਉਤਪਾਦਕ, ਨਵੀਨਤਮ ਅਤੇ ਮੁਕਾਬਲੇ ਵਾਲੀ ਬਣ ਜਾਂਦੀ ਹੈ। ਕਿਸੇ ਵੀ ਆਰਥਿਕਤਾ ਵਿਚ ਰੁਜ਼ਗਾਰ ਦਾ ਪੱਧਰ, ਇਸ ਦੀ ਬਣਤਰ ਅਤੇ ਰੁਜ਼ਗਾਰ ਮੌਕਿਆਂ ਵਿਚ ਵਾਧਾ ਵਿਕਾਸ ਪ੍ਰਕਿਰਿਆ ਦੇ ਅਹਿਮ ਸੂਚਕ ਹੁੰਦੇ ਹਨ। ਵਿਸ਼ਵੀਕਰਨ ਅਤੇ ਤਕਨੀਕੀ ਬਦਲਾਵਾਂ ਦੀ ਵਧ ਰਹੀ ਗਤੀ ਆਰਥਿਕ ਫੈਲਾਅ ਅਤੇ ਨੌਕਰੀ ਪੈਦਾ ਕਰਨ ਵਾਸਤੇ ਚੁਣੌਤੀਆਂ ਅਤੇ ਮੌਕੇ ਪੈਦਾ ਕਰ ਰਹੇ ਹਨ। ਇਨ੍ਹਾਂ ਮੌਕਿਆਂ ਦਾ ਫ਼ਾਇਦਾ ਉਠਾਉਣ ਅਤੇ ਸਮਾਜਿਕ ਲਾਗਤਾਂ ਅਤੇ ਉਜਾੜੇ ਨੂੰ ਘੱਟ ਤੋਂ ਘੱਟ ਕਰਨ ਲਈ, ਜੋ ਖੁੱਲ੍ਹੀ ਆਰਥਿਕਤਾ ਵੱਲ ਜਾਣ ਵਿਚ ਸ਼ਾਮਿਲ ਹੁੰਦੇ ਹਨ, ਇਕ ਰਾਸ਼ਟਰ ਦੇ ਹੁਨਰ ਦਾ ਪੱਧਰ ਅਤੇ ਗੁਣਵੱਤਾ ਅਹਿਮ ਕਾਰਕ ਬਣਦੇ ਜਾ ਰਹੇ ਹਨ। ਉੱਚ ਅਤੇ ਬੇਹਤਰ ਹੁਨਰ ਵਾਲੇ ਦੇਸ਼ ਵਿਸ਼ਵੀਕਰਨ ਦੀਆਂ ਚੁਣੌਤੀਆਂ ਅਤੇ ਮੌਕਿਆਂ ਨਾਲ ਚੰਗੀ ਤਰ੍ਹਾਂ ਨਜਿੱਠ ਸਕਦੇ ਹਨ।

ਭਾਰਤ ਵਿਚ ਨੌਕਰੀਆਂ ਦੀ ਵਿਸ਼ਾਲ ਸਮੱਸਿਆ ਹੈ – ਹੁਨਰ ਦਾ ਬੇਮੇਲ। ਇਹ ਤਾਂ ਹੀ ਠੀਕ ਹੋਵੇਗਾ ਜੇ ਲੋਕ ਕਿੱਤਾਮੁਖੀ ਸਿਖਲਾਈ ਲੈ ਕੇ ਰੁਜ਼ਗਾਰ ਹਾਸਲ ਕਰਨ। ਡੇਢ ਸਾਲ ਪਹਿਲਾਂ ਜਾਰੀ ਸਕੀਮ ਦਾ ਟੀਚਾ ਭਾਰਤ ਦੀ 93 ਪ੍ਰਤਿਸ਼ਤ ਅਰਧ-ਹੁਨਰਮੰਦ ਅਤੇ ਹੁਨਰਮੰਦ ਅਸੰਗਠਿਤ ਮਜ਼ਦੂਰ ਸ਼ਕਤੀ ਹੈ, ਜਿਸ ਕੋਲ ਥੋੜ੍ਹੀ ਜਾਂ ਬਹੁਤ ਨਿਗੂਣੀ ਸਿਖਲਾਈ ਹੈ। ਇਹ ਦੇਸ਼ ਦੇ ਨਿਮਨ ਹੁਨਰ ਸਿਖਲਾਈ ਸੰਸਥਾਨਾਂ ਵਿਚਲਾ ਵੱਡਾ ਪਾੜਾ ਭਰਨ ਦਾ ਇਰਾਦਾ ਰੱਖਦੀ ਹੈ। 2020 ਤਕ ਦੇਸ਼ ਅੰਦਰ 2.5 ਮਿਲੀਅਨ ਕਿੱਤਾਮੁਖੀ ਸਿਖਲਾਈ ਸੀਟਾਂ ਉਪਲਬਧ ਹੋਣਗੀਆਂ; 12.8 ਮਿਲੀਅਨ ਲੋਕ ਹਰ ਸਾਲ ਮਜ਼ਦੂਰ ਬਾਜ਼ਾਰ ਵਿਚ ਕਦਮ ਰੱਖਦੇ ਹਨ।

ਇਕ ਅੰਦਾਜ਼ੇ ਮੁਤਾਬਿਕ 2020 ਤਕ ਦੁਨੀਆਂ ਨੂੰ 540 ਮਿਲੀਅਨ ਹੁਨਰਮੰਦ ਕਾਮਿਆਂ ਦੀ ਲੋੜ ਪਵੇਗੀ, ਜਿਨ੍ਹਾਂ ਵਿਚ ਉੱਚ ਹੁਨਰਮੰਦ ਅਤੇ ਹੁਨਰਮੰਦ ਜਿਵੇਂ ਕਿ ਡਾਕਟਰ, ਇੰਜੀਨੀਅਰ, ਪ੍ਰਬੰਧਕ ਆਦਿ ਅਤੇ ਅਰਧ-ਹੁਨਰਮੰਦ ਵਿਅਕਤੀ ਵੀ ਸ਼ਾਮਿਲ ਹੋਣਗੇ। ਅਨੁਮਾਨਾਂ ਅਨੁਸਾਰ ਇਨ੍ਹਾਂ 'ਚੋਂ ਲਗਭਗ 50 ਪ੍ਰਤਿਸ਼ਤ ਭਾਰਤ ਤੋਂ ਹੋਣਗੇ। ਦੇਸ਼ ਵਿਚੋਂ ਬਾਹਰ ਪਰਵਾਸ ਦੀ ਮਾਤਰਾ ਨੂੰ ਵੇਖਦਿਆਂ, ਖਦਸ਼ਾ ਹੈ ਕਿ ਦੇਸ਼ ਵਿਚ ਹਰੇਕ ਪੱਧਰ 'ਤੇ ਹੁਨਰ ਦਾ ਪਾੜਾ ਆਵੇਗਾ। ਪਰ ਸਭ ਤੋਂ ਜ਼ਿਆਦਾ ਮਾੜਾ ਅਸਰ ਐੱਮ ਐੱਸ ਐੱਮ ਈ ਖੇਤਰ 'ਤੇ ਪਵੇਗਾ। ਜਦ ਕਿ ਇਕ ਪਾਸੇ, ਬਾਹਰ ਨੂੰ ਪਰਵਾਸ ਕਰਕੇ ਦੇਸ਼ ਵਿਚ ਹੁਨਰ ਦੀ ਆਮ ਘਾਟ ਹੈ, ਆਖ਼ਰ ਨੂੰ ਇਸ ਦਾ ਅਸਰ ਐੱਮ ਐੱਸ ਐੱਮ ਈਜ਼ 'ਤੇ ਹੀ ਆਵੇਗਾ ਕਿਉਂਕਿ ਐੱਮ ਐੱਸ ਐੱਮ ਈ ਖੇਤਰ ਅਤੇ ਭਵਿੱਖ ਵਿਚ ਇਸ ਅੰਦਰ ਸ਼ਾਮਿਲ ਹੋਣ ਵਾਲੇ, ਦੋਨੋਂ ਹੀ ਇਸ ਤੋਂ ਪਰ੍ਹੇ ਖਿੱਚੇ ਜਾਣਗੇ। ਨਾਲ ਹੀ, ਇਸ ਨਾਲ ਐੱਮ ਐੱਸ ਐੱਮ ਈ ਖੇਤਰ ਵਿਚ ਉਜਰਤਾਂ ਦੀ ਦਰ ਵਿਚ ਵਾਧਾ ਵੀ ਹੋਵੇਗਾ, ਜਿਸ ਨਾਲ ਬਹੁਤ ਸਾਰੀਆਂ ਇਕਾਈਆਂ ਲਈ ਕੰਮ ਕਰਨਾ ਗ਼ੈਰ-ਲਾਭਕਾਰੀ ਹੋਵੇਗਾ। ਇਸ ਕਰਕੇ ਇਹ ਜ਼ਰੂਰੀ ਹੈ ਕਿ ਹੁਨਰ ਪਾੜੇ ਦੇ ਮੁੱਦੇ ਦੇ ਹੱਲ ਲਈ ਐੱਮ ਐੱਸ ਐੱਮ ਈਜ਼ ਨੂੰ ਇਕ ਸਥਾਈ ਮੰਚ ਪ੍ਰਦਾਨ ਕੀਤਾ ਜਾਵੇ। ਹੁਨਰ ਦੇ ਵਿਕਾਸ ਲਈ ਸੰਗਠਿਤ ਪਹੁੰਚ ਇਕ ਸ਼ਾਨਦਾਰ ਵਿਦਾਈ ਹੈ, ਜਿਵੇਂ ਕਿ ਪ੍ਰਧਾਨ ਮੰਤਰੀ ਵਲੋਂ ਆਜ਼ਾਦੀ ਦਿਵਸ ਭਾਸ਼ਨ ਅਤੇ 2014 ਦੇ ਕੇਂਦਰੀ ਬਜਟ ਵਿਚ ਵੀ ਜ਼ਿਕਰ ਕੀਤਾ ਗਿਆ ਸੀ ਜਿਸ ਤਹਿਤ ਨੈਸ਼ਨਲ ਮਲਟੀ-ਸਕਿਲਿੰਗ ਪ੍ਰੋਗਰਾਮ 'ਸਕਿਲ ਇੰਡੀਆ' ਨੂੰ ਸ਼ੁਰੂ ਕੀਤਾ ਗਿਆ ਹੈ। ਇਸ ਪ੍ਰੋਗਰਾਮ ਦਾ ਟੀਚਾ ਰੁਜ਼ਗਾਰ ਸਮਰੱਥਾ ਅਤੇ ਪ੍ਰਾਪਤੀ ਦੀ ਪ੍ਰੇਰਨਾ 'ਤੇ ਜ਼ੋਰ ਦੇ ਕੇ ਨੌਜਵਾਨਾਂ ਨੂੰ ਹੁਨਰਮੰਦ ਕਰਨਾ ਹੈ। ਇਹ ਰਵਾਇਤੀ ਕਿੱਤਿਆਂ ਜਿਵੇਂ ਵੈਲਡਿੰਗ, ਤਰਖਾਣ, ਮੋਚੀ, ਰਾਜ ਮਿਸਤਰੀ, ਲੁਹਾਰ, ਜੁਲਾਹੇ ਆਦਿ ਲਈ ਸਿੱਖਿਆ ਅਤੇ ਮਦਦ ਵੀ ਮੁਹੱਈਆ ਕਰਵਾਏਗਾ। ਇਸ ਉਦੇਸ਼ ਨੂੰ ਹਾਸਲ ਕਰਨ ਲਈ ਵੱਖ-ਵੱਖ ਸਕੀਮਾਂ ਦਾ ਸੁਮੇਲ ਕਰਨ ਦਾ ਵੀ ਪ੍ਰਸਤਾਵ ਹੈ। 'ਸਕਿਲ ਇੰਡੀਆ' ਜਨਤਕ ਨੀਤੀ ਦੁਆਰਾ ਮਜ਼ਦੂਰ ਬਾਜ਼ਾਰ ਵਿਚ ਜਨਤਕ ਨੀਤੀ ਦਾ ਮੁੱਖ ਕੰਮ ਮੌਕੇ ਯਕੀਨੀ ਬਣਾਉਣਾ ਹੈ। ਜਦ ਕਿ ਵਿਕਸਤ ਹੋ ਰਹੀ ਆਰਥਿਕਤਾ ਅੰਦਰ ਮੌਕਿਆਂ ਦੀ ਭਰਮਾਰ ਹੈ, ਜਨਤਕ ਨੀਤੀ ਦੀ ਮੁੱਖ ਭੂਮਿਕਾ ਸਮਰਥਾਵਾਂ ਨੂੰ ਸਹੂਲਤ ਦੇਣ ਦੀ ਹੈ। ਅਜਿਹੀਆਂ ਸਮਰਥਾਵਾਂ ਮਾਡੂਲਰ ਅਤੇ ਪ੍ਰੇਰਣਾਦਾਇਕ ਹੁਨਰ ਦੇ ਸੁਮੇਲ ਤੋਂ ਪੈਦਾ ਹੁੰਦੀਆਂ ਹਨ ਜੋ ਪ੍ਰਸਤਾਵਿਤ ਪ੍ਰੋਗਰਾਮ ਯਕੀਨੀ ਬਣਾਉਣਾ ਚਾਹੁੰਦੀਆਂ ਹਨ। ਇਸੇ ਤਰ੍ਹਾਂ, ਇਹ ਪ੍ਰੋਗਰਾਮ ਜਨਤਕ ਖੇਤਰ ਦੇ ਵਿਕਾਸ ਲਈ ਨੀਤੀ ਪੱਖਾਂ ਤੋਂ ਅਹਿਮ ਮਿਸਾਲੀ ਬਦਲਾਅ 'ਤੇ ਜ਼ੋਰ ਦਿੰਦਾ ਹੈ।

2015 ਦੇ ਕੇਂਦਰੀ ਬਜਟ ਵਿਚ ਇਸ ਖੇਤਰ ਅੰਦਰ ਤੇਜ਼ ਰਫ਼ਤਾਰ ਪਹਿਲਕਦਮੀਆਂ ਦਾ ਪ੍ਰਸਤਾਵ ਰੱਖਿਆ ਗਿਆ ਹੈ। ਇਸ ਬਜਟ ਅੰਦਰ ਹੁਨਰ ਦੇ ਵਿਕਾਸ ਦਾ ਸਭ ਤੋਂ ਵੱਡਾ ਪ੍ਰਭਾਵ ਸਿੱਖਿਆ ਖੇਤਰ 'ਤੇ ਪਵੇਗਾ। ਇਸ ਨਾਲ ਬਿਲਕੁਲ ਹੇਠਲੇ ਪੱਧਰ 'ਤੇ ਨੌਕਰੀਆਂ ਪੈਦਾ ਹੋਣ ਦੀ ਆਸ ਕੀਤੀ ਜਾਂਦੀ ਹੈ। ਬਜਟ ਵਿਚ ਬੁਨਿਆਦੀ ਢਾਂਚਾ, ਊਰਜਾ, ਨਿਰਮਾਣ, ਸਵੱਛ ਭਾਰਤ, ਗੰਗਾ ਸਫ਼ਾਈ ਅਤੇ ਡਿਜ਼ੀਟਲ ਭਾਰਤ

ਵਰਗੇ ਖੇਤਰਾਂ ਅੰਦਰ ਭਾਰੀ ਨਿਵੇਸ਼ ਕਰਨ ਦਾ ਪ੍ਰਸਤਾਵ ਹੈ। ਇਸ ਦਾ ਮਤਲਬ ਹੈ ਸੱਨਅਤੀ ਅਤੇ ਕੰਮ ਲਈ ਤਿਆਰ ਮਜ਼ਦੂਰ ਸ਼ਕਤੀ ਨੂੰ ਹੁਨਰ ਆਧਾਰਿਤ ਸਿਖਲਾਈ। 'ਸਕਿਲ ਇੰਡੀਆ' ਅਤੇ 'ਨੈਸ਼ਨਲ ਸਕਿਲ ਮਿਸ਼ਨ' ਤਹਿਤ 31 ਖੇਤਰਾਂ 'ਚ ਹੁਨਰ ਦੀ ਮਜ਼ਬੂਤੀ ਕਰਨ ਦਾ ਪ੍ਰਸਤਾਵ ਹੈ।

ਕਿਸੇ ਫਰਮ ਦੀ ਵਸਤੂਕਲਾ ਸੰਬੰਧਿਤ ਮੁੜ-ਰਚਨਾ ਲਈ ਜ਼ਰੂਰੀ ਹੈ ਕਿ ਪ੍ਰਬੰਧਨ ਅਤੇ ਸੰਗਠਨਾਤਮਕ ਢਾਂਚਿਆਂ ਵਿਚ ਵੀ ਬਦਲਾਅ ਕੀਤਾ ਜਾਵੇ, ਨਾਲ ਹੀ ਗਿਆਨ ਤਬਦੀਲ ਕਰਨ ਅਤੇ ਏਕੀਕਰਨ ਦੇ ਨਵੇਂ ਤੰਤਰ ਅਤੇ ਨਵੀਨੀਕਰਨ ਅਤੇ ਆਈ ਪੀ ਆਰਜ਼ ਪੱਖੀ ਨੀਤੀ ਵਾਤਾਵਰਨ ਸਿਰਜਿਆ ਜਾਵੇ। ਇਹ ਜ਼ਰੂਰੀ ਹੈ ਕਿ ਭਾਰਤ ਵਿਚ ਜਾਣਕਾਰੀ ਆਧਾਰਿਤ ਉਦਯੋਗ ਖੋਜ ਸੰਸਥਾਨਾਂ, ਵਿਸ਼ਵ ਵਿਦਿਆਲਿਆਂ ਅਤੇ ਦੂਜੇ ਸਹਿਯੋਗੀਆਂ ਨਾਲ ਸਾਂਝ ਪਾ ਕੇ, ਨਵੀਨਤਾ ਅਤੇ ਖੋਜ ਤੇ ਵਿਕਾਸ ਦਾ ਨੈੱਟਵਰਕ ਮਾਡਲ ਅਪਣਾਉਣ ਦੀਆਂ ਵੱਧ ਤੋਂ ਵੱਧ ਕੋਸ਼ਿਸ਼ਾਂ ਕਰਨ। ਅਜਿਹੀਆਂ ਕੋਸ਼ਿਸ਼ਾਂ ਨਿਰਮਾਣਸਾਜ਼ੀ ਖੇਤਰ ਲਈ ਉਤਸ਼ਾਹਿਤ ਕੀਤੀਆਂ ਜਾਣੀਆਂ ਜ਼ਰੂਰੀ ਹਨ। ਵਪਾਰਾਂ ਵਿਚ ਆਈ ਪੀ ਆਰ ਦੀ ਜਾਗਰੂਕਤਾ ਵਿਚ ਸੁਧਾਰ ਲਿਆਉਣਾ, ਖ਼ਾਸ ਕਰਕੇ ਐੱਮ ਐੱਸ ਐੱਮ ਈਜ਼, ਇਸ ਦਾ ਮਤਲਬ ਹੈ ਕਿ ਉਹ ਆਪਣੇ ਵਿਚਾਰਾਂ ਨੂੰ ਸੁਰੱਖਿਅਤ ਰੱਖਣ ਲਈ ਰਣਨੀਤੀਆਂ ਬਣਾਉਣ ਲਈ ਸੂਚਿਤ ਫ਼ੈਸਲੇ ਲੈਣ ਦੇ ਕਾਬਲ ਹੋਣਗੇ।

ਹੁਣ ਜਦ ਕਿ ਆਈ ਪੀ ਆਰ ਦੀ ਮਹੱਤਤਾ ਜਾਣੀ-ਪਛਾਣੀ ਹੈ, ਐੱਸ ਐੱਮ ਈਜ਼ ਦੇ ਸੰਦਰਭ ਵਿਚ ਇਸ ਦੀ ਪ੍ਰਸੰਗਿਕਤਾ ਨੂੰ ਪੂਰਾ ਧਿਆਨ ਨਹੀਂ ਮਿਲਿਆ। ਇਕ ਮੁੱਖ ਕਾਰਨ ਵਿਸ਼ੇ ਦੀ ਜਟਿਲਤਾ ਹੈ ਜੋ ਅਕਸਰ ਆਮ ਉੱਦਮੀ ਦੀ ਸਮਝ ਤੋਂ ਬਾਹਰ ਹੁੰਦਾ ਹੈ। ਫਰਮ ਦਾ ਛੋਟਾ ਆਕਾਰ ਅਤੇ ਨੇੜਲੇ ਬਾਜ਼ਾਰ 'ਤੇ ਧਿਆਨ ਦੇਣ ਨਾਲ ਉੱਦਮੀ ਆਈ ਪੀ ਆਰ ਦੇ ਮੁੱਦਿਆਂ ਵੱਲ ਬਹੁਤ ਘੱਟ ਧਿਆਨ ਦਿੰਦੇ ਹਨ। ਆਈ ਪੀ ਆਰ ਦੀ ਸੁਰੱਖਿਆ ਲਈ ਇਕ ਮੰਨੀ ਗਈ ਲੋੜ ਏਨੀ ਅਹਿਮ ਹੋ ਜਾਂਦੀ ਹੈ ਕਿ ਐੱਸ ਐੱਮ ਈਜ਼ ਦੇ ਬਹੁਤ ਸਾਰੇ ਰਵਾਇਤੀ ਖੇਤਰਾਂ ਤੇ ਬਹੁ-ਰਾਸ਼ਟਰੀ ਜਾਂ ਕਾਰਪੋਰੇਟ ਖੇਤਰਾਂ ਦਾ ਕਬਜ਼ਾ ਹੋ ਗਿਆ ਹੈ। ਇਹੀ ਸੰਦਰਭ ਹੈ ਜਿਸ ਵਿਚ ਆਈ ਪੀ ਆਰ ਦੇ ਬਹੁਤ ਸਾਰੇ ਅਣਛੋਹੇ ਖੇਤਰ ਹੋਰ ਜ਼ਿਆਦਾ ਅਹਿਮ ਹੋ ਜਾਂਦੇ ਹਨ।

## ਉੱਦਮੀ ਨੀਤੀ

ਭਾਰਤ ਵਿਚ ਰੁਜ਼ਗਾਰ ਪੈਦਾ ਕਰਨ ਦੀਆਂ ਨੀਤੀਆਂ ਵਿਚ ਬਹੁਤ ਸਾਰੀਆਂ ਸਵੈ-ਰੁਜ਼ਗਾਰ ਦੀਆਂ ਸਕੀਮਾਂ ਸ਼ਾਮਿਲ ਹੁੰਦੀਆਂ ਹਨ ਜਿਨ੍ਹਾਂ ਨੂੰ ਐੱਸ ਐੱਮ ਈ ਨੀਤੀਆਂ ਨਾਲ ਜੋੜਿਆ ਜਾ ਸਕਦਾ ਹੈ। ਇਹ ਨੀਤੀਆਂ ਸੰਖੇਪ ਵਿਚ, ਛੋਟੇ ਵਪਾਰ ਦੇ ਨੁਕਸਾਨ ਬਨਾਮ ਵੱਡੇ ਭਾਈਵਾਲਾਂ ਦੇ ਹੱਲ ਲਈ ਵਿੱਤੀ ਤਰੀਕਿਆਂ ਦੇ ਬੇਢੰਗੇ ਕੰਮ ਨੂੰ ਦਰਸਾਉਂਦੀਆਂ ਹਨ। ਐੱਸ ਐੱਮ ਈ ਨੀਤੀਆਂ ਦਾ ਮੁੱਖ ਕੇਂਦਰ ਬਿੰਦੂ ਛੋਟੇ ਵਪਾਰ ਬਣਾਉਣਾ ਹੁੰਦਾ ਹੈ, ਨਾ ਕਿ ਉੱਦਮੀ। ਉੱਦਮੀਆਂ ਨੂੰ ਜੇ ਸਹੀ ਬਾਜ਼ਾਰੀ ਸੰਕੇਤ ਮਿਲ ਜਾਣ ਤਾਂ ਅਨਿਸ਼ਚਿਤਤਾ ਦੇ ਸਮੇਂ ਵਿਚ ਵੀ ਵਿਕਸਤ ਹੋ ਰਹੇ ਵਪਾਰ ਪੈਦਾ ਕਰ ਸਕਦੇ ਹਨ, ਜਿਸ ਦਾ ਕਾਰਨ ਤੇਜ਼ੀ ਨਾਲ ਬਦਲ ਰਿਹਾ ਤਕਨੀਕੀ ਅਤੇ ਸਮਾਜਿਕ-ਰਾਜਨੀਤਕ ਵਾਤਾਵਰਨ ਹੁੰਦਾ ਹੈ। ਦੁਨੀਆਂ ਭਰ ਵਿਚ, ਇਹ ਲਗਾਤਾਰ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਸਵੈ-ਰੁਜ਼ਗਾਰ ਸਕੀਮਾਂ ਲਈ ਵਿਸ਼ਾਲ ਵੰਡ ਅਤੇ ਛੋਟੇ ਵਪਾਰ ਲਈ ਚੰਗਾ ਵਾਤਾਵਰਨ ਸਿਰਜਣਾ ਵਿਕਾਸ ਮੁੱਖੀ ਉੱਦਮੀ ਵਪਾਰ ਯਕੀਨੀ ਬਣਾਉਣ ਲਈ ਕਾਫ਼ੀ ਨਹੀਂ, ਜਿਸ ਦੇ ਹੋਰ ਜ਼ਿਆਦਾ ਰੁਜ਼ਗਾਰ ਪੈਦਾ ਕਰਨ ਅਤੇ ਸਥਿਰ ਮੁਕਾਬਲੇਬਾਜ਼ੀ ਦਾ ਲਾਭ ਦੇਣ ਦੀ ਉਮੀਦ ਕੀਤੀ ਜਾਂਦੀ ਹੈ।

ਭਾਰਤੀ ਆਰਥਿਕਤਾ ਦੇ ਉੱਦਮੀ ਤਰੀਕੇ ਨਾਲ ਬਦਲਾਅ ਨੂੰ ਨਾਪਣਾ ਅਤੇ ਤਰੱਕੀ 'ਤੇ ਨਿਗਰਾਨੀ ਕਰਨਾ ਅਹਿਮ ਹਨ। ਇਸ ਵਾਸਤੇ ਤੰਤਰ ਵਿਕਸਤ ਕਰਨ ਦੀ ਲੋੜ ਹੈ। ਰਾਸ਼ਟਰੀ ਉੱਦਮ ਨੀਤੀ ਤੇ ਅਮਲ ਨੂੰ ਕਿਸੇ ਇਕ ਮੰਤਰਾਲੇ 'ਤੇ ਨਹੀਂ ਛੱਡਿਆ ਜਾ ਸਕਦਾ। ਉੱਦਮੀ ਵਿਕਾਸ ਨੂੰ ਪਹਿਲ ਬਣਾਉਣ ਲਈ ਅੰਤਰ-ਮੰਤਰਾਲਾ ਸੰਚਾਲਕ ਸਮੂਹ ਜ਼ਰੂਰੀ ਹਨ। ਸਥਾਨਕ ਪੱਧਰ 'ਤੇ ਇਹ ਵੱਖ-ਵੱਖ ਸਿੱਖਿਆ, ਵਿੱਤੀ ਅਤੇ ਸਮਾਜਿਕ-ਸੱਭਿਆਚਾਰਕ ਸੰਗਠਨਾਂ ਵਿਚ ਸਾਂਝ ਅਤੇ ਭਾਈਵਾਲੀ ਵਿਚ ਤਬਦੀਲ ਹੋਣਾ ਚਾਹੀਦਾ ਹੈ, ਜੋ ਜਨਤਕ ਅਤੇ ਨਿੱਜੀ ਖੇਤਰਾਂ ਤੋਂ ਹੋਣ। ਅਜਿਹਾ ਸਥਾਨਕ ਪੱਧਰ 'ਤੇ ਇਕ ਮਜ਼ਬੂਤ ਰਾਜਨੀਤਕ ਲੀਡਰਸ਼ਿਪ ਤੋਂ ਬਿਨਾਂ ਸੰਭਵ ਨਹੀਂ ਜਿਸ ਵਿਚ ਪੇਸ਼ਾਵਰਾਂ ਅਤੇ ਸਮਾਜਿਕ ਕਾਰਜ ਕਰਤਾਵਾਂ ਨੂੰ ਇਕ ਮੰਚ 'ਤੇ ਲਿਆਉਣ ਦੀ ਸਮਰੱਥਾ ਹੁੰਦੀ ਹੈ। ਇਕ ਨੌਜਵਾਨ ਲੀਡਰਸ਼ਿਪ, ਜੋ ਉੱਦਮੀ ਆਰਥਿਕਤਾ ਨੂੰ ਜ਼ਿਆਦਾ ਚੰਗੀ ਤਰ੍ਹਾਂ ਸਮਝਦੀ ਹੈ, ਸ਼ਾਇਦ ਰਾਸ਼ਟਰ ਦੀ ਉੱਦਮੀ ਬਦਲਾਅ ਦੀ ਪ੍ਰਕਿਰਿਆ ਨੂੰ ਅੱਗੇ ਤੋਰਨ ਵਿਚ ਜ਼ਿਆਦਾ ਢੁੱਕਵੀਂ ਹੈ। ਨਿਰਮਾਣਸਾਜ਼ੀ ਦੀ ਮੁਕਾਬਲੇਬਾਜ਼ੀ ਦਾ ਏਜੰਡਾ ਸਥਾਪਤ ਹੋਣ ਨਾਲ, ਭਾਰਤ ਲਈ ਰਾਸ਼ਟਰੀ ਉੱਦਮੀ ਨੀਤੀ ਨੂੰ ਜਾਰੀ ਕਰਨ ਦਾ ਇਹ ਸਭ ਤੋਂ ਢੁਕਵਾਂ ਸਮਾਂ ਹੈ।

ਵਿਸ਼ਵੀਕਰਨ ਦੇ ਤੇਜ਼ ਫੈਲਾਅ ਨੇ ਸਥਾਨਕ ਐੱਸ ਐੱਮ ਈਜ਼ ਦੇ ਅੰਤਰਰਾਸ਼ਟਰੀ ਆਰਥਿਕਤਾ ਵਿਚ ਏਕੀਕਰਨ ਦੀ ਪ੍ਰਕਿਰਿਆ ਨੂੰ ਤੇਜ਼ ਕੀਤਾ ਹੈ। ਇਸ ਗਤੀਸ਼ੀਲ ਬਾਜ਼ਾਰ ਵਿਚ, ਵਪਾਰ ਵਾਸਤੇ 'ਰਣਨੀਤੀ' ਖ਼ਾਸ ਮਹੱਤਵ ਰੱਖਦੀ ਹੈ। ਇਸ ਕਰਕੇ, ਸਥਾਨਕ ਉੱਦਮੀਆਂ ਨੂੰ ਆਪਣੇ ਬ੍ਰਾਂਡ ਬਣਾਉਣੇ ਚਾਹੀਦੇ ਹਨ ਜਾਂ ਮੁਕਾਬਲਾ ਕਰਨ ਦੇ ਸਮਰੱਥ ਹੋਣ ਲਈ ਅੰਤਰਰਾਸ਼ਟਰੀ ਉੱਦਮਾਂ ਨਾਲ ਭਾਈਵਾਲੀ ਪਾਉਣੀ ਚਾਹੀਦੀ ਹੈ; ਸਥਾਨਕ ਐੱਸ ਐੱਮ ਈਜ਼ ਜੋ ਪੁਰਾਣੇ ਤਰੀਕੇ ਦੀ ਇਕਹਿਰੀ ਦੁਕਾਨ ਦੇ ਤਰੀਕੇ ਨਾਲ ਕੰਮ ਕਰੀ ਜਾ ਰਹੇ ਹਨ, ਨੂੰ ਵੀ ਆਪਣੀ ਰਣਨੀਤੀ ਤਬਦੀਲ ਕਰਨ ਦੀ ਲੋੜ ਹੈ ਅਤੇ ਆਪਣੀ ਮੁਕਾਬਲੇਬਾਜ਼ੀ ਅਤੇ ਵਪਾਰਕ ਵਾਤਾਵਰਨ ਵਿਚ ਸੁਧਾਰ ਕਰਨ ਲਈ ਹਰੇਕ ਮੌਕੇ ਦਾ ਭਰਪੂਰ ਲਾਹਾ ਲੈਣਾ ਚਾਹੀਦਾ ਹੈ ਤਾਂ ਕਿ ਵਪਾਰਕ ਵਾਤਾਵਰਨ ਸੁਧਰ ਸਕੇ, ਵੱਖਰਾ ਬ੍ਰਾਂਡ ਬਣਾਇਆ ਜਾ ਸਕੇ ਅਤੇ ਮੁਕਾਬਲੇਬਾਜ਼ੀ ਵਿਚ ਨਿੱਖਰਿਆ ਜਾ ਸਕੇ।

## ਗਿਆਨ ਪ੍ਰਣਾਲੀਆਂ ਦਾ ਵਿਕਾਸ

ਉੱਦਮੀ ਵਿਕਾਸ ਤੇ ਆਮ ਕਰਕੇ ਅਤੇ ਐੱਸ ਐੱਮ ਈ ਵਿਕਾਸ ਲਈ ਖ਼ਾਸ ਕਰਕੇ ਕਰਵਾਈਆਂ ਅਨੇਕ ਖੋਜਾਂ ਨੇ ਉੱਦਮਾਂ ਦੇ ਵਿਕਾਸ ਲਈ ਜਾਣਕਾਰੀ ਦੇ ਨਿਵੇਸ਼ ਦੀ ਅਹਿਮ ਭੂਮਿਕਾ ਸਾਹਮਣੇ ਲਿਆਂਦੀ ਹੈ। ਜਦ ਕਿ ਵਰਤਮਾਨ ਜਾਣਕਾਰੀ ਆਧਾਰਿਤ, ਆਰਥਿਕਤਾ ਵਿਚ ਅਜਿਹੇ ਨਿਵੇਸ਼ ਮਹੱਤਵਪੂਰਨ ਹਨ, ਲਿੰਗ ਇਕ ਹੋਰ ਮਹੱਤਵਪੂਰਨ ਪੱਖ ਜੋੜ ਦਿੰਦਾ ਹੈ। ਜਾਣਕਾਰੀ ਇਕ ਮਹੱਤਵਪੂਰਨ ਵਿਕਾਸ ਸਰੋਤ ਵਜੋਂ ਉੱਭਰ ਕੇ ਸਾਹਮਣੇ ਆਈ ਹੈ, ਅਤੇ ਇਹ ਮੰਨਿਆ ਜਾਂਦਾ ਹੈ ਕਿ ਜਾਣਕਾਰੀ ਦੀ ਪੂਰੀ ਵਰਤੋਂ ਭਾਰਤੀ ਵਿਕਾਸ ਨੂੰ ਨਾਟਕੀ ਰਫ਼ਤਾਰ ਪ੍ਰਦਾਨ ਕਰ ਸਕਦੀ ਹੈ। ਭਾਰਤ ਵਿਚ ਜਾਣਕਾਰੀ ਪੈਦਾ ਕਰਨ ਅਤੇ ਜਾਣਕਾਰੀ 'ਤੇ ਅਮਲ ਵਿਚਾਲੇ ਖੱਪਾ ਵਧ ਰਿਹਾ ਹੈ ਜਿਸ ਨੂੰ ਠੋਸ ਰਣਨੀਤੀਆਂ ਨਾਲ ਭਰਨ ਦੀ ਲੋੜ ਹੈ।

ਆਰਥਿਕ ਵਿਕਾਸ ਪ੍ਰਕਿਰਿਆ ਹੋਰ ਜ਼ਿਆਦਾ ਜਾਣਕਾਰੀ ਮੁਖੀ ਹੋ ਰਹੀ ਹੈ। ਇਕ ਹਾਲੀਆ ਅਨੁਮਾਨ ਅਨੁਸਾਰ 50-60 ਪ੍ਰਤਿਸ਼ਤ ਸੱਨਅਤੀ ਉਤਪਾਦਨ ਜਾਣਕਾਰੀ 'ਤੇ ਆਧਾਰਿਤ ਹੈ। ਆਧੁਨਿਕ ਨਿਰਮਾਣ ਸੱਨਅਤਾਂ ਗੁਣਵੱਤਾ, ਲਾਗਤ ਅਤੇ ਸਮਾਂ ਤੈਅ ਕਰਨ ਸੰਬੰਧੀ ਆਪਣੀ ਸਫਲਤਾ ਲਈ ਸੂਚਨਾ ਪ੍ਰਬੰਧਨ 'ਤੇ ਵੀ ਉਨਾ ਹੀ ਨਿਰਭਰ ਕਰਦੀਆਂ ਹਨ ਜਿੰਨਾ ਉਤਪਾਦਨ ਪ੍ਰਕਿਰਿਆਵਾਂ ਦੇ ਪ੍ਰਬੰਧਨ 'ਤੇ। ਸੇਵਾ ਖੇਤਰ ਜੋ ਨਵੀਆਂ ਨੌਕਰੀਆਂ ਅਤੇ ਵਿਸ਼ਵ ਆਰਥਿਕਤਾ ਵਿਚ ਵਿਕਾਸ ਦਾ ਸਭ ਤੋਂ ਵੱਡਾ ਸਰੋਤ ਹੈ, ਬਿਲਕੁਲ ਠੀਕ ਹੀ ਜਾਣਕਾਰੀ ਆਧਾਰਿਤ ਹੈ।

ਉੱਪਰ ਵਰਣਿਤ ਪਹੁੰਚ ਲਈ ਸੂਚਨਾ ਪ੍ਰਬੰਧਨ ਅਤੇ ਗਿਆਨ ਪ੍ਰਬੰਧਨ, ਦੋਵੇਂ ਜ਼ਰੂਰੀ ਹਨ। ਸੂਚਨਾ ਪ੍ਰਬੰਧਨ ਦਾ ਸੰਬੰਧ ਸੂਚਨਾ ਨੂੰ ਡੇਟਾਬੇਸ ਦੀ ਸ਼ਕਲ ਵਿਚ ਸੰਗਠਿਤ ਕਰਨ ਨਾਲ ਹੈ, ਜਦ ਕਿ ਗਿਆਨ ਪ੍ਰਬੰਧਨ ਦੂਸਰਿਆਂ ਦੇ ਸਪੱਸ਼ਟ ਅਤੇ ਅਸਪੱਸ਼ਟ ਗਿਆਨ ਦਾ ਫ਼ਾਇਦਾ ਉਠਾਉਣਾ ਹੈ ਕਿਉਂਕਿ ਉਨ੍ਹਾਂ ਦਾ ਤਜਰਬਾ ਪੂਰੇ ਵਪਾਰ ਵਿਚ ਵਾਧਾ ਅਤੇ ਬਦਲਾਅ ਕਰ ਸਕਦਾ ਹੈ। ਇਸ ਪ੍ਰਕਾਰ, ਜੇ ਪ੍ਰਬੰਧਕ ਇਸ ਦਾ ਠੀਕ ਇਸਤੇਮਾਲ ਕਰਨ ਤਾਂ ਗਿਆਨ ਪ੍ਰਬੰਧਨ ਬਹੁਤ ਜ਼ਿਆਦਾ ਅਹਿਮ ਤੇ ਫ਼ਾਇਦੇਮੰਦ ਹੈ। ਪਰ ਇਹ 'ਕੱਲੀਆਂ ਪ੍ਰਕਿਰਿਆਵਾਂ ਨਹੀਂ ਹੋ ਸਕਦੀਆਂ। ਜਾਰੀ ਰਹਿਣਯੋਗਤਾ ਯਕੀਨੀ ਬਣਾਉਣ ਲਈ ਢਾਂਚਾਗਤ ਪ੍ਰਣਾਲੀਆਂ ਅਤੇ ਪ੍ਰਕਿਰਿਆਵਾਂ ਮਹੱਤਵਪੂਰਨ ਹਨ।

ਵਿਕਾਸ ਦੀ ਕਾਰਜ ਸੂਚੀ ਗਿਆਨ ਦੀਆਂ ਚਾਰ ਪ੍ਰਕਿਰਿਆਵਾਂ ਦੇ ਆਧਾਰ 'ਤੇ ਹੋਂਦ ਵਿਚ ਆਉਂਦੀ ਹੈ :

1) *ਗਿਆਨ ਦੀ ਉਤਪਤੀ ਅਤੇ ਪ੍ਰਾਪਤੀ :* ਅਜਿਹਾ ਵਿਗਿਆਨਕ ਖੋਜ, ਖੋਜ ਤੇ ਵਿਕਾਸ, ਤਕਨਾਲੋਜੀ ਦੀ ਤਬਦੀਲੀ, ਸੰਗਠਨ ਅਤੇ ਸੱਭਿਆਚਾਰਕ ਪ੍ਰਥਾਵਾਂ ਨਾਲ ਸੰਭਵ ਹੁੰਦਾ ਹੈ।

2) *ਗਿਆਨ ਦਾ ਅਨੁਕੂਲਣ :* ਅਜਿਹਾ ਵਿਸ਼ੇਸ਼ ਖੇਤਰਾਂ, ਲੋੜਾਂ ਅਤੇ ਸੰਚਾਲਨ ਵਾਤਾਵਰਨ ਵਿਚ ਖੋਜ ਰਾਹੀਂ ਹੋਣਾ ਚਾਹੀਦਾ ਹੈ।

3) *ਗਿਆਨ ਦਾ ਵਿਸਤਾਰ :* ਅਜਿਹਾ ਗਿਆਨ ਵਿਕਸਤ ਅਤੇ ਅਨੁਕੂਲਣ ਵਾਲਿਆਂ ਵਲੋਂ ਸੰਗਠਿਤ ਅਤੇ ਅਸੰਗਠਿਤ ਤਰੀਕਿਆਂ ਰਾਹੀਂ ਹੋਣਾ ਚਾਹੀਦਾ ਹੈ ਜੋ ਸਮਾਜ ਵਿਚ ਗਿਆਨ ਨੂੰ ਅਮਲ ਵਿਚ ਲਿਆਉਣ ਲਈ ਜ਼ਿੰਮੇਵਾਰ ਹਨ।

4) *ਗਿਆਨ ਦਾ ਉਪਯੋਗ :* ਅਜਿਹਾ ਖੇਤਰਾਂ, ਕਾਰਖ਼ਾਨਿਆਂ, ਕਲਾਸ ਰੂਮਾਂ, ਹਸਪਤਾਲਾਂ ਅਤੇ ਹੋਰ ਸਾਰੇ ਖੇਤਰਾਂ ਵਿਚ ਹੁਨਰ ਦੇ ਕਾਰਜ ਰਾਹੀਂ ਹੋਣਾ ਚਾਹੀਦਾ ਹੈ ਤਾਂ ਕਿ ਵਿਹਾਰਕ ਨਤੀਜੇ ਪ੍ਰਾਪਤ ਹੋ ਸਕਣ।

ਭਾਰਤ ਦੇ ਸੰਦਰਭ ਵਿਚ ਇਹ ਭੂਮਿਕਾਵਾਂ ਬਹੁਤ ਸਾਰੀਆਂ ਧਿਰਾਂ ਵਲੋਂ ਨਿਭਾਈਆਂ ਜਾਂਦੀਆਂ ਹਨ। ਇਥੋਂ ਤਕ ਕਿ ਧਿਰਾਂ ਦੇ ਸਮੂਹ ਅੰਦਰ ਵੀ, ਵੱਖ-ਵੱਖ ਸੱਭਿਆਚਾਰਕ ਪ੍ਰਥਾਵਾਂ ਅਤੇ ਜ਼ਰੂਰੀ ਸਥਿਤੀਆਂ ਹਨ। ਜਨਤਕ ਅਤੇ ਨਿੱਜੀ ਖੇਤਰਾਂ ਤੋਂ ਨਿਕਲਣ ਵਾਲੇ ਇਸ ਗਿਆਨ ਨੂੰ ਤੇਜ਼ ਰਫ਼ਤਾਰ ਵਿਕਾਸ ਦੇ ਲਾਭ ਲਈ ਸਾਂਝਾ ਕਰਨਾ, ਅੱਜ ਇਹ ਇਕ ਚੁਨੌਤੀ ਹੈ। ਵਿਹਾਰਕ ਪੱਧਰ 'ਤੇ ਜ਼ਰੂਰਤ ਇਸ ਗੱਲ ਦੀ ਹੈ ਕਿ ਵੱਖ-ਵੱਖ ਆਰਥਿਕ ਮੰਤਰਾਲਿਆਂ ਅਤੇ ਵਿਭਾਗਾਂ ਦੇ ਪ੍ਰੋਗਰਾਮਾਂ ਅਤੇ ਸਕੀਮਾਂ ਦਾ ਵਿਆਪਕ ਮੁੱਲੰਕਣ ਕੀਤਾ ਜਾਵੇ। ਅਸਲ ਵਿਚ, ਅਜਿਹੀਆਂ ਜ਼ਿਆਦਾਤਰ ਸਕੀਮਾਂ ਜਾਂ ਤਾਂ ਗ਼ੈਰ-ਪ੍ਰਸੰਗਿਕ ਹਨ ਜਾਂ ਫਾਲਤੂ। ਧਿਆਨ ਨਾਲ ਵਿਚਾਰੀ ਗਈ ਜਨਤਕ-ਨਿੱਜੀ ਭਾਈਵਾਲੀ ਰਾਹੀਂ ਨਿੱਜੀ ਖੇਤਰ ਦੀ ਮਹਾਰਤ ਦਾ ਇਸਤੇਮਾਲ ਹੀ ਕੇਵਲ ਇਸ ਹਾਲਾਤ ਵਿਚ ਸੁਧਾਰ ਕਰ ਸਕਦਾ ਹੈ। ਇਹੀ ਢੁਕਵਾਂ ਸਮਾਂ ਹੈ ਕਿ ਨੀਤੀ ਆਯੋਗ ਇਸ ਮੁੱਦੇ 'ਤੇ ਬਾਰੀਕੀ ਨਾਲ ਗੌਰ ਕਰੇ ਅਤੇ ਵਿਆਪਕ ਮੁੜ-ਗਠਨ ਯੋਜਨਾ ਦਾ ਖ਼ਾਕਾ ਤਿਆਰ ਕਰੇ।

## ਬੁਨਿਆਦੀ ਢਾਂਚੇ ਦੀ ਭੂਮਿਕਾ

ਦੇਸ਼ ਦੇ ਆਰਥਿਕ ਵਿਕਾਸ ਲਈ ਇਕ ਆਧੁਨਿਕ, ਚੰਗੀ ਤਰ੍ਹਾਂ ਸੰਗਠਿਤ ਅਤੇ ਵਿਆਪਕ ਬੁਨਿਆਦੀ ਢਾਂਚਾ ਪਹਿਲੀ ਜ਼ਰੂਰਤ ਹੈ। ਵਿੱਤ ਮੰਤਰਾਲਾ ਦਾ ਅਨੁਮਾਨ ਹੈ ਕਿ ਲਗਭਗ 1 ਲੱਖ ਕਰੋੜ ਦੇ ਬੁਨਿਆਦੀ ਢਾਂਚਾ ਪ੍ਰਾਜੈਕਟਾਂ ਵਿਚ ਦੇਰੀ ਹੋ ਚੁੱਕੀ ਹੈ। ਇਨ੍ਹਾਂ ਪ੍ਰਾਜੈਕਟਾਂ ਨੂੰ ਲਾਗੂ ਕਰਨ ਵਿਚ ਹੋਇਆ ਲਾਗਤ ਅਤੇ ਸਮਾਂ ਸੀਮਾ ਦਾ ਵਾਧਾ ਇਸ ਖੇਤਰ ਦੀਆਂ ਘੱਟ ਪ੍ਰਾਪਤੀਆਂ ਦਾ ਇਕ ਮੁੱਖ ਕਾਰਨ ਹੈ। ਨਿਰਮਾਣਸਾਜ਼ੀ ਖੇਤਰ, ਜਿਸ ਵਿਚ ਪਿਛਲੇ ਕੁਝ ਸਾਲਾਂ ਦੌਰਾਨ ਬਹੁਤ ਮੰਦੀ ਆਈ ਹੈ, ਨੂੰ ਕੁੱਲ ਘਰੇਲੂ ਉਤਪਾਦ ਵਿਚ ਆਪਣੀ ਹਿੱਸੇਦਾਰੀ 15 ਤੋਂ ਵਧਾ ਕੇ 25 ਪ੍ਰਤਿਸ਼ਤ ਕਰਨ ਦੀ ਲੋੜ ਹੈ ਜਿਸ ਨਾਲ 100 ਮਿਲੀਅਨ ਦੇ ਲਗਭਗ ਹੁਨਰਮੰਦ ਨੌਕਰੀਆਂ ਪੈਦਾ ਹੋਣ ਦੀ ਆਸ ਹੈ। ਉਪਰੋਕਤ ਵਰਨਣ ਕੀਤੇ ਅਨੁਸਾਰ, ਨਵੀਂ ਸਰਕਾਰ ਨੇ ਪਿਛਲੇ ਕੁਝ ਮਹੀਨਿਆਂ ਵਿਚ ਬੁਨਿਆਦੀ ਢਾਂਚਾ ਵਿਕਾਸ ਅਤੇ ਨਿਰਮਾਣਸਾਜ਼ੀ ਖੇਤਰ ਦੀ ਤਰੱਕੀ ਨੂੰ ਧਿਆਨ ਦੇ ਪ੍ਰਮੁੱਖ ਖੇਤਰਾਂ ਵਜੋਂ ਪਛਾਣਿਆ ਹੈ। ਭਾਵੇਂ ਕਿ ਵਿਦੇਸ਼ਾਂ ਤੋਂ ਨਿਵੇਸ਼ ਅਤੇ ਨਵੀਂ ਤਕਨੀਕ ਨੂੰ ਆਕਰਸ਼ਿਤ ਕਰਨਾ ਅਹਿਮ ਹੈ, ਪਰ ਇਨ੍ਹਾਂ ਦਾ ਨਤੀਜਾ ਨੌਕਰੀਆਂ, ਖੋਜਾਂ ਅਤੇ ਭਾਰਤ ਵਿਚ ਨਿਰਮਾਣਸਾਜ਼ੀ ਦੀ ਗਹਿਰਾਈ ਦੇ ਰੂਪ ਵਿਚ ਨਿਕਲਣਾ ਚਾਹੀਦਾ ਹੈ। ਵਿਕਾਸਸ਼ੀਲ ਆਰਥਿਕਤਾਵਾਂ ਵਿਚ ਵਿਦੇਸ਼ੀ ਤਕਨਾਲੋਜੀ ਨੂੰ ਜਜ਼ਬ ਕਰਨ ਲਈ ਢੁਕਵੇਂ ਪ੍ਰਾਪਤ ਕਰਤਾਵਾਂ ਦੀ ਲੋੜ ਹੈ।

ਚੀਨ ਵਿਚ ਨਿਰਮਾਣ ਨੀਤੀਆਂ ਘਰੇਲੂ ਮਾਲਕੀ ਅਤੇ ਪ੍ਰਬੰਧਨ ਸਮਰਥਾਵਾਂ ਦੀ ਮਜ਼ਬੂਤੀ ਨੂੰ ਧਿਆਨ ਵਿਚ ਰੱਖ ਕੇ ਬਣਾਈਆਂ ਜਾਂਦੀਆਂ ਹਨ। ਵਿਦੇਸ਼ੀ ਕੰਪਨੀਆਂ ਦਾ ਪ੍ਰਮੁੱਖ ਡਰ ਇਹ ਹੁੰਦਾ ਹੈ ਕਿ ਚੀਨ ਉਨ੍ਹਾਂ ਦੀ ਬੌਧਿਕ ਜਾਇਦਾਦ ਦੀ ਚੋਰੀ ਕਰ ਲਵੇਗਾ। ਚੀਨ ਦਾ ਵਿਸ਼ਾਲ ਬਾਜ਼ਾਰ ਹੈ ਜੋ ਵਿਦੇਸ਼ੀ ਕੰਪਨੀਆਂ ਨੂੰ ਉਦੋਂ ਵੀ ਚੀਨ ਵਿਚ ਟਿਕੇ ਰਹਿਣ ਲਈ ਲਲਚਾਉਂਦਾ ਹੈ ਜਦੋਂ ਚੀਨੀ ਸਰਕਾਰ ਦੀਆਂ ਨੀਤੀਆਂ, ਬੌਧਿਕ ਜਾਇਦਾਦ ਦੇ ਸੰਬੰਧ ਵਿਚ, ਮੁਆਫ਼ਕ ਨਾ ਹੋਣ। ਅਸਲ ਵਿਚ, ਚੀਨੀ ਸਰਕਾਰ ਆਈ ਪੀ ਆਰ ਨਿਯਮ ਆਪਣੇ ਹਿਤਾਂ ਨੂੰ ਉਤਸ਼ਾਹ ਦੇਣ ਲਈ ਬਣਾ ਰਹੀ ਹੈ, ਇਸ ਸਰੋਕਾਰ ਕਰਕੇ ਕਿ ਇਸ ਉੱਤੇ ਲਾਗੂ ਕੀਤੇ ਜਾ ਰਹੇ ਕਾਨੂੰਨ ਮੁੱਖ ਤੌਰ ਤੇ ਵਿਦੇਸ਼ੀ ਕੰਪਨੀਆਂ ਦੇ ਹਿਤਾਂ ਦੀ ਰਾਖੀ ਲਈ ਬਣਾਏ ਗਏ ਸਨ। ਚੀਨ ਸਰਕਾਰੀ ਏਜੰਸੀਆਂ ਦੁਆਰਾ ਖਰੀਦ ਦੇ ਢੰਗ ਨੂੰ ਦੇਸੀ ਤਕਨਾਲੋਜੀ ਵਿਕਸਤ ਕਰਨ ਲਈ ਵਰਤ ਰਿਹਾ ਹੈ। ਇਹ ਸਥਾਨਕ ਉੱਦਮਾਂ ਦੇ ਮੁਆਫ਼ਕ ਅਤੇ ਵਿਦੇਸ਼ੀ ਮੁਕਾਬਲੇਬਾਜ਼ੀ ਨੂੰ ਖਤਮ ਕਰਨ ਲਈ ਰਾਸ਼ਟਰੀ ਮਾਨਕਾਂ ਦਾ ਤਰੀਕਾ ਵੀ ਆਪਣਾ ਰਿਹਾ ਹੈ। ਇਸ ਦੀ ਤੁਲਨਾ ਵਿਚ, ਆਈ ਪੀ ਆਰ ਦੇ ਸੰਬੰਧ ਵਿਚ ਭਾਰਤ ਦੀ ਸਥਿਤੀ ਮਜ਼ਬੂਤ ਆਈ ਪੀ ਆਰ ਦੇ ਵਿਸ਼ਵ ਹਮਾਇਤੀਆਂ ਦੇ ਨਾਲ ਸਕ੍ਰਿਆ ਸੰਵਾਦ ਰਚਾਉਣ ਵਾਲੀ ਹੋਣੀ ਚਾਹੀਦੀ ਹੈ। ਪਰ, ਜ਼ਰੂਰੀ ਨਹੀਂ ਕਿ ਅਜਿਹੀ ਵਕਾਲਤ ਕਰਨ ਵਾਲੇ ਜੋ ਵੀ ਪ੍ਰਸਤਾਵ ਪੇਸ਼ ਕਰਨ, ਉਸ ਨੂੰ ਆਈ ਪੀ ਆਰ ਕੀਮਤ ਦੀਆਂ ਸਚਾਈਆਂ ਦੇ ਰੂਪ ਵਿਚ ਸਵੀਕਾਰ ਕਰ ਲਿਆ ਜਾਵੇ। ਭਾਰਤ ਨੂੰ ਆਈ ਪੀ ਆਰ ਲਈ ਬੇਹਤਰ ਰਸਤੇ ਦੀ

ਤਲਾਸ਼ ਕਰਨੀ ਚਾਹੀਦੀ ਹੈ ਤਾਂ ਕਿ ਚਲ ਰਹੀ ਖੋਜ ਨੂੰ ਤੇਜ਼ ਕੀਤਾ ਜਾ ਸਕੇ।

ਭਾਰਤੀ ਨੀਤੀ ਨਿਰਮਾਤਾਵਾਂ ਲਈ ਸਮਾਂ ਆ ਗਿਆ ਹੈ ਕਿ ਰਾਸ਼ਟਰੀ ਨਿਰਮਾਣ ਰਣਨੀਤੀ ਨੂੰ, ਹਾਲੀਆ ਵਿਸ਼ਵ ਆਰਥਿਕਤਾ ਵਿਚ ਹੋਏ ਬਦਲਾਵਾਂ ਦੇ ਮੱਦੇਨਜ਼ਰ, ਸਾਣ 'ਤੇ ਲਾਇਆ ਜਾਵੇ, ਮੁਕਾਲਬਤਨ ਭਾਰਤ ਦੀ ਤੁਲਨਾਤਮਕ ਸਥਿਤੀ ਦੇ। ਭਾਰਤ ਦੀ ਵਿਕਾਸ ਕਹਾਣੀ ਦੀ ਸਥਿਰਤਾ ਇਸੇ 'ਤੇ ਨਿਰਭਰ ਹੈ। ਸਾਨੂੰ, ਬੇਸ਼ੱਕ, ਬੁਨਿਆਦੀ ਢਾਂਚੇ ਅਤੇ ਪ੍ਰਬੰਧਨ ਦੀਆਂ ਕਮਜ਼ੋਰੀਆਂ ਨੂੰ ਦੂਰ ਕਰਨਾ ਪਵੇਗਾ। ਪਰ, ਭਾਰਤੀ ਸੱਨਅਤਾਂ ਨੂੰ ਉਤਸ਼ਾਹਿਤ ਕਰਨ ਲਈ ਸਾਨੂੰ ਔਖੇ ਨੀਤੀ ਸਵਾਲਾਂ ਨੂੰ ਵੀ ਹੱਲ ਕਰਨਾ ਪਵੇਗਾ ਅਤੇ ਇਹ ਰਣਨੀਤੀ ਯੋਜਨਾਕ੍ਰਿਤ ਆਰਥਿਕਤਾ ਦੀ ਨਹੀਂ ਹੋ ਸਕਦੀ। ਨਾ ਹੀ ਚੀਨ ਦੀ ਨਕਲ ਕਰਨ ਵਾਲੀ ਹੋ ਸਕਦੀ ਹੈ। ਇਹ ਭਾਰਤੀ ਨੀਤੀ ਨਿਰਮਾਤਾਵਾਂ ਲਈ ਚਨੌਤੀ ਹੈ। ਨਿਰਮਾਣਸਾਜ਼ੀ ਵਿਚ ਭਾਰਤੀ ਸਮਰਥਾਵਾਂ ਵਿਚ ਵਾਧੇ ਲਈ ਸਭ ਤੋਂ ਪਹਿਲੀ ਮੰਗ ਵਿਗਿਆਨਕ ਅਤੇ ਤਕਨਾਲੋਜੀ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਦੀ ਹੈ।

## ਅਗਲੇਰਾ ਰਸਤਾ

ਸਾਂਝੀ ਆਰਥਿਕਤਾ ਵਿਚ ਬੁਨਿਆਦੀ ਢਾਂਚਾ ਵਿਕਾਸ ਅਤੇ ਨਿਰਮਾਣਸਾਜ਼ੀ ਦੀ ਅਹਿਮੀਅਤ ਨੂੰ ਵੇਖਦਿਆਂ, ਸਰਕਾਰ ਇਨ੍ਹਾਂ ਖੇਤਰਾਂ ਵਿਚ ਵਿਕਾਸ ਦੀ ਸ਼ੁਰੂਆਤ ਲਈ ਉਤਪ੍ਰੇਰਕ ਵਜੋਂ ਪ੍ਰਮੁੱਖ ਭੂਮਿਕਾ ਨਿਭਾ ਸਕਦੀ ਹੈ। 2015 ਦੇ ਕੇਂਦਰੀ ਬਜਟ ਵਿਚ ਆਰਥਿਕਤਾ ਨੂੰ ਉੱਚ ਵਿਕਾਸ ਦੀ ਪਟੜੀ 'ਤੇ ਪਾਉਣ ਲਈ ਕੁਝ ਕਦਮ ਚੁੱਕੇ ਗਏ ਹਨ।

ਸੈਕਸ਼ਨ 80 ਆਈ ਏ ਵਿਚ, ਊਰਜਾ ਉਤਪਾਦਨ ਲਈ ਖਾਤਮੇ ਦੀ ਮਦ, ਜੋ ਕਰ ਰਿਆਇਤਾਂ ਦਿੰਦੀ ਹੈ, ਦੀ ਮਿਆਦ 31 ਮਾਰਚ 2014 ਨੂੰ ਖਤਮ ਹੋ ਗਈ ਸੀ। ਇਸ ਨੂੰ ਹੋਰ ਪੰਜ ਸਾਲਾਂ ਲਈ ਵਧਾ ਦਿਤਾ ਗਿਆ ਹੈ। ਘੱਟੋ-ਘੱਟ ਵਿਕਲਪਕ ਕਰ *(ਮੈਟ)* ਤੋਂ ਛੋਟ, ਜੋ ਆਮ ਤੌਰ ਤੇ ਕਰ ਛੋਟ ਨੂੰ ਖਤਮ ਕਰ ਦਿੰਦੀ ਹੈ, ਵੀ ਨਵਿਆਉਣਯੋਗ ਅਤੇ ਰਵਾਇਤੀ ਊਰਜਾ ਖੇਤਰ ਲਈ ਢੁਕਵਾਂ ਹੁਲਾਰਾ ਪ੍ਰਦਾਨ ਕਰੇਗੀ।

*ਮੈਟ* ਦੀਆਂ ਮਦਾਂ ਤਹਿਤ ਕਰ ਦੀ ਅਦਾਇਗੀ ਤੋਂ ਛੋਟ, ਜੋ ਪਹਿਲਾਂ ਵਿਸ਼ੇਸ਼ ਆਰਥਿਕ ਖਿੱਤੇ ਅਤੇ ਵਿਕਾਸਕਾਰਾਂ ਨੂੰ ਉਪਲਬਧ ਸੀ, ਨੂੰ 2012 ਵਿਚ ਵਾਪਸ ਲੈ ਲਿਆ ਗਿਆ ਸੀ। ਇਸ ਦਾ ਵਰਤਮਾਨ ਇਕਾਈਆਂ ਅਤੇ ਵਿਕਾਸ ਕਰਤਾਵਾਂ ਵਿਚ ਚੰਗਾ ਪ੍ਰਭਾਵ ਨਹੀਂ ਗਿਆ ਜਿਨ੍ਹਾਂ ਨੂੰ ਸਰਕਾਰ ਦੇ ਮੁਢਲੇ ਵਾਅਦੇ 'ਤੇ ਆਧਾਰਿਤ ਐੱਸ ਈ ਜ਼ੈੱਡਜ਼ ਵਿਚ ਤਕੜਾ ਨਿਵੇਸ਼ ਕੀਤਾ ਸੀ। ਇਸ ਕਰਕੇ, ਮੈਟ ਦੀ ਛੋਟ ਨੂੰ ਦੁਬਾਰਾ ਲਾਗੂ ਕਰਨਾ ਚਾਹੀਦਾ ਹੈ ਤਾਂ ਕਿ ਭਵਿੱਖੀ ਨਿਵੇਸ਼ ਲਈ ਨਿਵੇਸ਼ਕਾਰਾਂ ਦਾ ਮਨੋਬਲ ਦੁਬਾਰਾ ਬਣਾਇਆ ਜਾ ਸਕੇ।

ਸੈਕਸ਼ਨ 14 ਏ ਦੀ ਮਦ ਨੂੰ ਲਾਗੂ ਕਰਨ ਦਾ ਬੁਨਿਆਦੀ ਢਾਂਚਾ ਪ੍ਰਾਜੈਕਟਾਂ 'ਤੇ ਬਹੁਤ ਅਸਰ ਪੈਂਦਾ ਹੈ ਜੋ ਬੋਲੀ ਦੀ ਪ੍ਰਕਿਰਿਆ ਰਾਹੀਂ ਵੰਡੇ ਗਏ ਸਨ ਅਤੇ ਜਿਨ੍ਹਾਂ ਨੂੰ ਮਾਲਕੀ ਵਾਲੀ ਕੰਪਨੀ ਦੇ ਹੇਠਾਂ ਸਪੈਸ਼ਲ ਪਰਪਜ਼ ਵਹੀਕਲ (ਐੱਸ ਪੀ ਵੀ) ਸਥਾਪਤ ਕਰਨ ਦੀ ਲੋੜ ਹੁੰਦੀ ਹੈ। ਐੱਸ ਪੀ ਵੀ ਲਈ ਪੈਸਾ ਨਿਵੇਸ਼ ਅਤੇ ਕਰਜ਼ੇ ਦੇ ਸੁਮੇਲ ਤੋਂ ਜੁਟਾਇਆ ਜਾਂਦਾ ਹੈ। ਸੈਕਸ਼ਨ 14 ਏ ਕਰਜ਼ੇ ਤੇ ਅਦਾ ਕੀਤੇ ਵਿਆਜ ਦੀ ਪ੍ਰਵਾਨਗੀ ਨਹੀਂ ਦਿੰਦਾ ਕਿਉਂਕਿ ਐੱਸ ਪੀ ਵੀ ਮਾਲਕੀ ਪ੍ਰੋਤਸਾਹਨ ਕਰਨ ਵਾਲੀਆਂ ਕੰਪਨੀਆਂ ਨੂੰ ਲਾਭਾਂਸ ਦਿੰਦਾ ਹੈ ਜਿਸ ਦਾ ਖੇਤਰ 'ਤੇ ਨੁਕਸਾਨਦੇਹ ਪ੍ਰਭਾਵ ਪੈਂਦਾ ਹੈ ਕਿਉਂਕਿ ਕਰਜ਼ੇ ਦਾ ਪੈਸਾ ਹੀ ਪ੍ਰਮੁੱਖ ਸਰੋਤ ਹੁੰਦਾ ਹੈ। ਇਸ ਕਰਕੇ, ਇਸ ਮਦ ਦੀ ਕਠੋਰਤਾ ਅਤੇ ਆਪਹੁਦਰੀ ਨੂੰ ਘੱਟ ਕਰਨ ਲਈ ਕੁਝ ਸੋਧਾਂ ਜ਼ਰੂਰੀ ਹਨ।

ਸੱਨਅਤ ਦੀ ਇਕ ਲੰਮੇ ਸਮੇਂ ਦੀ ਮੰਗ ਸਮਾਜਿਕ ਖੇਤਰਾਂ ਜਿਵੇਂ ਸਿਹਤ ਅਤੇ ਸਿੱਖਿਆ ਨੂੰ ਬੁਨਿਆਦੀ ਢਾਂਚੇ ਦਾ ਰੁਤਬਾ ਦੇਣ ਦੀ ਹੈ, ਜੋ ਖੇਤਰ ਹਾਲੇ ਤਕ ਅਣਗੌਲੇ ਰਹੇ ਹਨ। ਨਿਵੇਸ਼ਕ ਕੰਪਨੀਆਂ ਵਿਚ ਪੈਸਾ ਲਾਉਣ ਵਾਲੀਆਂ ਵਿੱਤੀ ਕੰਪਨੀਆਂ/ਬੈਂਕਾਂ ਲੰਮੇ ਸਮੇਂ ਤੋਂ ਸੈਕਸ਼ਨ 10(23ਜੀ) ਨੂੰ ਮੁੜ ਜਾਗ੍ਰਿਤ ਕਰਨ ਦੀ ਮੰਗ ਕਰਦੀਆਂ ਆ ਰਹੀਆਂ ਹਨ, ਜੋ ਪਹਿਲਾਂ ਵਾਪਸ ਲੈ ਲਿਆ ਗਿਆ ਸੀ, ਤਾਂ ਜੋ ਬੁਨਿਆਦੀ ਢਾਂਚਾ ਪ੍ਰਾਜੈਕਟਾਂ ਦੇ ਵਿੱਤੀਕਰਨ ਲਈ ਆਮਦਨ ਕਰ ਤੋਂ ਛੋਟ ਪ੍ਰਾਪਤ ਹੋ ਸਕੇ। ਜੇ ਇਹ ਮੰਗ ਮੰਨ ਲਈ ਜਾਂਦੀ ਹੈ ਤਾਂ ਬੁਨਿਆਦੀ ਢਾਂਚਾ ਕੰਪਨੀਆਂ ਵਲੋਂ ਪੈਸਾ ਉਧਾਰ ਲੈਣ ਦੀ ਲਾਗਤ ਨੂੰ ਘੱਟ ਕਰਨ ਵਿਚ ਮਦਦ ਮਿਲੇਗੀ।

ਸੈੱਕਸ਼ਨ 32 ਏ ਸੀ ਉਸ ਨਵੇਂ ਪਲਾਂਟ ਅਤੇ ਮਸ਼ੀਨਰੀ ਦੀ ਅਸਲ ਲਾਗਤ 'ਤੇ 15 ਪ੍ਰਤਿਸ਼ਤ ਕਰ ਛੋਟ ਦੇਣ ਲਈ ਲਾਗੂ ਕੀਤਾ ਗਿਆ ਸੀ ਜੋ 31 ਮਾਰਚ, 2013 ਤੋਂ ਬਾਅਦ ਅਤੇ 1 ਅਪ੍ਰੈਲ 2015 ਤੋਂ ਪਹਿਲਾਂ ਪ੍ਰਾਪਤ ਕਰਕੇ ਲਗਾਏ ਗਏ ਸਨ, ਜਿਸ ਦੀ ਕੁੱਲ ਰਕਮ 100 ਕਰੋੜ ਰੁਪਏ ਤੋਂ ਵੱਧ ਸੀ। ਇਸ ਖੇਤਰ ਨੂੰ ਜ਼ਰੂਰੀ ਹੁਲਾਰਾ ਦੇਣ ਲਈ, ਨਿਵੇਸ਼ ਭੱਤੇ ਦਾ ਸਮਾਂ ਤਿੰਨ ਸਾਲ ਕਰ ਦੇਣਾ ਚਾਹੀਦਾ ਹੈ, ਨਿਵੇਸ਼ ਦੀ ਘੱਟੋ-ਘੱਟ ਹੱਦ ਘਟਾਉਣੀ ਚਾਹੀਦੀ ਹੈ ਅਤੇ ਕਟੌਤੀ ਦੀ ਮਾਤਰਾ 25 ਪ੍ਰਤਿਸ਼ਤ ਤਕ ਵਧਾ ਦੇਣੀ ਚਾਹੀਦੀ ਹੈ।

ਅਸਿੱਧੇ ਕਰਾਂ ਦੇ ਪਾਸਿਉਂ, ਸਕਰਾਰ ਨੂੰ ਇਨ੍ਹਾਂ ਪ੍ਰਮੁੱਖ ਖੇਤਰਾਂ ਵਿਚ ਨਿਵੇਸ਼ ਨੂੰ ਉਤਸ਼ਾਹਿਤ ਕਰਨ ਦੇ ਇਰਾਦੇ ਬਿਲਕੁਲ ਸਪੱਸ਼ਟ ਕਰ ਦੇਣੇ ਚਾਹੀਦੇ ਹਨ। ਮਿਸਾਲ ਵਜੋਂ, ਡਿਊਟੀ ਦਰਾਂ, ਛੋਟਾਂ ਅਤੇ ਦੂਜੇ ਪ੍ਰੋਤਸਾਹਨ ਜੋ ਕਿਸੇ ਪ੍ਰਾਜੈਕਟ ਨੂੰ ਫ਼ਾਇਦਾ ਮਿਲੇਗਾ ਬਜਾਇ ਕਿ ਚਲੰਤ ਪ੍ਰਕਿਰਿਆ ਰੁਕਾਵਟਾਂ ਦੇ ਜੋ ਕਰਦਾਤਾ ਨੂੰ ਅਜਿਹੇ ਲਾਭ ਲੈਣਾ ਮੁਸ਼ਕਿਲ ਕਰ ਦਿੰਦੇ ਹਨ।

ਬੁਨਿਆਦੀ ਢਾਂਚੇ ਦੇ ਸਾਰੇ ਖੇਤਰਾਂ ਨਾਲ ਬਰਾਬਰ ਵਿਹਾਰ ਇਕ ਹੋਰ ਖੇਤਰ ਹੈ ਜੋ ਸਰਕਾਰ ਦੇ ਧਿਆਨ ਦੀ ਮੰਗ ਕਰਦਾ ਹੈ। ਉਦਾਹਰਣ ਵਜੋਂ, ਕੰਮ ਦੇ ਠੇਕਿਆਂ ਲਈ ਸੇਵਾ ਕਰ, ਜਿਵੇਂ ਕਿ ਹਵਾਈ ਅੱਡੇ, ਬੰਦਰਗਾਹਾਂ, ਰੇਲਵੇ ਆਦਿ ਨੂੰ ਛੋਟ ਦਿਤੀ ਗਈ ਹੈ ਪਰ ਅਜਿਹੀ ਛੋਟ ਦੂਜੇ ਅਹਿਮ ਬੁਨਿਆਦੀ ਢਾਂਚੇ ਦੇ ਖੇਤਰਾਂ ਜਿਵੇਂ ਪਾਣੀ, ਊਰਜਾ, ਆਵਾਜਾਈ, ਸੀਵਰੇਜ ਆਦਿ ਨੂੰ ਸਪੱਸ਼ਟ ਰੂਪ ਵਿਚ ਨਹੀਂ ਦਿਤੀ ਗਈ ਹੈ।

ਜਿਥੋਂ ਤਕ ਨਿਰਮਾਣਸਾਜ਼ੀ ਖੇਤਰ ਦਾ ਸੰਬੰਧ ਹੈ, ਸੈਨਵੇਟ ਕ੍ਰੈਡਿਟ ਨਿਜ਼ਾਮ ਨੂੰ ਉਦਾਰ ਕਰਨ ਦੀ ਵੱਡੀ ਲੋੜ ਹੈ ਤਾਂ ਕਿ ਯਕੀਨੀ ਬਣਾਇਆ ਜਾ ਸਕੇ ਕਿ ਕਰਾਂ ਦਾ ਵਿਆਪੀਕਰਨ ਨਾ ਹੋਵੇ ਜੋ ਘਰੇਲੂ ਸੱਨਅਤਾਂ 'ਤੇ ਬੇਲੋੜਾ ਬੋਝ ਪਾਉਂਦਾ ਹੈ। ਇਕ ਹੋਰ ਦੁਖਦਾਈ ਮੁੱਦਾ ਜੋ ਸੱਨਅਤ ਦੀ ਖਰੀਦ ਦੀ ਲਾਗਤ ਨੂੰ ਵਧਾਉਂਦਾ ਹੈ, ਉਹ ਉਨ੍ਹਾਂ ਸਰਗਰਮੀਆਂ 'ਤੇ ਦੋਹਰਾ ਕਰ ਹੈ ਜੋ ਐਲਾਨੀਆਂ ਸੇਵਾਵਾਂ ਅਤੇ ਵੈਟ/ਸੀ ਐੱਸ ਟੀ ਦੇ ਦਾਇਰੇ ਅਧੀਨ ਸੇਵਾ ਕਰ ਦੇ ਦਾਇਰੇ ਵਿਚ ਆਉਂਦੀਆਂ ਹਨ।

*(ਲੇਖਕ ਡਾਇਰੈਕਟਰ, ਇੰਸਟੀਚਿਊਟ ਆਫ਼ ਸਮਾਲ ਐਂਟਰਪਰਾਈਜ਼ਜ਼ ਐਂਡ ਡਿਵੈਲਪਮੈਂਟ ਹੈ।)*

*e-mail :mathew.econ@gmail.com*

# ਨਿਰਮਾਣ ਮੁਖੀ ਵਿਕਾਸ, ਮੁਕਾਬਲੇਬਾਜ਼ੀ ਤੇ ਚੁਨੌਤੀਆਂ

ਅਰੂਪ ਮਿਤਰਾ

ਅੱਜ ਦੇ ਵਿਕਸਤ ਦੇਸ਼ਾਂ ਦੇ ਤਜਰਬੇ ਤੋਂ ਦੇਖੀਏ ਤਾਂ ਪਤਾ ਲਗਦਾ ਹੈ ਕਿ ਉਨ੍ਹਾਂ ਦੇ ਆਰਥਿਕ ਵਿਕਾਸ ਦਾ ਇਕ ਮੁੱਖ ਨਿਰਧਾਰਕ ਉਦਯੋਗੀਕਰਨ ਹੈ। ਸਜਿਰਮਈ ਅਤੇ ਵੇਰਸਪੇਗਨ (2011) ਨੇ ਵਿਕਸਤ ਦੇਸ਼ਾਂ ਦੇ ਸੰਦਰਭ ਵਿਚ ਇਸ਼ਾਰਾ ਕੀਤਾ ਹੈ ਕਿ 1990 ਤੋਂ ਸੱਨਅਤੀ ਵਸਤਾਂ ਦਾ ਉਤਪਾਦਨ ਵਿਕਾਸ ਦਾ ਪਹਿਲਾਂ ਨਾਲੋਂ ਔਖਾ ਰਸਤਾ ਬਣਦਾ ਜਾ ਰਿਹਾ ਹੈ। ਵਸਤਾਂ ਦੇ ਉਤਪਾਦਨ ਦਾ ਸਿੱਖਿਆ ਅਤੇ ਆਮਦਨ ਵਿਚਾਲੇ ਖੱਪੇ ਵਿਚ ਇਕ ਦਿਲਚਸਪ ਅਸਰ ਦੇਖਣ ਨੂੰ ਮਿਲ ਰਿਹਾ ਹੈ। ਡੇਲਾਸ ਅਤੇ ਕੌਬੀ (2001) ਦਲੀਲ ਦਿੰਦੇ ਹਨ ਕਿ ਮਜ਼ਦੂਰ ਵਰਗ ਦਾ ਉਦਯੋਗੀਕਰਨ ਆਰਥਿਕ ਵਿਕਾਸ ਦੇ ਮੁਢਲੇ ਪੜਾਅ ਵਿਚ ਮੁੱਖ ਕਾਰਨ ਹੈ। ਉਨ੍ਹਾਂ ਮਜ਼ਦੂਰ ਵਰਗ ਦੀ ਬਣਤਰ ਉਪਰ ਨਿਵੇਸ਼ ਦਾ ਅਸਰ ਹੋਣ ਉਤੇ ਜ਼ੋਰ ਦਿਤਾ ਹੈ ਅਤੇ ਹਾਲ ਹੀ ਦੇ ਸਮੇਂ ਵਾਂਗ ਨਾ ਹੋ ਕੇ, ਜਿਸ ਵਿਚ ਸਾਜ਼-ਸਾਮਾਨ ਵਿਚ ਨਿਵੇਸ਼ ਰਾਹੀਂ ਸੱਨਅਤੀ ਉਤਪਾਦਨ ਹੋਣ ਦਾ ਦਾਅਵਾ ਕੀਤਾ ਗਿਆ ਹੈ, ਉਨ੍ਹਾਂ ਨੇ ਸੁਝਾਅ ਦਿਤਾ ਹੈ ਕਿ ਵਿਕਾਸਸ਼ੀਲ ਦੇਸ਼ਾਂ ਵਿਚ ਰੁਜ਼ਗਾਰ ਮੁਖੀ ਉਦਯੋਗੀਕਰਨ ਨੀਤੀਆਂ ਸਫਲਤਾ ਦੀ ਕੁੰਜੀ ਹੋ ਸਕਦੀਆਂ ਹਨ।

ਵਿਸ਼ਵੀਕਰਨ ਨੇ ਦੇਸ਼ਾਂ ਨੂੰ ਵਿਕਾਸ ਵਿਚ ਵਾਧਾ ਕਰਨ ਲਈ ਮਜਬੂਰ ਕੀਤਾ ਹੈ। ਵਿਕਾਸ ਦੀ ਦਿਸ਼ਾ ਵਲ ਲੈ ਜਾਣ ਵਾਲੀਆਂ ਕਈ ਨੀਤੀਆਂ ਜਿਨ੍ਹਾਂ ਵਿਚ ਵਪਾਰਕ ਖੁੱਲ੍ਹਾਪਨ, ਵਿਦੇਸ਼ੀ ਪੂੰਜੀ ਨਿਵੇਸ਼ ਦੀ ਆਮਦ ਅਤੇ ਤਕਨਾਲੋਜੀ ਬਦਲਾਅ ਸਮੇਤ ਪੂੰਜੀ ਗਤੀਸ਼ੀਲਤਾ ਸ਼ਾਮਿਲ ਹਨ, ਵੱਡੇ ਪੈਮਾਨੇ 'ਤੇ ਅਪਣਾਈਆਂ ਗਈਆਂ ਹਨ। ਇਹ ਤਰਕ ਜੋ ਆਮ ਤੌਰ ਤੇ ਤਕਨਾਲੋਜੀ ਬਦਲਾਅ ਦੇ ਹੱਕ ਵਿਚ ਦਿਤਾ ਜਾਂਦਾ ਹੈ। ਉਹ ਇਹ ਹੈ ਕਿ ਜੋ ਪਹੀਆ ਪਹਿਲਾਂ ਹੀ ਅਪਣਾਇਆ ਜਾ ਚੁੱਕਾ ਹੈ, ਜੇਕਰ ਦੇਸ਼ਾਂ ਨੇ ਲਾਗਤ ਕਿਫ਼ਾਇਤੀ ਹੋਣਾ ਹੈ ਤਾਂ ਮੁੜ ਤੋਂ ਉਸ ਨੂੰ ਖੋਜਣ ਦੀ ਲੋੜ ਨਹੀਂ ਹੈ। ਉਦਯੋਗਿਕ ਖੇਤਰ ਵਿਚ ਘੱਟ ਰੁਜ਼ਗਾਰ ਵਿਕਾਸ ਦੇ ਸੰਦਰਭ ਵਿਚ ਇਕ ਮਹੱਤਵਪੂਰਨ ਤਰਕ ਵਿਦੇਸ਼ਾਂ ਤੋਂ ਵਧੇਰੇ ਮਹਿੰਗੀ ਤਕਨਾਲੋਜੀ ਆਯਾਤ ਕਰਨਾ ਹੈ। ਨਵੀਂ ਤਕਨਾਲੋਜੀ ਜੋ ਬੁਨਿਆਦੀ ਤੌਰ ਤੇ ਮਹਿੰਗੀ ਅਤੇ ਮਹਾਰਤ ਮੁਖੀ ਹੈ ਦਾ ਆਯਾਤ, ਘੱਟ ਹੁਨਰ ਪ੍ਰਾਪਤ ਕਾਮਿਆਂ ਦੀ ਬਜਾਇ ਪੂਰੀ ਤਰ੍ਹਾਂ ਹੁਨਰ ਪ੍ਰਾਪਤ ਕਾਰੀਗਰਾਂ ਦੀ ਮੰਗ ਵਧਾ ਦਿੰਦੀ ਹੈ (ਵੁੱਡ 1997)।

ਦਲੀਲ ਦੀ ਇਕ ਹੋਰ ਸੋਚ ਮਜ਼ਦੂਰ ਵਰਗ ਦੇ ਮੰਡੀ ਨੇਮਾਂ ਉਪਰ ਆਧਾਰਿਤ ਹੈ। ਨੀਤੀ ਨਿਰਧਾਰਨ ਕਰਨ ਵਾਲੀ ਜਮਾਤ ਦਾ ਆਮ ਤੌਰ ਤੇ ਵਿਸ਼ਵਾਸ ਹੈ ਕਿ ਭਾਰਤੀ ਸੰਦਰਭ ਵਿਚ ਮਜ਼ਦੂਰ ਕਾਨੂੰਨ ਪੂਰੀ ਤਰ੍ਹਾਂ ਪੁਰਾਣੇ ਹੋ ਚੁੱਕੇ ਹਨ ਅਤੇ ਨੌਕਰਸ਼ਾਹੀ ਦੇ ਹੱਕ ਵਿਚ ਹਨ ਜਿਸ ਦਾ ਅਸਰ ਇਹ ਹੁੰਦਾ ਹੈ ਕਿ ਉਹ ਘੱਟ ਕਿਰਤੀ ਸਮਾ ਸਕਦੇ ਹਨ। ਜਿਵੇਂ ਕਿ ਵਿਸ਼ਵਾਸ ਕੀਤਾ ਜਾ ਰਿਹਾ ਹੈ, ਆਰਥਿਕ ਵਿਕਾਸ ਅਤੇ ਰੁਜ਼ਗਾਰ ਪੈਦਾ ਕਰਨ ਲਈ ਕਿਰਤੀ ਬਾਜ਼ਾਰ ਵਿਚ ਲਚਕੀਲੇਪਨ ਤੋਂ ਬਿਨਾਂ ਇਕ ਪਾਇਦਾਰ ਉਛਾਲ ਨਹੀਂ ਆ ਸਕਦਾ। ਵਿਕਾਸ ਸੁਧਾਰਾਂ ਦੀ ਪੈਰਵੀ ਕਰਨ ਵਾਲੇ, ਕਿਰਤੀ ਬਾਜ਼ਾਰ ਨੂੰ ਨੇਮ ਰਹਿਤ ਕਰਨ ਦੀ ਕਾਫ਼ੀ ਵਕਾਲਤ ਕਰਦੇ ਹਨ। ਅਜਿਹਾ ਇਸ ਲਈ ਹੈ ਕਿਉਂਕਿ ਵਿਸ਼ਵੀਕਰਨ ਅਤੇ ਉਤਪਾਦਨ ਸਰਗਰਮੀਆਂ ਵਿਚ ਬਦਲਾਉ, ਮਜ਼ਦੂਰ ਮੰਡੀ ਦੇ ਨਤੀਜਿਆਂ ਜਿਵੇਂ ਕਿ ਉਜਰਤ ਅਤੇ ਕਿਰਤ ਉਤਪਾਦਨ ਉਪਰ ਅਸਰ ਕਰ ਸਕਦੇ ਹਨ। ਦੂਸਰੇ, ਜੋ ਵਧੇਰੇ ਮਹੱਤਵਪੂਰਨ ਹੈ, ਹੋਰ ਸੁਧਾਰਾਂ ਲਈ, ਜਿਵੇਂ ਕਿ ਵਪਾਰਕ ਸੁਧਾਰਾਂ ਦੇ ਕਾਮਯਾਬ ਹੋਣ ਲਈ ਮਜ਼ਦੂਰ ਮੰਡੀ ਸੁਧਾਰਾਂ ਨੂੰ ਇਕ ਪਹਿਲਾ ਲੋੜੀਂਦਾ ਅੰਗ ਮੰਨਿਆ ਜਾ ਰਿਹਾ ਹੈ (ਹਸਨ, 2003)। ਵਿਦਵਾਨ ਲੋਕ ਆਮ ਤੌਰ ਤੇ ਮੰਨਦੇ ਹਨ ਕਿ ਵਿਕਾਸਸ਼ੀਲ ਦੇਸ਼ਾਂ ਵਿਚ ਮਜ਼ਦੂਰ ਵਰਗ ਦੀਆਂ ਮੰਡੀਆਂ ਕੰਮਕਾਜੀ ਰਵਾਇਤਾਂ, ਉਜਰਤ, ਕੰਮ 'ਤੇ ਰੱਖਣ ਅਤੇ ਕੱਢ ਦੇਣ ਦੀਆਂ ਨੀਤੀਆਂ ਆਦਿ ਦੇ ਸੰਦਰਭ ਵਿਚ ਆਮ ਤੌਰ ਤੇ ਕੱਟੜ ਹਨ ਅਤੇ ਇਸ ਦਾ ਦੋਸ਼ ਵਰਤਮਾਨ ਕਿਰਤ ਕਾਨੂੰਨਾਂ ਉਪਰ ਮੜ੍ਹਿਆ ਜਾਂਦਾ ਹੈ (ਫਾਲਨ ਅਤੇ ਲੂਕਾਸ, 1991)। ਪਰ ਹੋਰ ਵੀ ਬਹੁਤ ਸਾਰੇ ਕਾਰਨ ਹਨ ਜੋ ਨਿਵੇਸ਼ ਉਪਰ ਅਸਰ ਪਾਉਂਦੇ ਹਨ, ਜਿਨ੍ਹਾਂ ਵਿਚੋਂ ਮੁੱਖ ਹਨ ਭੂਮੀ ਉਪਲਬਧਤਾ, ਬੁਨਿਆਦੀ ਢਾਂਚਾ, ਹੁਨਰ ਪ੍ਰਾਪਤ ਕਾਰੀਗਰ ਆਦਿ।

ਤਰਕ ਇਹ ਦਿਤਾ ਜਾਂਦਾ ਹੈ ਕਿ ਬਹੁਤ ਪਛੜੇ ਦੇਸ਼ ਖੋਜ ਅਤੇ ਵਿਕਾਸ ਤੋਂ ਘੱਟ ਲਾਭ ਉਠਾਉਂਦੇ ਹਨ ਜਿਸ ਦਾ ਅਰਥ ਹੈ ਕਿ ਇਕ ਗਰੀਬ ਦੇਸ਼ ਵਿਚ ਅਮੀਰ ਦੇਸ਼ਾਂ ਨਾਲੋਂ ਨਵੀਆਂ ਖੋਜਾਂ ਕਰਨ ਲਈ ਵਧੇਰੇ ਲਾਗਤ ਆਉਂਦੀ ਹੈ। ਇਸ ਲਈ ਇਸ ਖੇਤਰ ਵਿਚ ਦੇਰ ਨਾਲ ਆਉਣ ਵਾਲੇ ਲਈ, ਦੂਸਰਿਆਂ ਤੋਂ ਤਕਨਾਲੋਜੀ ਖਰੀਦਣਾ ਆਪਣੇ ਆਪ ਪਹੀਏ ਦੀ ਮੁੜ ਤੋਂ ਖੋਜ ਨਾਲੋਂ ਸਸਤਾ ਪੈਂਦਾ ਹੈ, ਹਾਲਾਂਕਿ ਇਹ ਆਮ ਧਾਰਨਾ ਹੈ ਕਿ ਅੰਤਰਰਾਸ਼ਟਰੀ ਤਕਨਾਲੋਜੀ ਸਸਤੀ ਨਹੀਂ।

ਇਕ ਤੀਸਰਾ ਤਰਕ, ਜੋ ਖ਼ਾਸ ਤੌਰ ਤੇ ਪੂਰਤੀ ਦੇ ਪੱਖੋਂ ਦਿਤਾ ਜਾ ਰਿਹਾ ਹੈ ਹੁਨਰ ਦੀ ਘਾਟ ਹੈ, ਜਿਸ ਦਾ ਇਸ਼ਾਰਾ ਕਿਰਤੀਆਂ ਦੀ ਵੱਡੀ ਜਮਾਤ ਲਈ ਘੱਟ ਰੁਜ਼ਗਾਰ ਹੋਣ ਵੱਲ ਇਸ਼ਾਰਾ ਕਰਦਾ ਹੈ। ਹੁਨਰ ਦੀ ਘਾਟ ਬਹੁਤਿਆਂ ਨੂੰ ਘੱਟ ਉਤਪਾਦਨ ਵਾਲੀਆਂ ਸਰਗਰਮੀਆਂ ਵਿਚ ਲੱਗ ਜਾਣ ਤੇ ਮਜਬੂਰ ਕਰਦੀ ਹੈ। ਇਸ ਲਈ ਨੀਤੀ ਪੱਖੋਂ ਨੌਕਰੀ ਯੋਗਤਾ ਵਿਚ ਸੁਧਾਰ ਵਿਚ ਮੁੱਖ ਸੋਚ ਹੈ। ਇਸ ਲਈ ਮਹਾਰਤ ਹਾਸਲ ਕਰਨਾ ਪਹਿਲੀ ਸ਼ਰਤ ਹੈ ਜੋ ਉੱਤਮ

ਦਰਜੇ ਦੀ ਸਿੱਖਿਆ ਅਤੇ ਉਨ੍ਹਾਂ ਸੰਸਥਾਨਾਂ ਵਿਚ ਸ਼ਾਮਿਲ ਹੋਣ ਨਾਲ ਜੋ ਹੁਨਰ ਪ੍ਰਾਪਤੀ ਦੀ ਸਿਖਲਾਈ ਦਿੰਦੇ ਹਨ, ਤੋਂ ਹਾਸਲ ਕੀਤੀ ਜਾ ਸਕਦੀ ਹੈ। ਅਜਿਹੇ ਤਕਨਾਲੋਜੀ ਸੰਸਥਾਨ ਜੋ ਖ਼ਾਸ ਤੌਰ ਤੇ ਡਿਪਲੋਮਾ ਦਿੰਦੇ ਹਨ, ਬਹੁਤ ਘੱਟ ਹਨ ਅਤੇ ਇਸ ਤਰ੍ਹਾਂ ਸਰਕਾਰ ਵਲੋਂ ਇਸ ਖੇਤਰ ਵਿਚ ਪਹਿਲ ਬਹੁਤ ਜ਼ਰੂਰੀ ਹੈ। ਪੇਸ਼ਾਵਰਾਨਾ ਸਿੱਖਿਆ ਦੇ ਪੱਖੋਂ ਵੀ ਵਧੇਰੇ ਕੋਸ਼ਿਸ਼ ਦੀ ਜ਼ਰੂਰਤ ਹੈ। ਹੁਨਰ ਦੀ ਘਾਟ ਦੂਰ ਕਰਨ ਲਈ ਸਿਖਲਾਈ ਦੇਣ ਦਾ ਇਕ ਹੋਰ ਮਹੱਤਵਪੂਰਨ ਤਰੀਕਾ ਹੈ।

ਇਸ ਤੱਥ ਨੂੰ ਸਾਹਮਣੇ ਰੱਖਦੇ ਹੋਏ ਕਿ ਭਾਰਤ ਨੂੰ ਆਪਣੀ ਵੱਡੀ ਆਬਾਦੀ ਲਈ ਅਗਲੇ ਦਸ ਸਾਲਾਂ ਵਿਚ ਲਾਭਕਾਰੀ ਰੁਜ਼ਗਾਰ ਦੇ ਮੌਕੇ ਪੈਦਾ ਕਰਨੇ ਹੋਣਗੇ ਜੋ ਹੁਨਰ ਅਤੇ ਸਿੱਖਿਆ ਦੀ ਵੱਖੋ-ਵੱਖਰੀ ਪੱਧਰ ਉਪਰ ਆਧਾਰਿਤ ਹੋਣਗੇ। ਸੱਨਅਤੀ ਵਸਤਾਂ ਦਾ ਉਤਪਾਦਨ ਖੇਤਰ ਇਸ ਰੁਜ਼ਗਾਰ ਪੈਦਾ ਕਰਨ ਦੀ ਪਹਿਲ ਦੇ ਵਿਕਾਸ ਦਾ ਇੰਜਣ ਹੋ ਸਕਦਾ ਹੈ। ਭਾਰਤ ਵਿਚ ਪਾਇਦਾਰ ਵਿਕਾਸ ਹਾਸਲ ਕਰਨ ਦੇ ਸੰਦਰਭ ਵਿਚ ਵੀ, ਰੁਜ਼ਗਾਰ ਪੈਦਾ ਕਰਨ ਦੇ ਨਾਲ-ਨਾਲ ਸੱਨਅਤੀ ਵਸਤਾਂ ਦੇ ਉਤਪਾਦਨ ਵਿਚ ਵਿਕਾਸ ਬਹੁਤ ਮਹੱਤਵਪੂਰਨ ਹੈ। ਇਸ ਲਈ, ਵਪਾਰ ਅਤੇ ਉਦਯੋਗ ਮੰਤਰਾਲਾ ਦੇ ਉਦਯੋਗਿਕ ਨੀਤੀ ਅਤੇ ਉੱਨਤੀ ਵਿਭਾਗ ਨੇ ਭਾਰਤੀ ਸੱਨਅਤੀ ਵਸਤਾਂ ਸੰਬੰਧੀ ਉਤਪਾਦਨ ਖੇਤਰ ਦੀ ਅਸਲ ਸਮਰਥਾ ਯਕੀਨੀ ਬਣਾਉਣ ਲਈ ਅਜਿਹਾ ਨੀਤੀਗਤ ਵਾਤਾਵਰਨ ਤਿਆਰ ਕਰਨ ਦੀ ਪਹਿਲ ਕੀਤੀ ਜੋ ਸੱਨਅਤੀ ਵਸਤਾਂ ਖੇਤਰ ਦੇ ਤੇਜ਼ੀ ਨਾਲ ਵਿਕਾਸ ਵਿਚ ਸਹਾਈ ਹੋ ਸਕਦਾ ਹੈ। ਰੁਜ਼ਗਾਰ-ਉਦਯੋਗੀਕਰਨ ਨੀਤੀਆਂ ਦੇ ਮਹੱਤਵ ਨੂੰ ਦੇਖਦੇ ਹੋਏ, ਜੋ ਪਿੱਛੇ ਬਿਆਨ ਕੀਤਾ ਗਿਆ ਹੈ ਅਤੇ ਇਸ ਤੱਥ ਨੂੰ ਸਾਹਮਣੇ ਰੱਖਦੇ ਹੋਏ ਕਿ ਭਾਰਤ ਸੰਗਠਿਤ ਖੇਤਰ ਵਿਚ ਵੱਡੇ ਪੈਮਾਨੇ 'ਤੇ ਰੁਜ਼ਗਾਰ ਦੇ ਮੌਕੇ ਪੈਦਾ ਨਹੀਂ ਕਰ ਸਕਿਆ, ਰਾਸ਼ਟਰੀ ਸੱਨਅਤੀ ਵਸਤਾਂ ਉਤਪਾਦਨ ਨੀਤੀ ਇਕ ਸੁਨਹਿਰੀ ਕਿਰਣ ਦੇ ਤੌਰ ਤੇ ਆਈ ਹੈ।

ਭਾਰਤ ਦੇ ਹਾਲਾਤ, ਵਿਸ਼ਵੀ ਮੰਦੀ ਦੇ ਪਿਛੋਕੜ ਅਤੇ ਢੁਕਵੇਂ ਕਦਮ ਨਾ ਚੁੱਕਣ ਦੀ ਸ਼ਰਤ ਵਿਚ ਹੋਰ ਵੀ ਖਰਾਬ ਹੋ ਸਕਦੇ ਹਨ। ਇਸ ਸੰਦਰਭ ਵਿਚ, ਰਾਸ਼ਟਰੀ ਨਿਰਮਾਣਸਾਜ਼ੀ ਨੀਤੀ ਤੋਂ 10 ਕਰੋੜ ਵਧੇਰੇ ਨੌਕਰੀਆਂ ਅਤੇ ਦੇਸ਼ ਦੇ ਕੁੱਲ ਘਰੇਲੂ ਉਤਪਾਦ ਦਾ 25 ਪ੍ਰਤਿਸ਼ਤ ਹਿੱਸਾ ਇਸ ਤੋਂ ਪੈਦਾ ਹੋਣ ਦੀ ਸੰਭਾਵਨਾ ਪੈਦਾ ਹੁੰਦੀ ਹੈ। ਨੀਤੀ ਖੇਤਰ ਦੇ ਮਾਹਰਾਂ ਦਾ ਕਹਿਣਾ ਹੈ ਕਿ ਘਟ ਰਹੀ ਮੰਗ ਅਤੇ ਪੂੰਜੀ ਉਪਲਬਧਤਾ ਦੀ ਵਧ ਰਹੀ ਲਾਗਤ ਦੇਖਦਿਆਂ ਇਹ ਭਾਰਤ ਵਿਚ ਸੱਨਅਤੀ ਵਸਤਾਂ ਉਤਪਾਦਨ ਦੀ ਕਿਸਮਤ ਬਦਲ ਸਕਦੀ ਹੈ ਅਤੇ ਸਮੁੱਚੇ ਅਰਥਤੰਤਰ ਨੂੰ ਹੁਲਾਰਾ ਦੇ ਸਕਦੀ ਹੈ। ਨੀਤੀਆਂ ਵਾਤਾਵਰਨ ਅਤੇ ਕਿਸਮਤ ਬਦਲ ਸਕਦੀ ਹੈ ਅਤੇ ਸਮੁੱਚੇ ਅਰਥਤੰਤਰ ਨੂੰ ਹੁਲਾਰਾ ਦੇ ਸਕਦੀ ਹੈ। ਨੀਤੀਆਂ ਵਾਤਾਵਰਨ ਅਤੇ ਨਿਯਮਕ ਮੁੱਦਿਆਂ, ਕਿਰਤ ਕਾਨੂੰਨਾਂ ਅਤੇ ਕਰ ਪ੍ਰਣਾਲੀ ਦਾ ਵਿਆਪਕ ਹੱਲ ਖੋਜਦੀਆਂ ਹਨ ਪਰ ਰਾਸ਼ਟਰੀ ਨਿਰਮਾਣਸਾਜ਼ੀ ਖਿੱਤੇ ਸਥਾਪਤ ਕਰਨ ਦਾ ਪ੍ਰਸਤਾਵ ਜਾਂ ਸੱਨਅਤੀ ਵਸਤਾਂ ਉਤਪਾਦਨ ਇਕਾਈਆਂ ਨੂੰ ਇਕਜੁਟ ਕਰਨਾ ਉਦਯੋਗਿਕ ਬੁਨਿਆਦੀ ਢਾਂਚੇ ਵਿਚ ਤਾਲਮੇਲ ਬਿਠਾਉਣਾ ਅਤੇ ਆਰਥਿਕ ਵਿਕਾਸ ਹਾਸਲ ਕਰਨ ਦਾ ਇਕ ਅਨੋਖਾ ਤਰੀਕਾ ਹੈ। ਰਾਸ਼ਟਰੀ ਸੱਨਅਤੀ ਵਸਤਾਂ ਉਤਪਾਦਨ ਖਿੱਤਾ, ਵਿਸ਼ਵੀ ਪੱਧਰ ਦੇ ਬੁਨਿਆਦੀ ਢਾਂਚੇ ਅਤੇ ਜ਼ੋਨ ਸਥਾਪਤ ਕਰਨ ਦੇ ਆਧਾਰ 'ਤੇ ਭੂਮੀ ਵਰਤੋਂ, ਸਵੱਛ ਅਤੇ ਉਪਯੋਗੀ ਊਰਜਾ ਤਕਨਾਲੋਜੀ ਵਾਲੇ ਘੱਟੋ-ਘੱਟ 5,000 ਹੈਕਟਰ ਖੇਤਰਫਲ ਦੇ ਰਕਬੇ ਉਪਰ ਸਥਾਪਤ ਕੀਤੇ ਜਾਣਗੇ। ਇਹ ਗ਼ੈਰ ਖੇਤੀਯੋਗ ਭੂਮੀ ਵਿਚ ਜਿਥੇ ਪਾਣੀ ਦੀ ਬਿਹਤਰ ਪੂਰਤੀ ਉਪਲਬਧ ਹੋਵੇ, ਸਥਾਪਤ ਕੀਤੇ ਜਾਣਗੇ ਅਤੇ ਰਾਜ ਸਰਕਾਰਾਂ ਦੇ ਤਹਿਤ ਕੰਮ ਕਰਨਗੇ, ਇਹ ਨੌਕਰੀਆਂ ਦੇਣ ਵਾਲਿਆਂ ਨੂੰ, ਨੌਕਰੀ 'ਤੇ ਰੱਖਣ ਅਤੇ ਨੌਕਰੀਉਂ ਕੱਢ ਦੇਣ ਵਿਚ ਵਧੇਰੇ ਆਜ਼ਾਦੀ ਦੇ ਕੇ ਮਜ਼ਦੂਰ ਮੰਡੀ ਵਿਚ ਵਧੇਰੇ ਲਚਕਤਾ ਲਿਆਉਣ ਦਾ ਮਨੋਰਥ ਹੈ। ਇਹ ਬੰਦ ਹੋਣ ਦੇ ਕਗਾਰ 'ਤੇ ਖੜ੍ਹੀਆਂ ਉਦਯੋਗਿਕ ਇਕਾਈਆਂ ਨੂੰ ਬੰਦ ਕਰਨ ਦਾ ਸੌਖਾ ਤਰੀਕਾ ਵੀ ਯਕੀਨੀ ਬਣਾਉਂਦੀ ਹੈ। ਇਸ ਦੇ ਨਾਲ-ਨਾਲ, ਇਹ ਉਨ੍ਹਾਂ ਕਿਰਤੀਆਂ ਦੇ ਹੱਕਾਂ ਦੀ ਰਾਖੀ ਵੀ ਕਰਦੀ ਹੈ ਜਿਨ੍ਹਾ ਉਪਰ ਲਚਕਤਾ ਦੇ ਅਸਰ ਦਾ ਖ਼ਤਰਾ ਮੰਡਰਾ ਰਿਹਾ ਹੋਵੇ। ਸੱਨਅਤੀ ਵਸਤੂ ਉਤਪਾਦਨ ਨੀਤੀ ਦਾ ਇਕ ਮਹੱਤਵਪੂਰਨ ਪਹਿਲੂ ਇਹ ਵੀ ਹੈ ਕਿ ਇਹ ਛੋਟੇ ਅਤੇ ਦਰਮਿਆਨੇ ਉੱਦਮਾਂ ਦੇ ਵਿੱਤ ਅਤੇ ਵਿਕਾਸ ਪ੍ਰੇਰਕਾਂ ਦਾ ਧਿਆਨ ਰਖਦੀ ਹੈ। ਮੋਟੇ ਤੌਰ ਤੇ, ਇਹ ਨੀਤੀ ਦੇਸ਼ ਦੇ ਕੁੱਲ ਘਰੇਲੂ ਉਤਪਾਦ ਵਿਚ ਸੱਨਅਤੀ ਵਸਤਾਂ ਦਾ ਹਿੱਸਾ 16 ਪ੍ਰਤਿਸ਼ਤ ਤੋਂ ਵਧਾ ਕੇ 25 ਪ੍ਰਤਿਸ਼ਤ ਕਰ ਦੇਣ ਦਾ ਵਾਅਦਾ ਕਰਦੀ ਹੈ।

ਪਰ ਰਾਸ਼ਟਰੀ ਸੱਨਅਤੀ ਵਸਤੂ ਉਤਪਾਦਨ ਨੀਤੀ ਦਾ ਉਦਯੋਗਿਕ ਰੁਜ਼ਗਾਰ ਨੂੰ ਇਸ ਹੱਦ ਤਕ ਵਧਾਉਣ ਦਾ ਉਦੇਸ਼ ਸ਼ਾਇਦ ਹਾਸਲ ਨਾ ਕੀਤਾ ਜਾ ਸਕੇ ਕਿਉਂਕਿ ਇਸ ਖੇਤਰ ਵਿਚ ਸੰਗਠਿਤ ਸੱਨਅਤੀ ਖੇਤਰ ਦਾ ਹਿੱਸਾ ਨਾਂ ਮਾਤਰ ਹੀ ਹੈ। ਇਸ ਲਈ ਗ਼ੈਰ ਸੰਗਠਿਤ ਸੱਨਅਤੀ ਉਤਪਾਦਨ ਖੇਤਰ ਵਿਚ ਰੁਜ਼ਗਾਰ ਸਮਰਥਾ ਵਧਾਉਣ ਬਾਰੇ ਸੋਚਣਾ ਵੀ ਲਾਭਕਾਰੀ ਹੋਵੇਗਾ ਅਤੇ ਇਸ ਲਈ ਇਸ ਖੇਤਰ ਵਿਚ ਵੀ ਉੱਤਮ ਕਿਸਮ ਦੀ ਰੁਜ਼ਗਾਰ ਸਮਰਥਾ ਬਣਾਉਣੀ ਹੋਵੇਗੀ। ਛੋਟੇ ਅਤੇ ਦਰਮਿਆਨੇ ਉੱਦਮਾਂ ਨੂੰ ਆਪਣੀ ਕਾਰਜ ਕੁਸ਼ਲਤਾ ਦੀ ਪੱਧਰ, ਤਕਨਾਲੋਜੀ, ਵਿੱਤ ਅਤੇ ਕਿਰਤੀਆਂ ਦੇ ਹੁਨਰ ਵਧਾਉਣ ਲਈ ਇਕ ਖੋਜੀ ਕ੍ਰਾਂਤੀ ਲਿਆਉਣੀ ਹੋਵੇਗੀ। ਵੱਡੇ ਪੱਧਰ 'ਤੇ ਕਿਉਂਕਿ ਮਜ਼ਦੂਰ ਵਰਗ ਕਾਮਿਆਂ ਵਾਲੇ ਖੇਤਰਾਂ ਜਿਵੇਂ ਕਿ ਖੁਰਾਕ ਡੱਬਾਬੰਦੀ, ਸੀਤੇ ਹੋਏ ਕੱਪੜੇ ਅਤੇ ਕੱਪੜਾ ਉਦਯੋਗ, ਚਮੜਾ ਅਤੇ ਜੁੱਤਾ ਉਦਯੋਗ ਵਿਚ ਛੋਟੇ ਅਤੇ ਦਰਮਿਆਨੇ ਉੱਦਮਾਂ ਵਿਚ 60 ਪ੍ਰਤਿਸ਼ਤ ਤੋਂ ਵੀ ਵੱਧ ਮਜ਼ਦੂਰ ਵਰਗ ਕਿਰਤੀ ਹਨ (ਕਾਂਤ 2013), ਇਸ ਲਈ ਮਜ਼ਦੂਰ ਵਰਗ ਖਪਾਈ ਖੇਤਰਾਂ ਵਿਚ ਵਧੇਰੇ ਗ਼ੈਰ ਮਹਾਰਤ ਪ੍ਰਾਪਤ ਕਾਮਿਆਂ ਦੀ ਖਪਤ ਵਲ ਧਿਆਨ ਦੇਣਾ ਹੋਵੇਗਾ। ਇਸ ਲਈ ਉਨ੍ਹਾਂ ਖੇਤਰਾਂ, ਜਿਨ੍ਹਾਂ ਵਿਚ ਗ਼ੈਰ ਮਹਾਰਤ ਪ੍ਰਾਪਤ ਮਜ਼ਦੂਰ ਵਰਗ ਅਤੇ ਬਹੁਤ ਘੱਟ ਉਦਯੋਗੀਕਰਨ ਦੀ ਬਹੁਤਾਤ ਹੈ, ਮਜ਼ਦੂਰ ਆਧਾਰਿਤ ਉਦਯੋਗਿਕ ਵਸਤੂ ਉਤਪਾਦਨ ਵੱਲ ਵਿਸ਼ੇਸ਼ ਧਿਆਨ ਦੇਣਾ ਹੋਵੇਗਾ।

ਬੁਨਿਆਦੀ ਢਾਂਚਾ ਕਮਜ਼ੋਰ ਹੋਣ ਦੇ ਮੁੱਦੇ, ਊਰਜਾ ਪੂਰਤੀ ਦੀ ਥੁੜ, ਨਿਰਯਾਤ ਵਿਚ ਬਹੁਤ ਘੱਟ ਵਾਧਾ ਅਤੇ ਵਧੇਰੇ ਕਰਕੇ ਮਜ਼ਦੂਰਾਂ ਉੱਪਰ ਆਧਾਰਿਤ ਵਸਤੂ ਨਿਰਯਾਤ ਖੇਤਰ, ਢੁਕਵੀਂ ਤਕਨਾਲੋਜੀ ਵਿਕਸਤ ਕਰਨ ਲਈ ਖੋਜਾਂ ਦੀ ਘਾਟ ਅਤੇ ਉਨ੍ਹਾਂ ਖੇਤਰਾਂ ਵੱਲ ਜਿਨ੍ਹਾਂ ਵਿਚ ਕਠੋਰ ਲਾਲ ਫੀਤਾਸ਼ਾਹੀ ਵਿਕਾਸ, ਰੁਜ਼ਗਾਰ ਅਤੇ ਵਿਦੇਸ਼ੀ ਪੂੰਜੀ ਨਿਵੇਸ਼ ਆਕਰਸ਼ਿਤ ਕਰਨ ਵਿਚ ਰੁਕਾਵਟ ਬਣਦੀ ਹੈ ਅਜਿਹੇ ਖੇਤਰ ਹਨ ਜੋ ਬਿਨਾਂ ਸ਼ੱਕ ਬਹੁਤ ਮਹੱਤਵਪੂਰਨ ਹਨ। ਨਿਰਯਾਤ ਦਾ ਆਰਥਿਕ ਵਿਕਾਸ ਵਿਚ ਬਹੁਤ ਮਹੱਤਵ ਹੈ। ਵਿਦੇਸ਼ੀ ਮੁਦਰਾ ਕਮਾਉਣ ਅਤੇ ਉਸ ਨਾਲ ਦੇਸ਼ ਵਿਚ ਉਤਪੰਨ ਵਸਤਾਂ ਦੀ ਮੰਗ ਵਧਾਉਣ ਦਾ

ਦੋਹਰਾ ਉਦੇਸ਼ ਵਧੇਰੇ ਨਿਰਯਾਤ ਕਰਨ ਨਾਲ ਹਾਸਲ ਕੀਤਾ ਜਾ ਸਕਦਾ ਹੈ। ਪਰ ਸੇਵਾਵਾਂ ਦਾ ਨਿਰਯਾਤ ਗ਼ੈਰ ਹੁਨਰ ਪ੍ਰਾਪਤ ਕਿਰਤੀਆਂ ਦੀ ਜਮਾਤ ਲਈ ਰੁਜ਼ਗਾਰ ਵਿਚ ਕੋਈ ਖ਼ਾਸ ਵਾਧਾ ਨਹੀਂ ਕਰ ਸਕਦਾ (ਮਿਤਰਾ 2011)। ਇਸ ਲਈ ਸੱਨਅਤੀ ਵਸਤਾਂ ਦਾ ਨਿਰਯਾਤ ਹੀ ਸਮੁੱਚਾ ਵਿਕਾਸ ਲਿਆ ਸਕਦਾ ਹੈ।

ਖ਼ਾਸ ਤੌਰ ਤੇ ਮਜ਼ਦੂਰ ਵਰਗ ਪ੍ਰੋਤਸਾਹਨ ਉਤਪਾਦਨਾਂ ਦੇ ਨਿਰਯਾਤ ਨਾਲ ਅਜਿਹੀਆਂ ਵਸਤਾਂ ਦੇ ਉਤਪਾਦਨ ਵਿਚ ਵਾਧਾ ਹੋ ਸਕਦਾ ਹੈ ਜਿਸ ਨਾਲ ਖੇਤੀਬਾੜੀ ਵਿਚੋਂ ਸੱਨਅਤੀ ਵਸਤਾਂ ਉਤਪਾਦਨ ਖੇਤਰ ਵੱਲ ਗਏ ਕਿਰਤੀਆਂ ਲਈ ਵਧੇਰੇ ਰੁਜ਼ਗਾਰ ਦੇ ਮੌਕੇ ਪੈਦਾ ਹੋ ਸਕਦੇ ਹਨ। ਮਜ਼ਦੂਰ ਵਰਗ ਦਾ ਘੱਟ ਹੁਨਰ ਆਧਾਰ ਹੋਣ ਕਾਰਨ ਉਨ੍ਹਾਂ ਨੇ ਉੱਚੀਆਂ ਉਤਪਾਦਨ ਸੇਵਾਵਾਂ ਵਿਚ ਲਗਾ ਲੈਣ ਦੀਆਂ ਸੰਭਵਾਨਾਵਾਂ ਵੀ ਬਹੁਤ ਸੀਮਤ ਹੁੰਦੀਆਂ ਹਨ। ਦੂਜੇ ਪਾਸੇ, ਜੇਕਰ ਉਤਪਾਦਤ ਵਸਤਾਂ ਦੀ ਮੰਗ ਨਹੀਂ ਵਧਦੀ ਤਾਂ ਸੱਨਅਤੀ ਵਸਤਾਂ ਉਤਪਾਦਨ ਖੇਤਰ ਵਿਚ ਮਜ਼ਦੂਰ ਵਰਗ ਦੀ ਖਪਾਈ ਉਨ੍ਹਾਂ ਦੀ ਆਮਦਨ ਵਿਚ ਵਾਧਾ ਨਹੀਂ ਕਰ ਸਕਦੀ। ਇਸ ਦੇ ਨਾਲ-ਨਾਲ, ਵਧੇਰੇ ਉਜਰਤ ਤੇ ਵਧੇਰੇ ਨੌਕਰੀਆਂ ਵੀ ਉਸ ਸੂਰਤ ਵਿਚ ਹੀ ਸੰਭਵ ਹੋ ਸਕਦੀਆਂ ਹਨ ਜੇ ਉਤਪਾਦਨ ਵੀ ਵਧ ਰਿਹਾ ਹੋਵੇ। ਇਸ ਨੁਕਤੇ ਤੋਂ, ਪੂੰਜੀ ਆਧਾਰ ਵਿਚ ਸੁਧਾਰ ਅਤੇ ਤਕਨੀਕੀ ਵਿਕਾਸ ਬਹੁਤ ਜ਼ਰੂਰੀ ਹਨ। ਆਮ ਤੌਰ ਤੇ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਤਕਨੀਕੀ ਵਿਕਾਸ ਲਈ ਵਧੇਰੇ ਪੂੰਜੀ ਦੀ ਲੋੜ ਹੁੰਦੀ ਹੈ ਜਿਸ ਨਾਲ ਮਜ਼ਦੂਰ ਵਰਗ ਦੀ ਘੱਟ ਖਪਾਈ ਹੁੰਦੀ ਹੈ। ਪਰ ਕੁੱਝ ਅਧਿਐਨਾਂ ਤੋਂ ਇਹ ਵੀ ਪਤਾ ਲਗਦਾ ਹੈ ਕਿ ਨਵੀਂ ਖੋਜ ਦਾ ਨਤੀਜਾ ਹਮੇਸ਼ਾ ਹੀ ਉਤਪਾਦਨ ਪ੍ਰਕਿਰਿਆ ਦੇ ਹਰ ਪੜਾਅ ਵਿਚ ਵਾਧੂ ਪੂੰਜੀ ਨਿਵੇਸ਼ ਨਹੀਂ ਹੁੰਦਾ (ਵਿਵਾਰੇਲੀ 2011)। ਜੇ ਇਸ ਨਾਲ ਕੁਝ ਪੜਾਵਾਂ ਵਿਚ ਨੌਕਰੀਆਂ ਵਿਚ ਕਮੀ ਆ ਜਾਂਦੀ ਹੈ ਤਾਂ ਵੀ ਕੁੱਝ ਹੋਰ ਪੜਾਵਾਂ ਵਿਚ ਇਨ੍ਹਾਂ ਦੇ ਵਧ ਜਾਣ ਦੀਆਂ ਸੰਭਾਵਨਾਵਾਂ ਹੁੰਦੀਆਂ ਹਨ। ਇਸ ਤੋਂ ਇਲਾਵਾ, ਨਵੀਂ ਤਕਨਾਲੋਜੀ ਨੂੰ ਵੱਡੇ ਪੱਧਰ 'ਤੇ ਅਪਨਾਇਆ ਜਾ ਸਕਦਾ ਹੈ ਅਤੇ ਨਵੀਆਂ ਇਕਾਈਆਂ ਦੇ ਹੋਂਦ ਵਿਚ ਆਉਣ ਨਾਲ, ਇਹ ਵੱਡੇ ਪੱਧਰ 'ਤੇ ਉਤਪਾਦਨ ਵਿਚ ਵਾਧਾ ਕਰ ਸਕਦੀ ਹੈ। ਇਸ ਸਭ ਕੁਝ ਵਧੇਰੇ ਨੌਕਰੀਆਂ ਪੈਦਾ ਕਰ ਸਕਦਾ ਹੈ।

ਦੂਸਰਾ ਮੁੱਦਾ ਉੱਚੀ ਕੀਮਤ ਵਾਲੇ ਉਤਪਾਦਨਾਂ ਦੇ ਨਿਰਯਾਤ ਦਾ ਹੈ। ਕਈ ਅਜਿਹੀਆਂ ਉੱਚੀ ਕੀਮਤ ਵਾਲੀਆਂ ਵਸਤਾਂ ਹਨ ਜੋ ਵਧੇਰੇ ਮਜ਼ਦੂਰ ਮੁਖੀ ਹੁੰਦੀਆਂ ਹਨ। ਅਜਿਹੀਆਂ ਵਸਤਾਂ ਦਾ ਉਤਪਾਦਨ ਬਹੁਤ ਸੀਮਤ ਹੁੰਦਾ ਹੈ ਕਿਉਂਕਿ ਇਨ੍ਹਾਂ ਦੀ ਕੀਮਤ ਉੱਚੀ ਹੁੰਦੀ ਹੈ। ਪਰ ਅਜਿਹੇ ਉਤਪਾਦਨ ਵਿਕਸਤ ਦੇਸ਼ਾਂ ਦੀਆਂ ਮੰਡੀਆਂ ਵਿਚ ਆਸਾਨੀ ਨਾਲ ਵਿਕ ਜਾਂਦੇ ਹਨ। ਪੱਛਮੀ ਦੇਸ਼ਾਂ ਦੀ ਰੁਚੀ ਅਤੇ ਚਾਹਤ ਅਨੁਸਾਰ ਵਿਕਰੀ ਯੋਗ ਸਾਮਾਨ ਬਣਾਉਣ ਨਾਲ, ਉੱਚੀ ਕੀਮਤ ਦੀਆਂ ਵਸਤਾਂ ਦਾ ਨਿਰਯਾਤ ਵਧ ਸਕਦਾ ਹੈ ਜਿਸ ਨਾਲ ਰੁਜ਼ਗਾਰ ਅਤੇ ਵਿਦੇਸ਼ੀ ਮੁਦਰਾ ਕਮਾਉਣ ਉਪਰ ਚੰਗਾ ਅਸਰ ਪੈ ਸਕਦਾ ਹੈ। (ਜਿਵੇਂ ਕਿ ਰੇਸ਼ਮੀ ਧਾਗੇ ਦੇ ਬਣੇ ਪਹਿਨਣ ਵਾਲੇ ਕੱਪੜੇ)।

***2013-14 ਵਿਚ ਭਾਰਤ ਤੋਂ ਨਿਰਯਾਤ 'ਚ ਹੋਣ ਵਾਲੀਆਂ ਵਸਤਾਂ ਵਿਚ ਸੱਨਅਤੀ ਉਤਪਾਦਨ ਵਸਤਾਂ (63.7 ਪ੍ਰਤਿਸ਼ਤ) ਪੈਟਰੋਲੀਅਮ ਪਦਾਰਥ ਅਤੇ ਕੱਚਾ ਤੇਲ (20.1 ਪ੍ਰਤਿਸ਼ਤ), ਖੇਤੀਬਾੜੀ ਅਤੇ ਉਸ ਨਾਲ ਸੰਬੰਧਿਤ ਵਸਤਾਂ ਦਾ ਨਿਰਯਾਤ (13.8 ਪ੍ਰਤਿਸ਼ਤ) ਅਤੇ ਕੋਲੇ ਨੂੰ ਛੱਡ ਕੇ ਬਾਕੀ ਖਾਣਾਂ ਅਤੇ ਖਣਿਜ ਪਦਾਰਥਾਂ ਦਾ ਨਿਰਯਾਤ (1.8 ਪ੍ਰਤਿਸ਼ਤ) ਸੀ (ਆਰਥਿਕ ਸਰਵੇਖਣ 2013-14)। ਪਰ ਸਮੁੱਚੇ ਵਿਸ਼ਵ ਵਿਚ ਭਾਰਤ ਵਿਚ ਬਣੀਆਂ ਵਸਤਾਂ ਦਾ ਨਿਰਯਾਤ ਬਹੁਤ ਥੋੜ੍ਹਾ ਹਿੱਸਾ ਹੈ ਅਤੇ ਇਸ ਨੂੰ ਦੂਸਰੇ ਦੇਸ਼ਾਂ ਤੋਂ ਖ਼ਤਰਾ ਵੀ ਹੈ। ਉਦਾਹਰਣ ਵਜੋਂ, ਭਾਰਤ ਵਿਚ ਬਣੇ ਕੱਪੜਿਆਂ ਦੇ ਨਿਰਯਾਤ ਨੂੰ ਬੰਗਲਾਦੇਸ਼ ਤੋਂ ਭਾਰੀ ਚੁਣੌਤੀ ਮਿਲ ਰਹੀ ਹੈ।***

ਸੂਤੀ ਕੱਪੜਿਆਂ ਦੇ ਨਿਰਯਾਤ ਵਿਚ ਵੀ, ਜਿਸ ਵਿਚ ਕਿਹਾ ਜਾਂਦਾ ਹੈ ਕਿ ਭਾਰਤ ਕਾਫੀ ਸੁਵਿਧਾਜਨਕ ਸਥਾਨ 'ਤੇ ਹੈ ਅਤੇ ਜਿਸ ਦਾ ਇਥੋਂ ਦੇ ਕੱਪੜਾ ਨਿਰਯਾਤ ਵਿਚ ਵੱਡਾ ਹਿੱਸਾ ਹੈ, ਕੁੱਝ ਵਸਤਾਂ, ਜਿਵੇਂ ਕਿ ਮੇਜ਼ਪੋਸ਼ ਅਤੇ ਤੌਲੀਏ ਆਦਿ ਨੂੰ ਛੱਡ ਕੇ ਬਾਕੀ ਬਹੁਤੇ ਉਤਪਾਦਨਾਂ ਨੂੰ ਚੀਨ ਅਤੇ ਬੰਗਲਾਦੇਸ਼ ਤੋਂ ਸਖਤ ਮੁਕਾਬਲੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ (ਵਰਮਾ 2002)।

1990 ਦੇ ਦਹਾਕੇ ਦੇ ਸ਼ੁਰੂ ਦੇ ਸਾਲਾਂ ਵਿਚ, ਭਾਰਤ ਵਿਚ ਮਹਿਸੂਲ ਕਰ ਢਾਂਚਾ ਵੀ ਬੜਾ ਪੇਚੀਦਾ ਸੀ ਜੋ 1991-92 ਵਿਚ 128 ਪ੍ਰਤਿਸ਼ਤ ਦੀ ਦਰ ਤੋਂ ਘਟ ਕੇ 2004-05 ਦੇ ਅੰਤ੍ਰਿਮ ਬਜਟ ਵਿਚ 22.4 ਪ੍ਰਤਿਸ਼ਤ ਰਹਿ ਗਿਆ। ਇਸ ਸਮੇਂ ਦੌਰਾਨ, ਕੱਪੜਿਆਂ ਦੇ ਭਾਰ ਉਪਰ ਲੱਗਣ ਵਾਲਾ ਕਰ ਵੀ ਔਸਤ 72.5 ਪ੍ਰਤਿਸ਼ਤ ਤੋਂ ਘੱਟ ਕੇ 18.2 ਪ੍ਰਤਿਸ਼ਤ ਰਹਿ ਗਿਆ। ਪਰ ਫਿਰ ਵੀ ਬੇਸ਼ਕ ਕਰਾਂ ਦੀ ਔਸਤ ਦਰ ਵਿਚ ਕਮੀ ਆਈ। 2004-05 ਵਿਚ ਕਰਾਂ ਦੀਆਂ ਬਹੁਤ ਸਾਰੀਆਂ ਦਰਾਂ ਸਨ ਜੋ ਸਿਫ਼ਰ ਪ੍ਰਤਿਸ਼ਤ ਤੋਂ ਲੈ ਕੇ 150 ਪ੍ਰਤਿਸ਼ਤ ਦੀਆਂ ਦਰਾਂ ਵਿਚਕਾਰ ਲਗ ਰਹੀਆਂ ਸਨ। ਜਿਨ੍ਹਾਂ ਵਸਤਾਂ ਉਪਰ 2004-05 ਵਿਚ 100 ਪ੍ਰਤਿਸ਼ਤ ਜਾਂ ਉਸ ਤੋਂ ਵੱਧ ਕਰ ਲਗਦਾ ਸੀ, ਉਨ੍ਹਾਂ ਵਿਚ ਸ਼ਾਮਿਲ ਸਨ ਕੌਫ਼ੀ, ਚਾਹ, ਸ਼ਰਾਬ, ਇਤਰ ਅਤੇ ਸੁਗੰਧਤ ਵਸਤਾਂ, ਖੰਡ ਦੀਆਂ ਵਸਤਾਂ, ਅੰਗੂਰ ਅਤੇ ਰਸ, ਮੋਟਰ ਕਾਰਾਂ ਅਤੇ ਮੋਟਰ ਸਾਈਕਲ ਆਦਿ। 50 ਪ੍ਰਤਿਸ਼ਤ ਤੋਂ 100 ਪ੍ਰਤਿਸ਼ਤ ਕਰ ਲੱਗਣ ਵਾਲੀਆਂ ਵਸਤਾਂ ਵਿਚ ਸ਼ਾਮਿਲ ਸਨ, ਖਾਣ ਦੇ ਤੇਲ, ਕਣਕ, ਚੌਲ ਅਤੇ ਕੁੱਝ ਹੋਰ ਖੇਤੀ ਉਤਪਾਦਨ ਆਦਿ। ਆਯਾਤ ਮਹਿਸੂਲ ਕਰ ਦਰ 2010 ਵਿਚ ਹੋਰ ਘਟ ਗਈ ਅਤੇ ਵੱਧ ਤੋਂ ਵੱਧ ਦਰ ਲਗਭਗ 10 ਪ੍ਰਤਿਸ਼ਤ ਸੀ ਜੋ ਕਈ ਉਤਪਾਦਨਾਂ ਜਿਵੇਂ ਕਿ ਊਰਜਾ ਉਤਪਾਦਨ, ਮਸ਼ੀਨਾਂ, ਦਫ਼ਤਰੀ ਮਸ਼ੀਨਾਂ ਅਤੇ ਸਵੈਚਾਲਿਤ ਡਾਟਾ ਪ੍ਰੋਸੈਸਿੰਗ ਮਸ਼ੀਨਾਂ, ਦੂਰ-ਸੰਚਾਰ ਸਾਜ਼-ਸਾਮਾਨ, ਬਿਜਲੀ ਅਤੇ ਪਰਿਵਹਨ ਵਸਤਾਂ, ਆਦਿ ਉਪਰ ਲੱਗ ਰਹੀ ਸੀ। ਭਾਵੇਂ ਸਭ ਤੋਂ ਉੱਚ ਪਹਿਲ ਵਾਲੇ ਦੇਸ਼ ਲਈ ਕਰ ਢਾਂਚਾ ਕਾਫ਼ੀ ਕੁਝ ਦੂਸਰੇ ਦੇਸ਼ਾਂ ਦੇ ਮੁਕਾਬਲੇ ਦਾ ਹੈ ਪਰ ਫਿਰ ਵੀ ਭਾਰਤੀ ਗ਼ੈਰ ਖੇਤੀਬਾੜੀ ਵਸਤਾਂ ਉਪਰ ਕਰਾਂ ਵਿਚ ਕੁਝ ਖਾਮੀਆਂ ਹਨ (ਹੋਡਾ ਅਤੇ ਰਾਇ 2014)। ਭਾਰਤੀ ਨਿਰਯਾਤਕਾਂ ਨੂੰ ਕਈ ਕਿਸਮ ਦੇ ਦਸਤਾਵੇਜ਼ ਵੀ ਸਰਕਾਰੀ ਦਫ਼ਤਰਾਂ ਨੂੰ ਭੇਜਣੇ ਪੈਂਦੇ ਹਨ, ਜਿਵੇਂ ਕਿ ਲੈਟਰ ਆਫ਼ ਕਰੈਡਿਟ, ਅਗੇਤੀ ਅਦਾਇਗੀ ਦਾ ਪ੍ਰਮਾਣ, ਅਰਜ਼ੀ ਫਾਰਮ ਦਾ ਪਰਿੰਟ ਆਊਟ, ਵਿਦੇਸ਼ੀ ਪੂੰਜੀ ਦੇਸ਼ ਵਿਚ ਭੇਜਣ ਦਾ ਸਰਟੀਫਿਕੇਟ ਆਦਿ। ਇਸ ਦੇ ਨਾਲ-ਨਾਲ ਸਰਕਾਰੀ ਦਫ਼ਤਰਾਂ ਦੇ ਚੱਕਰ ਵੀ ਕੱਟਣੇ ਪੈਂਦੇ ਹਨ ਜੋ ਬਿਨਾਂ ਸ਼ੱਕ ਭਾਰਤੀ ਨਿਰਯਾਤ ਸਾਹਮਣੇ ਵੱਡੀ ਚੁਣੌਤੀ ਹਨ (ਸ਼ਰਮਾ 2014)।

ਭਾਰਤੀ ਵਪਾਰ ਨੂੰ ਦੂਸਰੇ ਦੇਸ਼ਾਂ ਵਿਚ ਮਾਲ ਲਿਜਾ ਕੇ ਰੱਖਣ ਦੀ ਕਾਰਵਾਈ ਤੋਂ ਵੀ

***ਬਾਕੀ ਸਫ਼ਾ 16 ਉੱਤੇ***

# ਨਿਰਮਾਣਸਾਜ਼ੀ 'ਚ ਜਾਰੀ ਰਹਿਣਯੋਗਤਾ ਤੇ ਨਵੀਆਂ ਕਾਢਾਂ ਦੀ ਲੋੜ

ਬਾਲਕ੍ਰਿਸ਼ਨਾ ਸੀ.ਰਾਓ

## ਜਾਣ-ਪਛਾਣ

ਜਲਵਾਯੂ ਪਰਿਵਰਤਨ ਨੂੰ ਵਿਗਿਆਨਕ ਤੌਰ ਤੇ ਮਨੁੱਖਤਾ ਨੂੰ ਦਰਪੇਸ਼ ਗੰਭੀਰ ਖ਼ਤਰੇ ਵਜੋਂ, ਵਿਸ਼ਵ ਦੀਆਂ ਸੰਸਥਾਵਾਂ ਜਿਵੇਂ ਕਿ ਇੰਟਰਨੈਸ਼ਨਲ ਐਨਰਜੀ ਏਜੰਸੀ (ਆਈ ਈ ਏ), ਮਿਲੇਨੀਅਮ ਈਕੋਸਿਸਟਮ ਅਸੈਸਮੈਂਟ (ਐਮ ਏ) ਅਤੇ ਜਲਵਾਯੂ ਪਰਿਵਰਤਨ ਬਾਰੇ ਅੰਤਰ-ਸਰਕਾਰੀ ਪੈਨਲ (ਆਈ ਪੀ ਸੀ ਸੀ) ਵਰਗੀਕ੍ਰਿਤ ਕੀਤਾ ਗਿਆ ਹੈ। ਅਜਿਹੀ ਘਟਨਾ ਦਾ ਕਾਰਨ ਦੁਨੀਆਂ ਭਰ ਵਿਚ ਸਾਲਾਂਬੱਧੀ ਗ੍ਰੀਨ ਹਾਊਸ ਗੈਸਾਂ (ਜੀ ਐਚ ਜੀ) ਦਾ ਨਿਕਾਸ ਹੈ ਜੋ ਵੱਖ-ਵੱਖ ਮਾਨਵੀ ਸਰਗਰਮੀਆਂ ਦੁਆਰਾ ਪੈਦਾ ਹੁੰਦੀਆਂ ਹਨ। ਅਸਲ ਵਿਚ, ਜਲਵਾਯੂ ਪਰਿਵਰਤਨ, ਸੰਸਥਾਨਾਂ ਦੀ ਕਮੀ ਅਤੇ ਸੰਬੰਧਿਤ ਪ੍ਰਭਾਵਾਂ ਦੇ ਨਾਂਹ ਪੱਖੀ ਅਸਰ ਦਾ ਐਲਾਨ ਭਾਰਤ ਦੀ ਜਨਸੰਖਿਆ ਘਣਤਾ, ਵੱਡਾ ਸਮੁੰਦਰੀ ਤੱਟ ਅਤੇ ਨਾਗਰਿਕਾਂ ਦੀ ਭਲਾਈ ਦੇ ਸੰਬੰਧ ਵਿਚ ਦੂਜੇ ਪੱਖਾਂ ਨੂੰ ਧਿਆਨ ਵਿਚ ਰੱਖ ਕੇ ਕੀਤਾ ਜਾਵੇਗਾ। ਨਿਰਮਾਣਸਾਜ਼ੀ ਅਜਿਹੀ ਹੀ ਇਕ ਮਨੁੱਖੀ ਸਰਗਰਮੀ ਹੈ ਜੋ ਉਦਯੋਗਿਕ ਕ੍ਰਾਂਤੀ ਦੇ ਆਰੰਭ ਹੋਣ ਦੇ ਸਮੇਂ ਤੋਂ ਹੀ ਉਦਯੋਗਿਕ ਦੇਸ਼ਾਂ ਅਤੇ ਹਾਲ ਹੀ ਵਿਚ, ਚੀਨ ਅਤੇ ਭਾਰਤ ਵਰਗੇ ਉੱਭਰ ਰਹੇ ਬਾਜ਼ਾਰਾਂ ਦੀ ਰੀੜ੍ਹ ਦੀ ਹੱਡੀ ਦਾ ਅਹਿਮ ਅੰਗ ਰਹੀ ਹੈ। ਵਿਸ਼ਵੀਕਰਨ ਦੀ ਖੋਜ ਨਾਲ ਹੀ ਇਨ੍ਹਾਂ ਉੱਭਰ ਰਹੀਆਂ ਆਰਥਿਕਤਾਵਾਂ ਅੰਦਰ ਬਹੁਤ ਸਾਰੇ ਨਿਰਮਾਣ ਕਾਰਜ ਕੀਤੇ ਜਾ ਰਹੇ ਹਨ ਜੋ ਵਿਕਸਤ ਦੁਨੀਆਂ ਦੀਆਂ ਬਹੁਤ ਸਾਰੀਆਂ ਵੱਡੀਆਂ, ਵਿਦੇਸ਼ੀ ਸ਼ਾਖਾਵਾਂ ਦੇ ਘਰ ਹਨ। ਨਿਰਮਾਣਸਾਜ਼ੀ ਸਰਗਰਮੀਆਂ ਦੀ ਅਜਿਹੀ ਆਊਟਸੋਰਸਿੰਗ ਨੇ ਚੀਨ ਅਤੇ ਭਾਰਤ ਵਰਗੇ ਉੱਭਰ ਰਹੇ ਬਾਜ਼ਾਰਾਂ ਦੇ ਵਿਸ਼ਾਲ ਨਿਰਮਾਣਸਾਜ਼ੀ ਆਧਾਰ ਨੂੰ ਹੋਰ ਸਮਰੱਥ ਕੀਤਾ ਹੈ।

ਭਾਰਤੀ ਨਿਰਮਾਣਸਾਜ਼ੀ ਖੇਤਰ ਦੇ ਜਵਾਨ ਹੋਣ ਨਾਲ ਹੀ, 2012 ਦੀ ਰਿਪੋਰਟ ਅਨੁਸਾਰ ਵਿਸ਼ਵ ਨਿਰਮਾਣਸਾਜ਼ੀ 'ਚ 10 ਪ੍ਰਤਿਸ਼ਤ ਹਿੱਸੇਦਾਰੀ ਸੀ ਅਤੇ ਇਸ ਨੇ 2014 ਵਿਚ ਭਾਰਤ ਦੇ ਕੁੱਲ ਘਰੇਲੂ ਉਤਪਾਦ ਵਿਚ 15 ਪ੍ਰਤਿਸ਼ਤ ਹਿੱਸਾ ਪਾਇਆ ਹੈ। ਨਿਰਮਾਣਸਾਜ਼ੀ ਦੇ ਨੇੜ ਭਵਿੱਖ ਵਿਚ ਭਾਰਤੀ ਕੁੱਲ ਘਰੇਲੂ ਉਤਪਾਦ ਵਿਚ ਵੱਡਾ ਹਿੱਸਾ ਪਾਉਂਦੇ ਨਜ਼ਰ ਆਉਣ ਕਰਕੇ, ਭਾਰਤੀ ਨਿਰਮਾਣਕਾਰਾਂ ਲਈ ਜਾਰੀ ਰਹਿਣਯੋਗਤਾ ਦੇ ਸੰਕਲਪਾਂ ਨੂੰ ਗਲ਼ੇ ਲਗਾਉਣਾ ਬਹੁਤ ਅਹਿਮ ਹੈ। ਅਜਿਹਾ ਇਸ ਲਈ ਕਿਉਂਕਿ ਚੀਨ ਦੇ ਨਾਲ ਭਾਰਤ ਨੂੰ ਵਰਤਮਾਨ ਵਿਚ ਗ੍ਰੀਨ ਹਾਊਸ ਗੈਸਾਂ ਦੇ ਸਭ ਤੋਂ ਵੱਡੇ ਨਿਕਾਸਕਾਰਾਂ ਵਿਚ ਸ਼ਾਮਿਲ ਕੀਤਾ ਜਾਂਦਾ ਹੈ। ਗ੍ਰੀਨ ਹਾਊਸ ਗੈਸਾਂ ਦੀ ਅਜਿਹੀ ਵੱਡੀ ਨਿਕਾਸੀ, ਜਿਸ ਦੇ ਨੇੜ ਭਵਿੱਖ ਵਿਚ ਜਾਰੀ ਰਹਿਣ ਦੀ ਆਸ ਹੈ, ਵਿਚ ਸਰਕਾਰ ਵਲੋਂ ਰੋਕਾਂ ਅਤੇ ਪਾਬੰਦੀਆਂ ਸ਼ਾਮਿਲ ਹੋਣਗੀਆਂ ਤਾਂ ਕਿ ਕਾਰਬਨ ਦੀ ਮਾਤਰਾ ਨੂੰ ਘੱਟ ਕੀਤਾ ਜਾ ਸਕੇ। ਹੋਰ, ਵਿਸ਼ਵ ਵਪਾਰ ਵਿਚ ਸੁਧਾਰ ਲਈ ਜਾਰੀ ਰਹਿਣਯੋਗ ਆਧਾਰਿਤ ਪ੍ਰਮਾਣੀਕਰਨ ਦੀ ਵੀ ਲੋੜ ਹੈ, ਗੁਣਵੱਤਾ ਵਾਲੇ ਉਤਪਾਦਾਂ ਦੀ ਮੰਗ ਕਰਕੇ, ਜੋ ਉਤਪਾਦਨ, ਵਰਤੋਂ ਅਤੇ ਖਤਮ ਹੋਣ ਤਕ ਸਾਫ਼ ਸ਼ੁੱਧ ਹੁੰਦੇ ਹਨ। ਇਸ ਕਰਕੇ, ਜਾਰੀ ਰਹਿਣਯੋਗ ਆਧਾਰਿਤ ਤਕਨਾਲੋਜੀ ਅਤੇ ਸੇਵਾਵਾਂ ਨੂੰ ਇਸ ਪਿੱਠਭੂਮੀ ਵਿਚ ਜਲਦੀ ਅਪਣਾਉਣ ਨਾਲ ਭਾਰਤੀ ਨਿਰਮਾਣਕਾਰਾਂ ਦੀ ਵਿਰੋਧੀਆਂ 'ਤੇ ਲੱਤ ਉੱਤੇ ਹੋ ਜਾਵੇਗੀ।

## ਜਾਰੀ ਰਹਿਣਯੋਗਤਾ ਅਤੇ ਮੇਕ ਇਨ ਇੰਡੀਆ

ਖ਼ਾਸ ਕਰਕੇ ਸਥਿਰ ਵਿਕਾਸ, ਸਰਬ ਪੱਖੀ ਵਿਕਾਸ ਹੈ ਜਿਸ ਦਾ ਕੇਂਦਰ ਬਿੰਦੂ ਵਾਤਾਵਰਨ ਪ੍ਰਤਿ ਸ਼ੁੱਧ ਹੋਣਾ ਹੈ। ਜਲਵਾਯੂ ਪਰਿਵਰਤਨ ਅਤੇ ਸਰੋਤਾਂ ਦੀ ਘਾਟ, ਜਿਸ ਵਿਚ ਪਾਣੀ ਵੀ ਸ਼ਾਮਿਲ ਹੈ, ਵਿਸ਼ਵ ਭਰ ਵਿਚ ਆਰਥਿਕਤਾਵਾਂ ਨੂੰ ਇਹ ਸੰਕਲਪ ਅਪਣਾਉਣ ਲਈ ਉਤਸ਼ਾਹਿਤ ਕਰ ਰਹੇ ਹਨ ਤਾਂ ਕਿ ਆਉਣ ਵਾਲੀਆਂ ਨਸਲਾਂ ਲਈ ਵਧੀਆ ਕੰਮ ਕਰਨ ਵਾਲਾ ਗ੍ਰਹਿ ਛੱਡ ਕੇ ਜਾਇਆ ਜਾ ਸਕੇ। ਜਾਰੀ ਰਹਿਣਯੋਗ ਵਿਕਾਸ 'ਪੰਘੂੜੇ-ਤੇ-ਪੰਘੂੜੇ' ਦੀ ਪਹੁੰਚ ਹੈ, ਬਜਾਇ ਕਿ ਪੰਘੂੜੇ-ਤੋਂ-ਕਬਰ ਦੇ, ਜਿਸ ਵਿਚ ਨਵਿਆਉਣਯੋਗ, ਪੁਨਰਵਰਤੋਂ ਅਤੇ ਖਰਾਬ ਪੁਰਜ਼ਿਆਂ ਨੂੰ ਨਿਰਮਾਣ ਦੇ ਲਈ ਸਰਗਰਮ ਰੂਪ ਵਿਚ ਵਰਤਿਆ ਜਾਦਾ ਹੈ ਤਾਂ ਕਿ ਵਾਤਾਵਰਨ 'ਤੇ ਘੱਟ ਤੋਂ ਘੱਟ ਨਾਂਹ ਪੱਖੀ ਪ੍ਰਭਾਵ ਪੈਣ ਅਤੇ ਚੰਗੀ ਗੁਣਵੱਤਾ ਵਾਲੇ ਉਤਪਾਦ ਅਤੇ ਸੇਵਾਵਾਂ ਉਪਲਬਧ ਕਰਵਾ ਕੇ ਸਮਾਜ ਦੇ ਜੀਵਨ ਪੱਧਰ ਵਿਚ ਸੁਧਾਰ ਕੀਤਾ ਜਾ ਸਕੇ। ਇਹ ਗੌਰ ਕਰਨਾ ਬਣਦਾ ਹੈ ਕਿ 'ਪੰਘੂੜੇ ਤੋਂ ਕਬਰ' ਤਕ ਦੀ ਪਹੁੰਚ ਨੂੰ ਵਰ੍ਹਿਆਂ ਬੱਧੀ ਇਸਤੇਮਾਲ ਕੀਤਾ ਜਾ ਰਿਹਾ ਹੈ ਜਿਥੇ ਲਾਭਕਾਰੀ ਵੇਲਾ ਵਿਹਾ ਚੁੱਕੇ ਉਤਪਾਦ ਨੂੰ ਸੁੱਟ ਦਿਤਾ ਜਾਂਦਾ ਹੈ। ਜਾਰੀ ਰਹਿਣਯੋਗ ਵਿਕਾਸ ਦੀ ਝੋਲੀ ਵਿਚ ਭਾਰਤੀ ਨਿਰਮਾਣਸਾਜ਼ੀ ਦੀ ਬੇਹਤਰੀ ਲਈ ਬਹੁਤ ਕੁੱਝ ਹੈ। ਭਾਰਤੀ ਨਿਰਮਾਣਸਾਜ਼ੀ ਵਲੋਂ ਸਥਿਰਤਾ ਦੇ ਅਸੂਲਾਂ ਨੂੰ ਅਪਣਾਉਣ ਲਈ ਵਿੱਢੀ ਮੁਹਿੰਮ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ 'ਮੇਕ ਇੰਨ ਇੰਡੀਆ' ਲਹਿਰ ਨੂੰ ਸਫਲ ਕਰਨ ਵਿਚ ਬਹੁਤ ਦੂਰ ਤਕ ਜਾਵੇਗੀ, ਜਿਸ ਦਾ ਸੁਪਨਾ ਭਾਰਤ ਦੇ ਨਿਰਮਾਣਸਾਜ਼ੀ ਢਾਂਚੇ ਤੇ ਪਰਿਸ਼ਦ ਦੇ ਆਧੁਨਿਕੀਕਰਨ ਲਈ ਵੇਖਿਆ ਗਿਆ ਹੈ। ਇਸ ਨਾਲ ਭਾਰਤੀ ਨਿਰਮਾਣਸਾਜ਼ੀ ਸਹੀ ਅਰਥਾਂ ਵਿਚ ਵਿਸ਼ਵ ਮੁਕਾਬਲੇਬਾਜ਼ੀ ਦਾ ਹਾਣੀ ਹੋ ਜਾਵੇਗਾ। ਅਜਿਹਾ ਇਸ ਲਈ ਕਿਉਂਕਿ ਚੀਨ ਜੋ ਤੇਜ਼ੀ ਨਾਲ ਉਦਯੋਗਿਕ ਮੁਕਾਬਲੇਬਾਜ਼ੀ ਵਜੋਂ ਉੱਭਰ ਰਿਹਾ ਹੈ ਅਤੇ ਜਰਮਨੀ ਇਕ ਉਦਯੋਗਿਕ ਰਾਸ਼ਟਰ ਜਿਸ ਦਾ ਊਰਜਾ ਯੋਜਨਾ ਨੂੰ *ਐਨਰਜੀਵੇਂਡੇ* ਆਖਿਆ ਜਾਂਦਾ ਹੈ, ਵਰਗੇ ਦੇਸ਼ ਵੱਖ-ਵੱਖ ਖੇਤਰਾਂ, ਜਿਸ

ਵਿਚ ਨਿਰਮਾਣਸਾਜ਼ੀ ਵੀ ਸ਼ਾਮਿਲ ਹੈ, ਵਿਚ ਜਲਵਾਯੂ ਦੇ ਪਰਿਵਰਤਨ ਨੂੰ ਘੱਟ ਤੋਂ ਘੱਟ ਕਰਨ ਲਈ 'ਸਾਫ਼ ਤਕਨਾਲੋਜੀਆਂ' ਅਪਣਾ ਰਹੇ ਹਨ। ਧਰਤੀ ਨੂੰ ਦਰਪੇਸ਼ ਸਕੰਟਾਂ ਨਾਲ ਨਜਿੱਠਣ ਲਈ ਸਵੱਛ ਤਕਨਾਲੋਜੀਆਂ ਨੂੰ ਜਲਦੀ ਅਪਣਾਉਣ ਨਾਲ ਇਨ੍ਹਾਂ ਦੇਸ਼ਾਂ ਨੂੰ ਨਿਰਮਾਣ ਸਮੱਗਰੀ ਅਤੇ ਪ੍ਰਕਿਰਿਆਵਾਂ ਬਣਾਉਣ ਵਿਚ ਪਹਿਲ ਮਿਲ ਗਈ ਹੈ ਜੋ ਉਤਪਾਦਿਕਤਾ ਵਧਾਉਣ ਦੇ ਨਾਲ-ਨਾਲ ਵਾਤਾਵਰਨ ਲਈ ਵੀ ਸਹਾਇਕ ਹਨ। ਸਿੱਟੇ ਵਜੋਂ, ਇਨ੍ਹਾਂ ਦੇਸ਼ਾਂ ਦੁਆਰਾ ਇਹ ਤਕਨਾਲੋਜੀਆਂ ਬਣਾਉਣ ਲਈ ਲੱਗੀ ਦੌੜ ਨਿਰਮਾਣ ਸਰਗਰਮੀਆਂ ਦੀ ਕੁਸ਼ਲਤਾ ਵਿਚ ਸੁਧਾਰ ਦਾ ਕਾਰਨ ਬਣੇਗੀ, ਜਿਸ ਨਾਲ ਨਿਰਮਾਣਸਾਜ਼ੀ ਖੇਤਰ ਦੀਆਂ ਲਾਗਤਾਂ ਘੱਟ ਹੋਣਗੀਆਂ ਅਤੇ ਉਨ੍ਹਾਂ ਦਾ ਮੁਨਾਫ਼ਾ ਵਧੇਗਾ। ਇਸ ਕਰਕੇ, ਸਵੱਛ ਨਿਰਮਾਣਸਾਜ਼ੀ ਤਕਨਾਲੋਜੀਆਂ ਦਾ ਵਿਕਾਸ ਭਾਰਤ ਵਰਗੀ ਵਿਕਸਤ ਹੋ ਰਹੀ ਆਰਥਿਕਤਾ ਵਾਸਤੇ ਸ਼ੁੱਭ ਸ਼ਗਨ ਹੈ, ਜੇ ਇਸ ਵਿਚੋਂ ਜਲਵਾਯੂ ਪਰਿਵਰਤਨ ਦੇ ਖ਼ਤਰੇ ਨੂੰ ਮਨਫ਼ੀ ਕਰ ਦਈਏ। ਭਾਰਤੀ ਨਿਰਮਾਣ ਵਿਚ ਸਫਲਤਾ ਸਹਿਤ ਜਾਰੀ ਰਹਿਣਯੋਗਤਾ ਲਿਆਉਣ ਨਾਲ ਲਾਭਕਾਰੀ ਪ੍ਰਕਿਰਿਆਵਾਂ ਅਤੇ ਆਧੁਨਿਕ ਮਸ਼ੀਨੀ ਯੰਤਰਾਂ ਦਾ ਵਿਕਾਸ ਹੋਵੇਗਾ ਜੋ ਮੋਟਰ ਗੱਡੀਆਂ, ਸਿਹਤ ਸੰਭਾਲ ਅਤੇ ਪੁਲਾੜ ਵਰਗੇ ਖੇਤਰਾਂ ਲਈ ਸਾਦੇ ਤੋਂ ਲੈ ਕੇ ਅਤਿ-ਆਧੁਨਿਕ ਪੁਰਜ਼ੇ ਬਣਾਉਣ ਲਈ ਲੋੜੀਂਦੇ ਹਨ। ਭਾਰਤੀ ਮਸ਼ੀਨ-ਟੂਲ ਉਦਯੋਗ ਨੂੰ ਖ਼ਾਸ ਕਰਕੇ ਇਸ ਮੌਕੇ ਨੂੰ ਗ੍ਰੀਨ ਪ੍ਰਮਾਣੀਕਰਨ ਦੇ ਹਾਣੀ ਯੰਤਰਾਂ ਦਾ ਖ਼ਾਕਾ ਬਣਾਉਣ ਅਤੇ ਉਤਪਾਦਨ ਲਈ ਹੱਥੋਂ ਨਹੀਂ ਜਾਣ ਦੇਣਾ ਚਾਹੀਦਾ ਜੋ ਨਿਰਮਾਣਸਾਜ਼ੀ ਢਾਂਚੇ ਨੂੰ ਵੱਡੀ ਮਜ਼ਬੂਤੀ ਦੇਣਗੇ। ਜਾਰੀ ਰਹਿਣਯੋਗ ਨਿਰਮਾਣਸਾਜ਼ੀ ਦੇ ਸੰਕਲਪ ਵਿਚ ਵਿਗਿਆਨ ਅਤੇ ਇੰਜੀਨੀਅਰ ਦੇ ਨਾਲ ਖੋਜ ਅਤੇ ਵਿਕਾਸ ਲਈ ਅਤਿ-ਆਧੁਨਿਕ ਖੋਜਾਂ 'ਤੇ ਜ਼ੋਰ ਦਿਤਾ ਗਿਆ ਹੈ ਤਾਂ ਕਿ ਉਤਪਾਦ ਗੁਣਵੱਤਾ ਅਤੇ ਵਾਤਾਵਰਨ 'ਤੇ ਘੱਟੋ-ਘੱਟ ਪ੍ਰਭਾਵ ਪੈਣ ਦੇ ਟੀਚਿਆਂ ਨੂੰ ਹਾਸਲ ਕੀਤਾ ਜਾ ਸਕੇ। ਸਿੱਟੇ ਵਜੋਂ, ਤਕਨਾਲੋਜੀ ਵਿਚ ਵਿਸ਼ਵ ਦੀ ਅਗਵਾਈ ਕਰਨ ਤੋਂ ਅਗਾਂਹ, ਜਾਰੀ ਰਹਿਣਯੋਗ ਵਿਕਾਸ ਵੱਖ-ਵੱਖ ਹੁਨਰ ਦੇ ਪੱਧਰ ਤੇ ਸਹਿਵਰਤੀ ਅਤਿ ਆਧੁਨਿਕ ਜਾਣਕਾਰੀ ਦੇ ਆਧਾਰ ਨਾਲ ਰੁਜ਼ਗਾਰ ਦੇ ਮੌਕੇ ਪੈਦਾ ਕਰੇਗਾ ਜਿਸ ਦੀ ਦੂਜੇ ਦੇਸ਼ਾਂ ਵਲੋਂ ਵੀ ਮੰਗ ਕੀਤੀ ਜਾਵੇਗੀ। ਅਖੀਰ ਵਿਚ, ਭਾਰਤੀ ਨਿਰਮਾਣਸਾਜ਼ੀ ਖੇਤਰ ਵਿਚ ਅਜਿਹਾ ਆਧੁਨਿਕੀਕਰਨ ਦੇਸ਼ ਨੂੰ ਨਾਗਰਿਕ ਅਤੇ ਰੱਖਿਆ ਕਾਰਜਾਂ ਵਿਚ ਸਵੈ-ਨਿਰਭਰ ਬਣਾਏਗਾ।

ਨਿਰਮਾਣਸਾਜ਼ੀ ਖੇਤਰ ਨਵੀਆਂ ਕਾਢਾਂ ਲਈ ਵੀ ਚੰਗੇ ਮੌਕੇ ਪੇਸ਼ ਕਰਦਾ ਹੈ ਜੋ ਉਤਪਾਦ ਦੇ ਵਿਕਾਸ ਲਈ ਜ਼ਰੂਰੀ ਹਨ। ਅਜਿਹੇ ਮੌਕਿਆਂ ਦਾ ਇਕ ਉਦਾਹਰਣ ਉਦੋਂ ਪੈਦਾ ਹੁੰਦਾ ਹੈ ਜਦੋਂ ਕਿਸੇ ਉਤਪਾਦ ਦਾ ਖ਼ਾਕਾ ਬਣਾਉਂਦੇ ਸਮੇਂ ਪ੍ਰਕਿਰਿਆ ਵਿਚ ਰੁਕਾਵਟਾਂ ਨਜ਼ਰ ਆਉਂਦੀਆਂ ਹਨ। ਕਿਸੇ ਉਤਪਾਦ ਨੂੰ ਨਵੇਂ ਸਿਰਿਉਂ ਬਣਾਉਣਾ, ਜੋ ਇਕ ਵਧੀਕ ਜਾਂ ਨਵੀਂ ਨਕੋਰ ਕਾਢ ਹੋ ਸਕਦੀ ਹੈ, ਅਜਿਹੀਆਂ ਰੁਕਾਵਟਾਂ ਨੂੰ ਦੂਰ ਕਰ ਸਕਦਾ ਹੈ। ਅਜਿਹੀਆਂ ਰੁਕਾਵਟਾਂ ਸਮੁੱਚੇ ਰੂਪ ਵਿਚ ਨਿਰਮਾਣ ਦੀ ਨਵੀਂ ਪ੍ਰਕਿਰਿਆ ਵਿਚ ਸੁਧਾਰ ਜਾਂ ਖ਼ਾਕਾ ਬਣਾਉਣ ਦਾ ਰਸਤਾ ਖੋਲ੍ਹ ਸਕਦੀਆਂ ਹਨ। ਅਸਲ ਵਿਚ, ਅਜਿਹੀਆਂ ਖੋਜਾਂ ਵੱਡੇ ਪੱਧਰ 'ਤੇ ਨਿਰਮਾਣਸਾਜ਼ੀ ਤੋਂ ਬਿਨਾਂ ਦੂਸਰੇ ਖੇਤਰਾਂ 'ਤੇ ਵੀ ਅਸਰ ਪਾ ਸਕਦੀਆਂ ਹਨ। ਅਮਰੀਕਾ ਦੇ ਵਰਤਮਾਨ ਪ੍ਰਬੰਧਨ ਨੇ ਨਿਰਮਾਣਸਾਜ਼ੀ ਸਰਗਰਮੀਆਂ ਨੂੰ ਦੇਸ਼ ਤੋਂ ਬਾਹਰ ਭੇਜਣ ਵਿਚ ਹੋਏ ਨੁਕਸਾਨ ਦਾ ਅਹਿਸਾਸ ਕਰਦਿਆਂ, ਪਿਛਲੇ ਵਰ੍ਹਿਆਂ ਵਿਚ ਨਿਰਮਾਣਸਾਜ਼ੀ ਕਾਢਾਂ ਲਈ ਇਕ ਰਾਸ਼ਟਰੀ ਨੈੱਟਵਰਕ (ਐੱਨ ਐੱਨ ਐੱਮ ਆਈ) ਦੀ ਸਥਾਪਨਾ ਕੀਤੀ ਹੈ ਜੋ ਅਮਰੀਕਨ ਸਰਹੱਦਾਂ ਅੰਦਰ ਨਿਰਮਾਣ ਸਰਗਰਮੀਆਂ ਸੀਮਤ ਕਰਨ ਨੂੰ ਉਤਸ਼ਾਹਿਤ ਕਰੇਗਾ। ਹੋਰ, ਸਰੋਤਾਂ ਦੀ ਕਮੀ ਦੇ ਚਲਦਿਆਂ ਖੋਜ ਖੇਤਰ ਵਿਚ ਭਾਰਤ ਦੀ ਤਾਕਤ ਦਾ ਜਿਥੇ ਸੰਭਵ ਹੋਵੇ, ਢੁਕਵੀਆਂ ਅਤੇ ਕਿਫ਼ਾਇਤੀ ਕਾਢਾਂ ਦੇਣ ਲਈ, ਇਸਤੇਮਾਲ ਕਰਨਾ ਚਾਹੀਦਾ ਹੈ। ਕਿਫ਼ਾਇਤੀ ਉਤਪਾਦ, ਜੋ ਗੁਣਵੱਤਾ ਵਿਚ ਵਧੀਆ ਅਤੇ ਭਾਰਤੀ ਸਮਾਜ ਦੀ ਪਹੁੰਚ ਵਿਚ ਹੋਣ, ਦੇ ਨਿਰਮਾਣ ਲਈ ਕਾਫ਼ੀ ਸੰਭਾਵਨਾਵਾਂ ਹਨ, ਜਿਸ ਨਾਲ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਿਆ ਜਾ ਸਕਦਾ ਹੈ। ਇਸ ਸੰਬੰਧ ਵਿਚ, ਇੰਜੀਨੀਅਰਿੰਗ ਵਿਚ ਕਿਫ਼ਾਇਤ ਦੇ ਹਾਲੀਆ ਕਾਰਜ, ਜੋ ਜ਼ਮੀਨੀ ਵਰਤਾਰੇ ਤਕ ਸੀਮਤ ਨਹੀਂ ਹਨ, ਗੌਰ ਕਰਨ ਵਾਲੇ ਹਨ। ਇਨ੍ਹਾਂ ਕਾਢਾਂ ਦੀ ਕਿਫ਼ਾਇਤੀ ਕਿਸਮ ਸਥਿਰ ਵਿਕਾਸ ਵਿਚ ਮਦਦਗਾਰ ਸਾਬਤ ਹੋਵੇਗੀ ਜੋ ਵਿਸ਼ਵ ਭਰ ਦੀਆਂ ਪ੍ਰਫੁੱਲਤ ਹੋ ਰਹੀਆਂ ਆਰਥਿਕਤਾਵਾਂ ਵਿਚ ਜਾਰੀ ਕੀਤੇ ਗਏ ਜ਼ਿਆਦਾਤਰ ਉਤਪਾਦ ਅਤੇ ਸੇਵਾਵਾਂ ਨੂੰ ਸਥਾਪਿਤ ਕਰਨ ਵਿਚ ਸਹਾਈ ਹੋਣਗੀਆਂ।

## ਵਧੇਰੇ ਖੋਜ ਤੇ ਵਿਕਾਸ ਦੀ ਲੋੜ

ਕੁੱਲ ਮਿਲਾ ਕੇ, ਭਾਰਤੀ ਨਿਰਮਾਣਸਾਜ਼ੀ ਖੇਤਰ ਨੂੰ ਹੋਰ ਵਧੇਰੇ ਦੇਸੀ ਖੋਜ ਅਤੇ ਵਿਕਾਸ ਕਰਨ ਦੀ ਲੋੜ ਹੈ ਤਾਂ ਕਿ ਜਾਰੀ ਰਹਿਣਯੋਗ ਵਿਕਾਸ ਦੇ ਸਿਧਾਂਤਾਂ ਨਾਲ ਨਿਰਮਾਣਸਾਜ਼ੀ ਨੂੰ ਜੋੜਿਆ ਜਾ ਸਕੇ। ਭਾਰਤ ਦੀਆਂ ਵਧ ਰਹੀਆਂ ਜ਼ਰੂਰਤਾਂ ਪੂਰੀਆਂ ਕਰਨ ਤੋਂ ਬਿਨਾਂ, ਅਜਿਹੀਆਂ ਖੋਜ ਤੇ ਵਿਕਾਸ ਸਰਗਰਮੀਆਂ ਭਾਰਤੀ ਨਿਰਮਾਣ-ਸਾਜ਼ੀ ਖੇਤਰ ਨੂੰ ਦੁਨੀਆਂ ਭਰ ਵਿਚ, ਸਾਫ਼ ਅਤੇ ਗ੍ਰੀਨ ਤਕਨਾਲੋਜੀ ਦੇ ਮਾਮਲੇ ਵਿਚ, ਚੀਨ ਤੇ ਹੋਰ ਵਿਕਸਤ ਦੇਸ਼ਾਂ ਵਾਂਗ, ਮੋਹਰੀ ਬਣਾ ਦੇਣਗੀਆਂ। ਭਾਰਤੀ ਨਿਰਮਾਣ ਖੇਤਰ ਦੇ ਕਾਇਆ ਕਲਪ ਲਈ ਭਾਰਤ ਕੋਲ ਖੋਜ ਦੇ ਸ਼ਾਨਦਾਰ ਕੇਂਦਰ ਹਨ। ਖੋਜ ਦੇ ਕੇਂਦਰ ਸੰਕੇਤ ਦਿੰਦੇ ਹਨ ਕਿ ਸਿੱਖਿਆ ਸੰਸਥਾਨਾਂ, ਜਿਵੇਂ ਕਿ ਆਈ ਆਈ ਟੀ, ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਅਤੇ ਦੂਜੇ ਪ੍ਰਮੁੱਖ ਸਿੱਖਿਆ ਅਦਾਰਿਆਂ ਨੂੰ ਆਪਣੀ ਸ਼ਾਨਦਾਰ ਸਿੱਖਿਆ ਪ੍ਰਣਾਲੀ ਅਤੇ ਖੋਜਕਾਰਾਂ ਦੇ ਭੰਡਾਰ, ਅਤੇ ਵੱਖ-ਵੱਖ ਰੱਖਿਆ ਅਤੇ ਗ਼ੈਰ-ਰੱਖਿਆ ਨਾਲ ਸੰਬੰਧਿਤ ਪ੍ਰਯੋਗਸ਼ਾਲਾਵਾਂ ਨੂੰ ਮਿਲਾ ਕੇ ਹੰਭਲਾ ਮਾਰਨਾ ਚਾਹੀਦਾ ਹੈ। ਭਾਰਤੀ ਨਿੱਜੀ ਖੇਤਰ (ਜਿਨ੍ਹਾਂ ਵਿਚੋਂ ਬਹੁਤ ਸਾਰੀਆਂ ਕੰਪਨੀਆਂ ਵਿਸ਼ਵ ਪੱਧਰ ਦੀਆਂ ਹਨ, ਰਾਸ਼ਟਰੀ ਪ੍ਰਯੋਗਸ਼ਾਲਾਵਾਂ ਅਤੇ ਸਿੱਖਿਆ ਵਿਦਵਾਨਾਂ ਵਿਚਾਲੇ ਇਕ ਮਜ਼ਬੂਤ ਗਠਜੋੜ ਇਸ ਟੀਚੇ ਨੂੰ ਹਾਸਲ ਕਰਨ ਵਿਚ ਅਹਿਮ ਭੂਮਿਕਾ ਨਿਭਾਏਗਾ।

## ਜਾਰੀ ਰਹਿਣਯੋਗ ਨਿਰਮਾਣਸਾਜ਼ੀ ਲਈ ਸੰਭਾਵਿਤ ਖੇਤਰ

ਨਿਰਮਾਣਸਾਜ਼ੀ ਦੇ ਰਵਾਇਤੀ ਖੇਤਰਾਂ ਵਿਚ ਖੋਜ ਤੋਂ ਬਿਨਾਂ, ਭਾਰਤੀ ਸਿੱਖਿਆ ਜਗਤ ਅਤੇ ਉਦਯੋਗ ਕੁਝ ਆਧੁਨਿਕ ਤਕਨਲੋਜੀਆਂ 'ਤੇ ਵੀ ਆਪਣਾ ਧਿਆਨ ਕੇਂਦਰਿਤ ਕਰ ਸਕਦੇ ਹਨ। 3-ਡੀ ਛਪਾਈ ਦੀ ਖੋਜ ਜਾਂ ਨਿਰਮਾਣ ਦੀ ਤਕਨਾਲੋਜੀ ਅਜਿਹੀਆਂ ਤਕਨਾਲੋਜੀਆਂ ਹਨ ਜਿਨ੍ਹਾਂ ਨੇ ਪਿਛਲੇ ਦਹਾਕਿਆਂ ਅੰਦਰ ਉਨ੍ਹਾਂ ਨੇ ਪੁਰਜ਼ਿਆਂ ਦੇ ਨਿਰਮਾਣ ਵਿਚ ਇਨਕਲਾਬ ਲਿਆਂਦਾ ਹੈ ਜੋ ਮੁੱਖ ਤੌਰ ਤੇ ਗ਼ੈਰ-ਧਾਤੂ ਸਮੱਗਰੀ ਤੋਂ ਬਣੇ ਹੁੰਦੇ ਹਨ। ਜਿਥੋਂ ਤਕ ਧਾਤਾਂ ਦਾ ਸੰਬੰਧ ਹੈ, ਇਹ ਤਕਨਾਲੋਜੀ ਹਾਲੇ ਪ੍ਰਾਚੀਨ ਅਵਸਥਾ ਵਿਚ ਹੀ ਹੈ, ਖ਼ਾਸ ਕਰਕੇ ਸਿਹਤ ਸੰਭਾਲ ਅਤੇ ਪੁਲਾੜ ਜਿਹੇ ਅਹਿਮ ਖੇਤਰਾਂ ਵਿਚ ਵਰਤੇ ਜਾਣ ਵਾਲੀ ਧਾਤੂ

ਸਮੱਗਰੀ ਦੇ ਸੰਬੰਧ ਵਿਚ, ਆਸ ਹੈ ਨੇੜ ਭਵਿੱਖ ਵਿਚ ਰਵਾਇਤੀ ਨਿਰਮਾਣ ਪ੍ਰਕਿਰਿਆਵਾਂ ਨਾਲ ਬਣੇ ਉਤਪਾਦਾਂ ਦਾ ਸਮਾਂ ਘੱਟ ਕਰਨ ਅਤੇ ਹਿੱਸੇ-ਪੁਰਜ਼ੇ ਨੂੰ ਮੁਕੰਮਲ ਕਰਨ ਲਈ ਰਵਾਇਤੀ ਪ੍ਰਕਿਰਿਆ ਦਾ ਇਸਤੇਮਾਲ ਕਰਨ ਦੀ ਸਮਰੱਥਾ ਹੈ, ਜਿਵੇਂ ਕਿ ਵਰਤਮਾਨ ਵਿਚ ਵੱਖ-ਵੱਖ ਖੇਤਰਾਂ, ਜਿਨ੍ਹਾਂ ਵਿਚ ਪੁਲਾੜ ਵਿਗਿਆਨ ਵੀ ਸ਼ਾਮਿਲ ਹੈ, ਵਿਚ ਨਿਰਮਾਣਸਾਜ਼ੀ ਲਈ 3-ਡੀ ਛਪਾਈ ਵਾਲੇ ਹਿੱਸੇ-ਪੁਰਜ਼ਿਆਂ ਦੀ ਵਰਤੋਂ ਕੀਤੀ ਜਾ ਰਹੀ ਹੈ। ਇਸ ਕਰਕੇ, ਜਾਰੀ ਰਹਿਣਯੋਗਤਾ ਬਾਰੇ ਭਾਰਤੀ ਪੱਖ ਤੋਂ ਦੇਖੀਏ ਤਾਂ ਵਰਤੋਂਯੋਗ ਨਿਰਮਾਣਸਾਜ਼ੀ ਲਈ ਹੋਰ ਜ਼ਿਆਦਾ ਖੋਜ ਅਤੇ ਵਿਕਾਸ 'ਤੇ ਜ਼ੋਰ ਦੇਣ ਦੀ ਜ਼ਰੂਰਤ ਹੈ ਤਾਂ ਕਿ ਘੱਟ ਕਾਰਬਨ ਮਾਤਰਾ ਅਤੇ ਘੱਟ ਕੱਚਾ ਮਾਲ ਵਰਤ ਕੇ ਸਸਤੇ ਅਤੇ ਕਿਫ਼ਾਇਤੀ ਉਤਪਾਦ ਬਣਾਉਣ ਦੀ ਸਮਰੱਥਾ ਦਾ ਭੇਤ ਖੋਲ੍ਹਿਆ ਜਾ ਸਕੇ। ਕਿਫ਼ਾਇਤੀ, ਸਥਿਰਤਾ ਅਤੇ ਆਧੁਨਿਕ ਤਕਨਾਲੋਜੀਆਂ ਦੀ ਖੋਜ ਦਾ ਇਹ ਸੁਮੇਲ ਸਾਡੀ ਵਿਲੱਖਣ ਪਹੁੰਚ ਵੀ ਹੋ ਸਕਦੀ ਹੈ ਜੋ ਦੂਸਰੇ ਦੇਸ਼ਾਂ ਨੂੰ ਨਿਰਯਾਤ ਕੀਤੀ ਜਾ ਸਕਦੀ ਹੈ। ਹੋਰ, ਨਿਰਮਾਣ ਪ੍ਰਕਿਰਿਆ ਨੂੰ ਬਦਲ ਦੇਣ ਦੀ ਬਜਾਇ ਹਿੱਸੇ-ਪੁਰਜ਼ਿਆਂ ਦੀ ਮੁਰੰਮਤ ਲਈ ਵੀ ਸੌਖਿਆਂ ਹੀ ਵਰਤਿਆ ਜਾ ਸਕਦਾ ਹੈ। ਮੁਰੰਮਤ ਦੀ ਇਹ ਸੌਖ ਜਾਰੀ ਰਹਿਣਯੋਗ ਨਿਰਮਾਣ ਹੀ ਪੰਘੂੜੇ-ਤੋਂ-ਪੰਘੂੜੇ ਵਾਲੇ ਸੰਕਲਪ ਦੇ ਅਨੁਕੂਲ ਹੈ। ਹੋਰ ਅੱਗੇ, ਯੋਗਾਤਮਕ ਨਿਰਮਾਣ ਤਕਨੀਕਾਂ ਨਵੀਂ ਸਮੱਗਰੀ ਨੂੰ ਬਣਾਉਣ ਅਤੇ ਜਾਂਚ ਪਰਖ ਵਿਚ ਵੀ ਸਹਾਈ ਹੁੰਦੀਆਂ ਹਨ ਜਿਨ੍ਹਾਂ ਦੇ ਗੁਣ ਹੋਰ ਕਾਰਜਾਂ ਲਈ ਵੀ ਲਾਹੇਵੰਦ ਹੋ ਸਕਦੇ ਹਨ।

ਦੂਸਰੇ ਖੇਤਰ ਜੋ ਧਿਆਨ ਦੀ ਮੰਗ ਕਰਦੇ ਹਨ, ਉਨ੍ਹਾਂ ਵਿਚ ਰੋਬੋਟ ਨਾਲ ਸਵੈਚਾਲਨ, ਬਨਾਉਟੀ ਚੌਕਸੀ, ਵੱਡੇ ਅੰਕੜੇ ਅਤੇ ਕਲਾਊਡ ਕੰਪਿਊਟਿੰਗ ਸ਼ਾਮਿਲ ਹਨ। ਇਨ੍ਹਾਂ ਸਾਰੇ ਖੇਤਰਾਂ ਵਿਚ ਭਾਰਤੀ ਨਿਰਮਾਣਸਾਜ਼ੀ ਪਰਿਸ਼ਦ ਦੇ ਆਧੁਨਿਕੀਕਰਨ ਦੀ ਸਮਰੱਥਾ ਹੈ, ਜਾਰੀ ਰਹਿਣਯੋਗ ਵਿਕਾਸ ਦੁਆਰਾ ਸਾਡੀਆਂ ਲੋੜਾਂ ਦੀ ਪੂਰਤੀ ਕਰਨ ਸਮੇਂ। ਪਰ, ਇਨ੍ਹਾਂ ਨਵੇਂ ਸੰਕਲਪਾਂ ਨੂੰ ਇਸ ਦੇਸ਼ ਵਿਚ ਉਪਲਬਧ ਵੱਖ-ਵੱਖ ਹੁਨਰ ਪੱਧਰਾਂ 'ਤੇ ਮੌਜੂਦ ਮਜ਼ਦੂਰਾਂ ਦੇ ਵੱਡੇ ਭੰਡਾਰ ਦੀ ਪੁੱਠ ਵੀ ਦੇਸੀ ਹੋਵੇਗੀ।

*(ਲੇਖਕ ਅਸਿਸਟੈਂਟ ਪ੍ਰੋਫੈਸਰ, ਆਈ ਆਈ ਟੀ ਮਦਰਾਸ ਦੇ ਇੰਜੀਨੀਅਰਿੰਗ ਡਿਜ਼ਾਇਨ ਵਿਭਾਗ ਵਿਚ ਚੇਨੱਈ ਵਿਖੇ ਹੈ।)*

*e-mail :balkrish@iitm.ac.in*

***ਸਫ਼ਾ 13 ਦੀ ਬਾਕੀ***

ਨੁਕਸਾਨ ਉਠਾਉਣਾ ਪਿਆ ਹੈ। ਜਨਵਰੀ 1995 ਤੋਂ ਜੂਨ 2010 ਤਕ, ਭਾਰਤ ਵਿਰੁੱਧ ਕੀਤੀਆਂ 90 ਮਾਲ ਡੰਪ ਕਰਨ ਦੀਆਂ ਕਾਰਵਾਈਆਂ ਵਿਚੋਂ, 22 ਰਸਾਇਣਾਂ ਨਾਲ ਸੰਬੰਧਿਤ ਸਨ, 19 ਪਲਾਸਟਿਕ ਨਾਲ, 11 ਕੱਪੜਾ ਉਦਯੋਗ ਨਾਲ ਅਤੇ 26 ਧਾਤੂ ਉਤਪਾਦਨਾਂ ਨਾਲ (ਮੁੱਖ ਤੌਰ ਤੇ ਲੋਹਾ ਅਤੇ ਸਟੀਲ) ਇਹ ਉਹ ਖੇਤਰ ਹਨ ਜਿਨ੍ਹਾਂ 'ਚ ਭਾਰਤ ਮੁਕਾਬਲਤਨ ਲਾਭਕਾਰੀ ਸਥਿਤੀ ਵਿਚ ਹੈ (ਭਾਰਤ ਦੀ ਵਪਾਰ ਨੀਤੀ ਰੀਵੀਊ ਰਿਪੋਰਟ 2011)।

ਵਿਦੇਸ਼ੀ ਵਪਾਰ ਨੀਤੀ 2009-14 ਦੀ 2009 ਵਿਚ ਐਲਾਨੀ ਗਈ ਸੀ, ਜਿਸ ਵੇਲੇ ਵਿਸ਼ਵਵਿਆਪੀ ਨਿਰਯਾਤ ਵਿਚ ਮੰਦੀ ਸੀ (ਇੰਡੀਆ ਟਰੇਡ ਪਾਲਿਸੀ ਰੀਵੀਊ ਰਿਪੋਰਟ 2011)। ਇਸ ਨੀਤੀ ਦਾ ਲੰਮੀ ਮਿਆਦ ਦਾ ਉਦੇਸ਼ ਸੀ 2020 ਤਕ ਵਿਸ਼ਵਵਿਪਆਪੀ ਵਪਾਰ ਵਿਚ ਭਾਰਤ ਦਾ ਹਿੱਸਾ ਦੁੱਗਣਾ ਕਰਨਾ ਜਿਸ ਲਈ ਰੁਜ਼ਗਾਰ ਪ੍ਰਧਾਨ ਖੇਤਰਾਂ ਜਿਵੇਂ ਕਿ ਕੱਪੜਾ ਉਦਯੋਗ, ਚਮੜਾ, ਦਸਤਕਾਰੀ ਵਸਤਾਂ ਆਦਿ ਉਪਰ ਵਿਸ਼ੇਸ਼ ਜ਼ੋਰ ਦਿਤਾ ਗਿਆ ਹੈ। ਇਸ ਮੰਤਵ ਦੀ ਪੂਰਤੀ ਲਈ, ਭਾਂਤ-ਭਾਂਤ ਦੀਆਂ ਉੱਚ ਦਰਜਾ ਵਸਤਾਂ ਉਤਪਾਦਨ ਕਰਨ ਦੀ ਲੋੜ ਸੀ। ਨਿਰਯਾਤ ਲਈ ਨਵੇਂ ਟਿਕਾਣੇ ਖੋਜਣ ਦੀ ਵੀ ਲੋੜ ਹੈ ਕਿਉਂਕਿ 2007-08 ਤੋਂ ਭਾਰਤ ਦੇ ਵਪਾਰ 'ਚ ਕੋਈ ਦਿਸ਼ਾ ਮੁਖੀ ਤਬਦੀਲੀ ਨਹੀਂ ਆਈ ਹੈ ਅਤੇ ਇਸ ਦੇ ਸਿਖਰ ਦੇ 15 ਵਪਾਰਕ ਭਾਈਵਾਲਾਂ ਨਾਲ ਕੁੱਲ ਵਪਾਰ ਦਾ ਲਗਭਗ 60 ਪ੍ਰਤਿਸ਼ਤ ਹਿੱਸਾ ਹੈ।

ਕਾਰੋਬਾਰ ਕਰਨ ਵਿਚ ਆਉਣ ਵਾਲੇ ਵਾਧੂ ਖਰਚੇ ਅਤੇ ਲੱਗਣ ਵਾਲੇ ਬਹੁਤ ਸਮੇਂ ਦੇ ਮੁੱਦਿਆਂ ਨਾਲ ਨਜਿੱਠਣ ਲਈ ਨਿਰਯਾਤ ਵਿਚ ਕਾਰੋਬਾਰੀ ਖਰਚੇ ਬਾਰੇ ਕਾਰਜ ਦਲ ਦਾ 2009 ਵਿਚ ਗਠਨ ਕੀਤਾ ਗਿਆ ਸੀ। ਇਸ ਟਾਸਕ ਫੋਰਸ ਨੇ ਕਾਰੋਬਾਰੀ ਖਰਚੇ ਘੱਟ ਕਰਨ ਲਈ 44 ਮੁੱਦੇ ਪਛਾਣੇ ਸਨ, ਜਿਨ੍ਹਾਂ ਵਿਚੋਂ ਹੁਣ ਤਕ 21 ਮੁੱਦਿਆਂ ਉਪਰ ਕਾਰਵਾਈ ਕੀਤੀ ਜਾ ਚੁੱਕੀ ਹੈ (ਭਾਰਤ ਦੀ ਵਪਾਰ ਨੀਤੀ ਰੀਵੀਊ ਰਿਪੋਰਟ 2011)।

ਕੁੱਲ ਕਾਰਕ ਉਤਪਾਦਿਕਤਾ ਵਿਕਾਸ, ਖ਼ਾਸ ਤੌਰ ਤੇ ਉਨ੍ਹਾਂ ਉਦਯੋਗਾਂ ਵਿਚ ਜਿਨ੍ਹਾਂ ਵਿਚ ਨਿਰਯਾਤ ਵਧਣ ਦੀ ਕਾਫ਼ੀ ਸੰਭਾਵਨਾ ਹੈ ਜਾਂ ਜਿਨ੍ਹਾਂ ਵਿਚ ਸਮੁੱਚੇ ਆਰਥਿਕ ਵਿਕਾਸ ਲਈ ਨਿਰਯਾਤ ਵਧਾਉਣ ਦੀ ਲੋੜ ਹੈ, ਕਾਫੀ ਹੱਦ ਤਕ ਵਧਾਉਣਾ ਹੋਵੇਗਾ, ਬਿਨਾਂ ਕੁੱਲ ਕਾਰਕ ਉਤਪਾਦਿਕਤਾ ਵਿਕਾਸ ਹਾਸਲ ਕੀਤੇ, ਭਾਰਤੀ ਸਾਜ਼-ਸਾਮਾਨ ਵਿਸ਼ਵ ਮੁਕਾਬਲੇ ਵਿਚ ਆਉਣ ਦੀ ਸੰਭਾਵਨਾ ਨੂੰ ਵਧਾਇਆ ਨਹੀਂ ਜਾ ਸਕਦਾ। ਕੁੱਲ ਕਾਰਕ ਉਤਪਾਦਿਕਤਾ ਵਿਕਾਸ ਦੇ ਮੁੱਖ ਮਾਪਕ ਹਨ ਬੁਨਿਆਦੀ ਢਾਂਚਾ (ਭੌਤਿਕੀ, ਵਿੱਤੀ ਅਤੇ ਸਮਾਜਿਕ) ਅਤੇ ਵਪਾਰਕ ਖੁੱਲ੍ਹਾਪਨ, ਅੰਤਰਰਾਸ਼ਟਰੀ ਵਪਾਰ ਤਕ ਇਕਾਈਆਂ ਦੀ ਪਹੁੰਚ, ਖ਼ਾਸ ਤੌਰ ਤੇ ਲਘੂ ਅਤੇ ਸੂਖਮ ਇਕਾਈਆਂ ਦੀ ਸਾਧਨ ਉਪਜਾਇਕਤਾ ਅਤੇ ਕੁੱਲ ਕਾਰਕ ਉਤਪਾਦਿਕਤਾ ਦੋਹਾਂ ਵਿਚ ਵਾਧਾ ਯਕੀਨੀ ਬਣਾ ਸਕਦੀ ਹੈ। ਭਾਰਤੀ ਵਸਤਾਂ ਨੂੰ ਮੁਕਾਬਲਤਨ ਵਧੇਰੇ ਚੰਗਾ ਬਣਾਉਣ ਲਈ ਸਮੂਹੀਕਰਨ ਦੇ ਲਾਭ ਨੂੰ ਵੀ ਵਰਤੋਂ ਵਿਚ ਲਿਆਉਣਾ ਚਾਹੀਦਾ ਹੈ। ਆਮ ਤੌਰ ਤੇ ਸਮੂਹੀਕਰਨ ਨਾਲ ਵਪਾਰਕ ਅਦਾਰਿਆਂ ਦੀ ਉਤਪਾਦਿਕਤਾ ਵਿਚ ਵਾਧਾ ਹੁੰਦਾ ਹੈ ਅਤੇ ਇਸ ਲਈ ਉਤਪਾਦਨ ਸਰਗਰਮੀ ਦੇ ਸਮੂਹੀਕਰਨ ਲਈ ਸੰਜੀਦਾ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ। ਜਦੋਂ ਪੁਰਾਣੇ ਸਮੂਹਿਕ ਇਕੱਠ ਵਿਚ ਸੰਤ੍ਰਿਪੀ ਹੋ ਜਾਵੇ ਤਾਂ ਅਜਿਹੇ ਨਵੇਂ ਸਮੂਹਿਕ ਇਕੱਠ ਕਰਨ ਦੀ ਲੋੜ ਹੁੰਦੀ ਹੈ ਜਿਸ ਵਿਚ ਜਨਤਕ ਨਿਵੇਸ਼ ਇਕ ਮੁੱਖ ਮੁੱਦਾ ਹੈ। ਉਦਯੋਗ ਦੇ ਵਿਸਤ੍ਰਿਤ ਪਸਾਰ ਨੂੰ ਬਦਲਣਾ ਹੋਵੇਗਾ ਤਾਂ ਜੋ ਉਨ੍ਹਾਂ ਖੇਤਰਾਂ ਵਿਚ ਜਿਥੇ ਸ਼ਹਿਰੀਕਰਨ ਮੱਠਾ ਰਿਹਾ ਹੈ, ਨਵੇਂ ਸਮੂਹ ਸਥਾਪਤ ਕੀਤੇ ਜਾ ਸਕਣ। ਇਸ ਤਰ੍ਹਾਂ ਦੇ ਨਵੇਂ ਤਰੀਕਿਆਂ ਨਾਲ, ਲਾਗਤ ਘੱਟ ਕਰਨ ਦਾ ਲਾਭ ਉਠਾਇਆ ਜਾ ਸਕਦਾ ਹੈ। ਸਮੁੱਚੇ ਤੌਰ ਤੇ, ਭਾਰਤੀ ਸੱਨਅਤੀ ਉਤਪਾਦਨ ਵਸਤਾਂ ਦੇ ਨਿਰਯਾਤ ਸਾਹਮਣੇ ਬੇਸ਼ੁਮਾਰ ਮੁਸ਼ਕਿਲਾਂ ਹਨ ਪਰ ਜੇ ਭਾਰਤ ਨੇ ਸਮੁੱਚਾ ਵਿਕਾਸ ਹਾਸਲ ਕਰਨਾ ਹੈ ਤਾਂ ਇਸ ਅੱਗੇ ਹੋਰ ਕੋਈ ਵਿਕਲਪ ਵੀ ਨਹੀਂ ਹੈ। ਇਸ ਦਾ ਹੱਲ ਮੁੱਖ ਤੌਰ ਤੇ ਸੱਨਅਤੀ ਨਿਰਮਾਣਸਾਜ਼ੀ ਦੇ ਵਿਕਾਸ ਵਿਚ ਹੀ ਹੈ ਜੋ ਉਤਪਾਦਿਤ ਵਸਤਾਂ ਦੇ ਨਿਰਯਾਤ ਨਾਲ ਵਧਾਇਆ ਜਾ ਸਕਦਾ।

*(ਲੇਖਕ ਇੰਸਟੀਚਿਊਟ ਆਫ਼ ਇਕਨਾਮਿਕ ਗ੍ਰੋਥ, ਦਿੱਲੀ ਵਿਖੇ ਕੰਮ ਕਰ ਰਿਹਾ ਹੈ।)*

*e-mail :arup@igindia.org*

# ਕਿਰਤ ਕਾਨੂੰਨ ਤੇ ਭਾਰਤ ਦਾ ਨਿਰਮਾਣਸਾਜ਼ੀ ਖੇਤਰ : ਸੁਧਾਰਾਂ ਦੀ ਜ਼ਰੂਰਤ

✍ ਦੇਵਾਸ਼ੀਸ਼ ਮਿਤਰਾ

ਜਾਣ-ਪਛਾਣ

ਭਾਰਤ ਮਜ਼ਦੂਰਾਂ ਦੀ ਭਰਪੂਰ ਬਹੁਤਾਤ ਵਾਲਾ ਦੇਸ਼ ਹੈ, ਮਜ਼ਦੂਰੀ ਮੁਖੀ ਨਿਰਮਾਣਸਾਜ਼ੀ ਮੁੱਖ ਤੌਰ ਤੇ ਛੋਟੇ, 'ਅਸੰਗਠਿਤ' ਜਾਂ ਗ਼ੈਰ ਪੂੰਜੀਕ੍ਰਿਤ ਇਕਾਈਆਂ ਵਿਚ ਜ਼ਿਆਦਾ ਹੈ ਜਿਨ੍ਹਾਂ ਕੋਲ ਤਕਨਾਲੋਜੀ ਨਾਂਮਾਤਰ ਹੁੰਦੀ ਹੈ ਜਦ ਕਿ 'ਸੰਗਠਿਤ' ਨਿਰਮਾਣ ਖੇਤਰ ਦੀਆਂ ਜ਼ਿਆਦਾਤਰ ਉਤਪਾਦਨ ਸਰਗਰਮੀਆਂ ਪੂੰਜੀ ਮੁਖੀ ਹਨ (ਪਾਨਾਗਰੀਆ, 2008 ਅਤੇ ਕੋਛੜ 2006)। ਇਸ ਤਰ੍ਹਾਂ, ਮਜ਼ਦੂਰਾਂ ਦੀ ਬਹੁਤਾਤ ਅਤੇ ਵੱਡੀ ਜਨਸੰਖਿਆ ਅਤੇ ਇਸ ਦੀ ਆਰਥਿਕਤਾ ਦੇ ਬਾਵਜੂਦ ਵੀ, ਮਜ਼ਦੂਰੀ ਮੁਖੀ ਉਤਪਾਦਾਂ ਦੇ ਵਿਸ਼ਵ ਬਾਜ਼ਾਰ ਵਿਚ ਭਾਰਤ ਦੀ ਹਿੱਸੇਦਾਰੀ ਬਹੁਤ ਮਾਮੂਲੀ ਹੈ। ਜਦ ਕਿ ਕੁੱਝ ਟਿੱਪਣੀਕਾਰ ਮਾੜੀ ਕਾਰਗੁਜ਼ਾਰੀ ਦਾ ਠੀਕਰਾ ਭਾਰਤ ਦੇ ਕਠੋਰ ਮਜ਼ਦੂਰ ਬਾਜ਼ਾਰ ਦੇ ਨਿਯਮਾਂ ਦੇ ਸਿਰ ਭੰਨਦੇ ਹਨ, ਜੋ ਇਸ ਦੇ ਪ੍ਰਤਿਬੰਧਕ ਨਿਯਮਨਾਂ ਵਿਚੋਂ ਉਪਜਦੇ ਹਨ, ਦੂਜਿਆਂ ਦੀ ਦਲੀਲ ਹੈ ਕਿ ਭਾਰਤੀ ਵਪਾਰ ਨੇ ਇਨ੍ਹਾਂ ਕਾਨੂੰਨਾਂ ਤੋਂ ਪਾਰ ਪਾਉਣ ਦਾ ਰਾਹ ਲੱਭ ਲਿਆ ਹੈ।

**ਇਸ ਲੇਖ ਵਿਚ, ਭਾਰਤ ਦੇ ਨਿਰਮਾਣ ਖੇਤਰ ਵਿਚ ਰੁਕਾਵਟ ਬਣਨ ਵਾਲੇ ਮਜ਼ਦੂਰ ਨਿਯਮਾਂ ਦੀ ਭੂਮਿਕਾ, ਜੇ ਹੈ ਤਾਂ, ਮਜ਼ਦੂਰ ਸੁਧਾਰਾਂ ਦੀ ਸੰਭਾਵੀ ਲੋੜ ਅਤੇ ਦੂਜੀਆਂ ਨੀਤੀਗਤ ਸਿਫ਼ਾਰਸ਼ਾਂ ਦੀ ਪੜਚੋਲ ਕਰਾਂਗੇ।**

## ਭਾਰਤ ਵਿਚ ਕਿਰਤ ਦੇ ਨਿਯਮ

ਭਾਰਤੀ ਮਜ਼ਦੂਰ ਮੰਡੀ ਵਿਚ ਕਠੋਰਤਾਵਾਂ ਮੁੱਖ ਤੌਰ ਤੇ ਵੇਲਾ ਵਿਹਾ ਚੁੱਕੇ ਮਜ਼ਦੂਰੀ ਨਿਯਮਾਂ ਤੋਂ ਉਪਜਦੀਆਂ ਹਨ ਜੋ ਬਹੁਤ ਪ੍ਰਤਿਬੰਧਕ ਹਨ ਕਿਉਂਕਿ ਇਹ ਮੰਗ ਅਤੇ ਤਕਨਾਲੋਜੀ ਉਥਲ-ਪੁਥਲ ਪ੍ਰਤਿ ਇਕਾਈਆਂ ਨੂੰ ਮਜ਼ਦੂਰਾਂ ਦੀ ਵਿਵਸਥਾ ਕਰਨਾ ਮੁਸ਼ਕਿਲ ਕਰ ਦਿੰਦੇ ਹਨ। ਲਗਭਗ 200 ਕਿਰਤ ਕਾਨੂੰਨਾਂ ਵਿਚ, ਜਿਨ੍ਹਾਂ ਵਿਚ 52 ਕੇਂਦਰੀ ਐਕਟ ਸ਼ਾਮਿਲ ਹਨ (ਭਗਵਤੀ ਅਤੇ ਪਾਨਾਗਰੀਆ, 2013), ਸਭ ਤੋਂ ਜ਼ਿਆਦਾ ਪ੍ਰਤਿਬੰਧਕ, ਜੋ ਸਿਰਫ਼ ਇਕ ਹੀ ਨਹੀਂ, ਉਹ ਉਦਯੋਗਿਕ ਝਗੜਿਆਂ ਬਾਰੇ ਐਕਟ (ਆਈ ਡੀ ਏ) ਹੈ। ਇਸ ਐਕਟ ਤਹਿਤ 100 ਤੋਂ ਜ਼ਿਆਦਾ ਕਾਮਿਆਂ ਨੂੰ ਰੁਜ਼ਗਾਰ ਦੇਣ ਵਾਲੀ ਫਰਮ ਲਈ ਕਾਮਿਆਂ ਦੀ ਛਾਂਟੀ ਕਰਨ ਲਈ ਆਪਣੇ ਰਾਜ ਦੀ ਸਰਕਾਰ ਕੋਲੋਂ ਆਗਿਆ ਲੈਣੀ ਜ਼ਰੂਰੀ ਹੈ। ਇਹ ਆਗਿਆ ਕਦੇ-ਕਦਾਈਂ ਹੀ ਮਿਲਦੀ ਹੈ। ਇਸ ਦੇ ਨਾਲ ਹੀ, ਉਦਯੋਗਿਕ ਰੁਜ਼ਗਾਰ (ਸਥਾਈ ਆਦੇਸ਼) ਐਕਟ ਕੰਮ ਦੇ ਵੇਰਵੇ ਵਿਚ ਸੋਧਾਂ ਅਤੇ ਅੰਤਰ-ਕਾਰਖ਼ਾਨਾ ਬਦਲੀਆਂ (ਕਈ ਰਾਜਾਂ ਵਿਚ 100 ਕਾਮੇ ਅਤੇ ਕਈਆਂ ਵਿਚ 50) ਨੂੰ ਬਹੁਤ ਹੀ ਮੁਸ਼ਕਿਲ ਜਾਂ ਅਸੰਭਵ ਬਣਾ ਦਿੰਦਾ ਹੈ। ਟਰੇਡ ਯੂਨੀਅਨ ਐਕਟ ਤਹਿਤ ਸੱਤ ਕਾਮਿਆਂ ਨੂੰ ਲੈ ਕੇ ਇਕ ਤੋਂ ਵੱਧ ਕਰਮਚਾਰੀ ਸੰਗਠਨ ਇਕ ਇਕਾਈ ਵਿਚ ਬਣਾਏ ਜਾ ਸਕਦੇ ਹਨ। ਜਿਵੇਂ ਕਿ ਅਸੀਂ ਸੋਚ ਸਕਦੇ ਹਾਂ, ਕਰਮਚਾਰੀ ਸੰਗਠਨਾਂ ਦੀ ਬਹੁਤਾਤ ਮਾਲਕਾਂ ਲਈ ਇਕ ਸੰਭਾਵਿਤ ਮੁਸੀਬਤ ਵਾਲੀ ਹਾਲਤ ਬਣ ਜਾਂਦੀ ਹੈ। ਟਰੇਡ ਯੂਨੀਅਨ ਐਕਟ ਕਰਮਚਾਰੀ ਸੰਗਠਨਾਂ ਨੂੰ ਹੜਤਾਲ 'ਤੇ ਜਾਣ ਅਤੇ ਮਾਲਕਾਂ ਨਾਲ ਕਾਨੂੰਨੀ ਝਗੜੇ ਦੀ ਹਾਲਤ ਵਿਚ ਕਾਮਿਆਂ ਦੀ ਪ੍ਰਤਿਨਿਧਤਾ ਕਰਨ ਦਾ ਹੱਕ ਦਿੰਦਾ ਹੈ। ਕਿਉਂਕਿ ਇਸ ਕਾਨੂੰਨ ਤਹਿਤ ਕਰਮਚਾਰੀ ਸੰਗਠਨ ਬਣਾਉਣ ਲਈ ਘੱਟੋ-ਘੱਟ ਸੱਤ ਕਾਮਿਆਂ ਦੀ ਲੋੜ ਹੁੰਦੀ ਹੈ, ਕੁਦਰਤੀ ਹੈ ਕਿ ਇਹ ਸੱਤ ਕਾਮਿਆਂ ਤੋਂ ਘੱਟ ਵਾਲੀਆਂ ਫਰਮਾਂ 'ਤੇ ਲਾਗੂ ਨਹੀਂ ਹੁੰਦਾ। ਇਉਂ, ਇਹ ਐਕਟ ਇਕਾਈਆਂ ਨੂੰ ਛੋਟਾ ਰਹਿਣ, ਖ਼ਾਸ ਕਰਕੇ ਮਜ਼ਦੂਰ ਮੁਖੀ ਉਦਯੋਗਾਂ ਵਿਚ, ਲਈ ਉਤਸ਼ਾਹਿਤ ਕਰਦਾ ਹੈ।

ਬਹੁਤ ਸਾਰੇ ਹੋਰ ਵੀ ਕਿਰਤ ਕਾਨੂੰਨ ਹਨ, ਜਿਵੇਂ ਕਿ ਕਰਮਚਾਰੀ ਰਾਜ ਬੀਮਾ ਐਕਟ, ਫੈਕਟਰੀ ਐਕਟ, ਕਰਮਚਾਰੀ ਭਵਿੱਖ ਕੋਸ਼ ਅਤੇ ਫੁਟਕਲ ਪ੍ਰਾਵਧਾਨ ਐਕਟ, ਘੱਟੋ-ਘੱਟ ਉਜਰਤ ਐਕਟ, ਜਣੇਪਾ ਲਾਭ ਐਕਟ ਆਦਿ, ਜੋ ਰੁਜ਼ਗਾਰ ਦੇ ਵੱਖ-ਵੱਖ ਆਰੰਭਕ ਪੱਧਰਾਂ 'ਤੇ ਲਾਗੂ ਹੋ ਜਾਂਦੇ ਹਨ ਅਤੇ ਬਹੁਤ ਸਾਰੇ ਸੰਸਥਾਨਾਂ 'ਤੇ ਲਾਗੂ ਹੁੰਦੇ ਹਨ (ਭਗਵਤੀ ਅਤੇ ਪਾਨਾਗਰੀਆ, 2013)। ਇਹ ਕਿਰਤ ਕਾਨੂੰਨ ਘੱਟੋ-ਘੱਟ ਕੰਮ ਦੇ ਹਾਲਾਤ ਅਤੇ ਲਾਭਾਂ ਦਾ ਉਲੇਖ ਕਰਦੇ ਹਨ।

ਆਖ਼ਿਰ, ਠੇਕੇ ਤੇ ਮਜ਼ਦੂਰੀ ਬਾਰੇ ਐਕਟ ਹੈ, ਜੋ ਠੇਕੇ 'ਤੇ ਰੱਖੇ ਮਜ਼ਦੂਰਾਂ ਦੀ ਵਰਤੋਂ ਦਾ ਨਿਯਮਨ ਅਤੇ ਪ੍ਰਤਿਬੰਧਨ ਕਰਦਾ ਹੈ, ਜਿਸ ਕਰਕੇ ਫਰਮਾਂ ਵਲੋਂ ਸਥਾਈ ਅਤੇ ਠੇਕੇ 'ਤੇ ਰੱਖੇ ਕਾਮਿਆਂ ਦੀ ਬਦਲੀ ਸੀਮਤ ਅਤੇ ਔਖੀ ਹੋ ਜਾਂਦੀ ਹੈ, ਘੱਟੋ-ਘੱਟ ਕਾਗ਼ਜ਼ਾਂ ਵਿਚ। ਇਹ ਇਕ ਅਜਿਹਾ ਰਸਤਾ ਹੈ ਜਿਸ ਨਾਲ ਫਰਮਾਂ ਆਪਣੀ ਲਾਗਤ ਘੱਟ ਕਰ ਸਕਦੀਆਂ ਹਨ। ਕੁਝ ਖ਼ਾਸ ਕੰਮਾਂ ਲਈ ਠੇਕੇ 'ਤੇ ਮਜ਼ਦੂਰ ਭਰਤੀ ਕਰਨ ਦੀ ਮਨਾਹੀ ਹੈ।

ਕਿਉਂਕਿ ਉਦਯੋਗਿਕ ਸੰਬੰਧਾਂ ਦਾ ਖੇਤਰ ਭਾਰਤ ਦੇ ਸੰਵਿਧਾਨ ਦੇ ਵਿਸ਼ਿਆਂ ਦੀ ਸਮਰਵਤੀ ਸੂਚੀ ਵਿਚ ਸ਼ਾਮਿਲ ਹੈ, ਰਾਜ ਸਰਕਾਰਾਂ ਆਈ ਡੀ ਏ ਵਿਚ ਆਪਣੀਆਂ ਸੋਧਾਂ ਕਰਨ ਦੇ ਸਮਰੱਥ ਹਨ, ਭਾਵੇਂ ਕਿ ਇਹ ਇਕ ਕੇਂਦਰੀ (ਸੰਘੀ) ਐਕਟ ਹੈ। ਹੋਰ, ਮਜ਼ਦੂਰੀ ਕਾਨੂੰਨਾਂ ਨੂੰ ਲਾਗੂ ਕਰਨਾ ਰਾਜਾਂ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ। ਇਸ ਤਰ੍ਹਾਂ, ਵੱਖ-ਵੱਖ ਰਾਜਾਂ ਵਿਚ ਮਜ਼ਦੂਰ ਬਾਜ਼ਾਰ ਕਠੋਰਤਾ ਵਿਚ ਕਾਫ਼ੀ ਭਿੰਨਤਾ ਹੈ।

## ਤਾਜ਼ਾ ਮਜ਼ਦੂਰ ਸੁਧਾਰ ਪਹਿਲਕਦਮੀਆਂ

ਆਜ਼ਾਦੀ ਪ੍ਰਾਪਤੀ ਤੋਂ ਪਿਛਲੇ ਤਕਰੀਬਨ ਸਾਰੇ ਸਮੇਂ ਵਿਚ ਹੀ ਰਾਜਾਂ ਦੁਆਰਾ ਮਜ਼ਦੂਰ ਕਾਨੂੰਨਾਂ ਵਿਚ ਸੋਧਾਂ ਕੀਤੀਆਂ ਗਈਆਂ ਹਨ ਤਾਂ ਕਿ ਉਨ੍ਹਾਂ ਰਾਜਾਂ ਅੰਦਰ ਇਨ੍ਹਾਂ ਕਾਨੂੰਨਾਂ ਨੂੰ ਜਾਂ ਤਾਂ ਮਾਲਕਾਂ ਪੱਖੀ ਜਾਂ ਕਾਮਿਆਂ ਪੱਖੀ, ਕੇਂਦਰੀ ਨਿਯਮਾਂ ਦੇ ਮੁਕਾਬਲੇ ਬਣਾਇਆ ਜਾ ਸਕੇ। ਇਸ ਦਾ ਆਧਾਰ ਸੰਬੰਧਿਤ ਰਾਜ ਸਰਕਾਰਾਂ ਦਾ ਵਿਚਾਰਧਾਰਕ ਝੁਕਾਅ ਹੈ। ਪਿਛਲੇ ਸਮੇਂ ਤੋਂ ਉਲਟ, ਮਜ਼ਦੂਰ ਕਾਨੂੰਨਾਂ ਵਿਚੋਂ ਤਾਜ਼ਾ ਬਦਲਾਅ ਸਿੱਧਾ ਵਿਦੇਸ਼ੀ ਨਿਵੇਸ਼ ਆਕਰਸ਼ਿਤ ਕਰਨ ਦੇ ਸੰਦਰਭ ਵਿਚ ਹੋ ਰਹੇ ਹਨ ਅਤੇ ਢਾਂਚਾਗਤ ਸੁਧਾਰ ਅਤੇ ਜ਼ਿਆਦਾ ਉਦਾਰ ਵਪਾਰਕ ਨਿਜ਼ਾਮ ਸਥਾਪਤ ਕਰਨਾ ਵੀ ਇਨ੍ਹਾਂ ਦਾ ਮੰਤਵ ਹੈ।

ਰਾਜਸਥਾਨ ਸਰਕਾਰ ਦੀਆਂ ਹਾਲ ਹੀ ਵਿਚ ਕੀਤੀਆਂ ਸੋਧਾਂ ਨੇ ਆਈ ਡੀ ਏ ਤਹਿਤ ਕਾਮਿਆਂ ਦੀ ਛਾਂਟੀ ਦੀ ਸੀਮਾ ਹੱਦ ਵਧਾ ਦਿਤੀ ਹੈ। ਇਸ ਤਹਿਤ ਇਹ ਗਿਣਤੀ 100 ਤੋਂ ਵਧਾ ਕੇ 300 ਕਰ ਦਿਤੀ ਗਈ ਹੈ। ਇਸ ਵਿਚ ਫੈਕਟਰੀ ਐਕਟ ਤਹਿਤ ਕਿਸੇ ਫਰਮ ਦੀ ਰੁਜ਼ਗਾਰ ਦੇਣ ਲਈ ਪੰਜੀਕਰਨ ਦੀ ਸੀਮਾ ਵੀ ਵਧਾ ਦਿਤੀ ਗਈ ਹੈ, ਜੋ ਉੱਪਰ ਲਿਖੇ ਮੁਤਾਬਕ, ਇਕ ਨਿਯਮ ਹੈ ਜੋ ਕੰਮ ਦੇ ਘੰਟਿਆਂ, ਕੰਮ ਦੇ ਦਿਨਾਂ, ਘੱਟੋ-ਘੱਟ ਉਮਰ ਆਦਿ ਜਿਹੀਆਂ ਬਹੁਤ ਸਾਰੀਆਂ ਸ਼ਰਤਾਂ ਲਾਉਂਦਾ ਹੈ। ਨਾਲ ਹੀ, ਰਾਜਸਥਾਨ ਕਿਸੇ ਪ੍ਰਤਿਨਿਧ ਕਰਮਚਾਰੀ ਸੰਗਠਨ ਦੇ ਪੰਜੀਕਰਨ ਲਈ ਰੁਜ਼ਗਾਰ ਦੀ ਸੀਮਾ 15 ਪ੍ਰਤਿਸ਼ਤ ਤੋਂ ਵਧਾ ਕੇ 30 ਪ੍ਰਤਿਸ਼ਤ ਕਰ ਰਿਹਾ ਹੈ। ਅਜਿਹਾ ਬਦਲਾਅ ਪ੍ਰਬੰਧਕੀ ਅਤੇ ਮਜ਼ਦੂਰੀ ਦਾ ਉਤਪਾਦਕ ਘੱਟ ਕਰ ਸਕਦਾ ਹੈ ਜੋ ਸਹਿਮਤੀ ਬਣਾਉਣ ਅਤੇ ਬਹੁਤ ਸਾਰੀਆਂ ਯੂਨੀਅਨਾਂ ਦੇ ਝਗੜੇ ਨਿਪਟਾਉਣ ਵਿਚ ਬਰਬਾਦ ਹੋ ਜਾਂਦਾ ਹੈ, ਰਾਜ ਸਰਕਾਰ ਵਲੋਂ ਸ਼ਾਗਿਰਦੀ ਐਕਟ ਵਿਚ ਕੀਤੀ ਸੋਧ ਹੁਨਰ ਦੇ ਵਿਕਾਸ ਨੂੰ ਤੇਜ਼ ਕਰੇਗੀ, ਮਤਲਬ ਜਿਸ ਨੂੰ ਅਰਥਸ਼ਾਸਤਰੀ 'ਮਨੁੱਖੀ ਪੂੰਜੀ ਬਣਾਉਣਾ' ਆਖਦੇ ਹਨ।

ਕੇਂਦਰ ਵਿਚ ਮਜ਼ਦੂਰ ਸੁਧਾਰਾਂ ਬਾਰੇ ਬਹੁਤ ਘੱਟ ਸਰਗਰਮੀ ਹੋਈ ਹੈ। ਸਿੱਟੇ ਵਜੋਂ, ਅਜਿਹੇ ਸੁਧਾਰ ਕਰਨ ਦਾ ਵੱਡਾ ਬੋਝ ਰਾਜ ਸਰਕਾਰਾਂ 'ਤੇ ਪਾਇਆ ਜਾ ਰਿਹਾ ਹੈ। ਕੇਂਦਰ ਸਰਕਾਰ ਵਲੋਂ ਇਸ ਸੰਬੰਧ ਵਿਚ ਕੁੱਝ ਅਹਿਮ ਚੀਜ਼ਾਂ ਜੋ ਕੀਤੀਆਂ ਗਈਆਂ ਹਨ, ਉਨ੍ਹਾਂ ਵਿਚ ਹਾਲ ਹੀ ਵਿਚ ਏਕੀਕ੍ਰਿਤ ਵੈੱਬ ਪੋਰਟਲ ਦੀ ਸਥਾਪਨਾ ਕਰਨਾ ਹੈ ਜਿਥੇ ਉਦਯੋਗਿਕ ਫਰਮਾਂ 16 ਕੇਂਦਰ ਮਜ਼ਦੂਰ ਐਕਟਾਂ ਨਾਲ ਸੰਬੰਧਿਤ ਪਾਲਣਾ ਰਿਪੋਰਟਾਂ ਆਪਣੇ ਆਪ ਦਰਜ ਕਰ ਸਕਦੀਆਂ ਹਨ। ਅਜਿਹੇ ਵੈੱਬ ਪੋਰਟਲ 'ਤੇ ਬਣਿਆ ਬਣਾਇਆ ਹਿਸਾਬ-ਕਿਤਾਬ ਦਾ ਤੰਤਰ ਹੋਣ ਦੀ ਉਮੀਦ ਹੈ ਜੋ ਤੈਅ ਕਰੇਗਾ ਕਿ ਕਿਨ੍ਹਾਂ ਫਰਮਾਂ ਵਿਚ ਇੰਸਪੈਕਟਰਾਂ ਦਾ ਦੌਰਾ ਕਰਨਾ ਬਣਦਾ ਹੈ। ਇਸ ਕਰਕੇ, ਇਹ ਕਾਰਵਾਈ ਇੰਸਪੈਕਟਰ ਰਾਜ ਤੋਂ ਦੂਰ ਲਿਜਾਉਣ ਵਾਲੀ ਹੈ, ਕਿਉਂਕਿ ਇਸ ਸੰਬੰਧ ਵਿਚ ਇੰਸਪੈਕਟਰਾਂ ਦੇ ਅਖ਼ਤਿਆਰ, ਸ਼ੋਸ਼ਣ ਅਤੇ ਖਜਲ-ਖਰਾਬੀ ਵਿਚ ਕਾਫ਼ੀ ਕਮੀ ਆਵੇਗੀ।

**ਹਾਲ ਹੀ ਵਿਚ ਪ੍ਰਾਵੀਡੈਂਟ ਫ਼ੰਡ ਦੀ ਤਬਦੀਲੀ ਨੂੰ ਲੈ ਕੇ ਕੀਤੇ ਗਏ ਕੇਂਦਰੀ ਸੁਧਾਰ ਮਜ਼ਦੂਰਾਂ ਦੀ ਗਤੀ-ਸ਼ੀਲਤਾ ਨੂੰ ਉਤਸ਼ਾਹਿਤ ਕਰਨਗੇ ਕਿਉਂਕਿ ਪ੍ਰਾਵੀਡੈਂਟ ਫ਼ੰਡ ਦੀ ਤਬਦੀਲੀ ਮਾਲਕਾਂ ਨੂੰ ਕਾਮਿਆਂ ਵਲੋਂ ਨੌਕਰੀ ਬਦਲਣ ਸਮੇਂ ਉਨ੍ਹਾਂ ਦਾ ਫ਼ੰਡ ਤਬਦੀਲ ਕਰਨ ਵਿਚ ਸਹਾਇਕ ਹੋਵੇਗੀ। ਕੇਂਦਰ ਸਰਕਾਰ ਵਲੋਂ ਸ਼ਾਗਿਰਦੀ ਐਕਟ ਵਿਚ ਕੀਤੀਆਂ ਸੋਧਾਂ ਹੁਨਰ ਦੇ ਵਿਕਾਸ ਨੂੰ ਉਤਸ਼ਾਹਿਤ ਕਰਨਗੀਆਂ। ਨਾਲ ਹੀ, ਜਿਵੇਂ ਕਿ ਵਿੱਤ ਮੰਤਰੀ ਦੇ ਤਾਜ਼ਾ ਬਜਟ ਭਾਸ਼ਨ ਵਿਚ ਜ਼ਿਕਰ ਕੀਤਾ ਗਿਆ ਹੈ, 'ਹੁਨਰ ਦੇ ਵਿਕਾਸ' ਲਈ ਹੁਣ ਇਕ ਮੰਤਰਾਲਾ ਬਣਾਇਆ ਗਿਆ ਹੈ ਜੋ ਜਲਦੀ ਹੀ ਹੁਨਰ ਪ੍ਰਾਪਤੀ ਨੂੰ ਹੁਲਾਰਾ ਦੇਣ ਲਈ ਅਹਿਮ ਪਹਿਲਕਦਮੀਆਂ ਦਾ ਐਲਾਨ ਕਰੇਗਾ।**

ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਕਾਮਿਆਂ ਨੂੰ ਛਾਂਟੀ ਕੀਤੇ ਜਾਣ 'ਤੇ ਲਾਈਆਂ ਪਾਬੰਦੀਆਂ ਅਸਲ ਵਿਚ ਬਾਹਰ ਨਿਕਲਣ ਦੀ ਰੁਕਾਵਟ ਦੇ ਤੌਰ ਤੇ ਕੰਮ ਕਰਦੀਆਂ ਹਨ। ਨਾਲ ਹੀ, ਭਾਰਤੀ ਫਰਮਾਂ ਨੂੰ ਹਮੇਸ਼ਾ ਗੰਭੀਰ ਤੇ ਸਿੱਧੀਆਂ ਨਿਕਾਸੀ ਰੁਕਾਵਟਾਂ ਦਾ ਸਾਹਮਣਾ ਕਰਨਾ ਪਿਆ ਹੈ, ਜਿਨ੍ਹਾਂ ਦਾ ਕਾਰਨ ਆਧੁਨਿਕ ਦਿਵਾਲੀਏਪਨ ਦੇ ਕਾਨੂੰਨਾਂ ਦੀ ਕਮੀ ਹੈ। ਇਹ ਨਿਕਾਸੀ ਦੀਆਂ ਰੁਕਾਵਟਾਂ, ਬਦਲੇ ਵਿਚ ਨਵੀਆਂ ਫਰਮਾਂ ਨੂੰ ਜਨਮ ਦਿੰਦੀਆਂ ਹਨ (ਘਰੇਲੂ ਤੇ ਵਿਦੇਸ਼ੀ) ਜੋ ਭਾਰਤੀ ਬਾਜ਼ਾਰ ਵਿਚ ਦਾਖ਼ਲ ਹੋਣ ਤੋਂ ਝਿਜਕਦੀਆਂ ਹਨ। ਆਸ ਹੈ ਇਸ ਸਮੱਸਿਆ ਨੂੰ 'ਦਿਵਾਲੀਏਪਨ ਦੇ ਕਾਨੂੰਨ ਵਿਚ ਸੁਧਾਰ' ਕਰਕੇ ਘੱਟ ਪ੍ਰਭਾਵੀ ਬਣਾਇਆ ਜਾਵੇਗਾ। ਇਸ ਵਾਸਤੇ ਆਧੁਨਿਕ ਦਿਵਾਲੀਏਪਨ ਦਾ ਇਕ ਸਰੋਤ ਬਣਾਇਆ ਜਾਵੇਗਾ ਜੋ ਵਿੱਤ ਮੰਤਰੀ ਦੇ ਬਜਟ ਭਾਸ਼ਨ ਮੁਤਾਬਕ 'ਕਾਨੂੰਨੀ ਨਿਸ਼ਚਿਤਤਾ ਅਤੇ ਰਫ਼ਤਾਰ' ਲੈ ਕੇ ਆਵੇਗਾ। ਆਉਂਦੇ ਮਾਲੀ ਸਾਲ ਵਿਚ ਉਨ੍ਹਾਂ ਵਾਸਤੇ ਇਹ ਸਭ ਤੋਂ ਉੱਚ ਪਹਿਲ ਹੋਵੇਗੀ।

## ਕਿਰਤ ਨਿਯਮਾਂ ਦਾ ਆਰਥਿਕ ਕਾਰਗੁਜ਼ਾਰੀ 'ਤੇ ਅਸਰ

ਜਿਵੇਂ ਕਿ ਉੱਪਰ ਜ਼ਿਕਰ ਕੀਤਾ ਗਿਆ ਹੈ, ਵੱਖ-ਵੱਖ ਰਾਜਾਂ ਵਲੋਂ ਕੇਂਦਰ ਵਲੋਂ ਪਾਸ ਕਾਨੂੰਨਾਂ ਵਿਚ ਵੱਖ-ਵੱਖ ਪਰਿਵਰਤਨ ਕੀਤੇ ਗਏ ਹਨ। ਨਾਲ ਹੀ ਵੱਖ-ਵੱਖ ਰਾਜਾਂ ਵਿਚ ਇਨ੍ਹਾਂ 'ਤੇ ਅਮਲ ਕਰਨ ਦੀ ਤੀਬਰਤਾ ਵੀ ਵੱਖ-ਵੱਖ ਹੈ। ਇਸ ਨਾਲ ਰਾਜਾਂ ਅੰਦਰ ਮਜ਼ਦੂਰ ਮੰਡੀ ਪ੍ਰਤਿਬੰਧਕੀ ਵਿਚ ਭਿੰਨਤਾ ਆਉਂਦੀ ਹੈ ਜਿਸ ਨੂੰ ਖੋਜਕਾਰਾਂ ਵਲੋਂ ਇਹ ਜਾਂਚ ਕਰਨ ਲਈ ਵਰਤਿਆ ਜਾ ਸਕਦਾ ਹੈ ਕਿ ਨਿਰਮਾਣਸਾਜ਼ੀ ਖੇਤਰ ਦੀ ਆਰਥਿਕ ਕਾਰਗੁਜ਼ਾਰੀ ਵਿਚ, ਜਿਵੇਂ ਕਿ ਫਰਮ/ਪਲਾਂਟ ਪੱਧਰ ਜਾਂ ਉਦਯੋਗ ਜਾਂ ਸਮੂਹਿਕ ਪੱਧਰ 'ਤੇ ਵੱਖ-ਵੱਖ ਰਾਜਾਂ ਵਿਚ ਫ਼ਰਕ ਆਉਂਦਾ ਹੈ ਜਿਨ੍ਹਾਂ ਦੀ ਮਜ਼ਦੂਰ ਬਾਜ਼ਾਰ ਲਚਕ ਵਿਚ ਫ਼ਰਕ ਹੈ। ਬੇਸਲੇ ਅਤੇ ਬਰਗੀਸ (2004) ਇਸ ਪ੍ਰਕਾਰ ਦੀ ਪਹਿਲੀ ਖੋਜ ਸੀ। ਕੁੱਲ ਪੰਜੀਕ੍ਰਿਤ ਨਿਰਮਾਣ ਉਤਪਾਦਨ, ਨਿਵੇਸ਼, ਰੁਜ਼ਗਾਰ ਅਤੇ ਉਤਪਾਦਿਕਤਾ ਬਾਰੇ ਰਾਜ ਪੱਧਰੀ ਅੰਕੜਿਆਂ ਦਾ ਇਸਤੇਮਾਲ ਕਰਕੇ ਉਨ੍ਹਾਂ ਨੇ ਪਾਇਆ ਕਿ ਇਹ ਸਾਰੇ ਭਿੰਨਤਾ ਦੇ ਕਾਰਕ ਕਰਮਚਾਰੀ ਪੱਖੀ (ਪ੍ਰਤਿਬੰਧਕ ਜਾਂ ਕਠੋਰ) ਮਜ਼ਦੂਰ ਨਿਯਮਾਂ ਨਾਲ ਘੱਟ ਹੋ ਗਏ। ਅਸੰਗਠਿਤ (ਗ਼ੈਰ-ਪੰਜੀਕ੍ਰਿਤ) ਨਿਰਮਾਣਸਾਜ਼ੀ ਬਾਰੇ ਤਤਕਾਲੀ ਜੋੜਾਂ ਨੇ ਮਜ਼ਦੂਰ ਨਿਯਮਾਂ ਨਾਲ ਬਿਲਕੁਲ ਉਲਟਾ ਸੰਬੰਧ ਦਿਖਾਇਆ, ਇਹ ਦਰਸਾਉਂਦਾ ਹੈ ਕਿ ਅਸੰਗਠਿਤ ਖੇਤਰ ਉਹ ਵਿਕਾਸ ਅੱਗੇ ਤੋਰਦਾ ਹੈ ਜੋ ਸੰਗਠਿਤ ਖੇਤਰ ਦੇ ਮਜ਼ਦੂਰ ਬਾਜ਼ਾਰ ਦੀਆਂ ਕਠੋਰਤਾਵਾਂ ਕਰਕੇ ਦਬਿਆ ਪਿਆ ਹੁੰਦਾ ਹੈ। ਆਉਣ ਵਾਲੀਆਂ ਖੋਜਾਂ ਗ਼ੈਰ-

ਸਮੂਹਿਕ ਅੰਕੜਿਆਂ ਦੀ ਜ਼ਿਆਦਾ ਵਰਤੋਂ ਕਰਕੇ ਇਸ ਕੰਮ ਨੂੰ ਹੋਰ ਅੱਗੇ ਵਧਾਉਂਦੀਆਂ ਹਨ।

ਹਸਨ, ਗੁਪਤਾ ਅਤੇ ਕੁਮਾਰ (2009) ਰਾਜ ਦੁਆਰਾ ਉਦਯੋਗ ਪੱਧਰ 'ਤੇ ਇਕ ਖੋਜ ਹੈ। ਉਹ ਖੋਜ ਕਰਦੇ ਹਨ ਕਿ ਘੱਟ ਮਜ਼ਦੂਰ ਪ੍ਰਤਿਬੰਧਕ ਨਿਯਮਾਂ ਵਾਲੇ ਰਾਜਾਂ ਨੇ ਬਾਕੀ ਰਾਜਾਂ ਦੇ ਮੁਕਾਬਲੇ ਮਜ਼ਦੂਰ ਮੁਖੀ ਉਦਯੋਗਾਂ ਅਤੇ ਕੁੱਲ ਰੁਜ਼ਗਾਰ ਦੇ ਮਾਮਲੇ ਵਿਚ ਥੋੜ੍ਹੀ ਤਰੱਕੀ ਕੀਤੀ ਹੈ। ਇਕ ਹੋਰ ਜ਼ਿਆਦਾ ਗ਼ੈਰ-ਸਮੂਹਿਕ ਖੋਜ ਹਸਨ ਅਤੇ ਜੰਡੋਕ (2013) ਵਲੋਂ ਕੀਤੀ ਗਈ ਹੈ ਜਿਸ ਵਿਚ ਉਨ੍ਹਾਂ ਨੇ ਸੰਗਠਿਤ ਅਤੇ ਅਸੰਗਠਿਤ ਨਿਰਮਾਣ ਫਰਮਾਂ ਦੇ ਅੰਕੜਿਆਂ ਨੂੰ ਇਕੱਠਿਆਂ ਕੀਤਾ ਹੈ। ਉਨ੍ਹਾਂ ਨੂੰ ਪ੍ਰਤਿਬੰਧਕ ਮਜ਼ਦੂਰੀ ਨਿਯਮਾਂ ਵਾਲੇ ਰਾਜਾਂ ਅਤੇ ਦੂਜਿਆਂ ਵਿਚਾਲੇ ਫਰਮ ਰੁਜ਼ਗਾਰ ਵੰਡ ਵਿਚ ਕੋਈ ਵੀ ਫ਼ਰਕ ਨਜ਼ਰ ਨਹੀਂ ਆਇਆ। ਪਰ ਜਦੋਂ ਉਨ੍ਹਾਂ ਨੇ ਸਿਰਫ਼ ਮਜ਼ਦੂਰ ਮੁਖੀ ਖੇਤਰਾਂ ਵੱਲ ਧਿਆਨ ਕੇਂਦਰਿਤ ਕੀਤਾ ਤਾਂ 0–9 ਕਾਮਿਆਂ ਵਾਲੀਆਂ ਇਕਾਈਆਂ ਦਾ ਹਿੱਸਾ ਪ੍ਰਤਿਬੰਧਕ ਮਜ਼ਦੂਰ ਨਿਯਮਾਂ (ਕਾਮਿਆਂ ਪੱਖੀ) ਰਾਜਾਂ ਵਿਚ ਰੁਜ਼ਗਾਰ ਦਾ ਹਿੱਸਾ ਕਾਫੀ ਵੱਧ ਹੈ ਬਜਾਇ ਕਿ ਦੂਜੇ (ਮਾਲ-ਪੱਖੀ) ਰਾਜਾਂ ਵਿਚ ਕਾਫ਼ੀ ਘੱਟ ਹੈ (ਲਗਭਗ 60 ਬਨਾਮ 40 ਪ੍ਰਤਿਸ਼ਤ)। ਇਹ ਦਰਜਾ 200 ਤੋਂ ਵੱਧ ਕਾਮਿਆਂ ਵਾਲੀਆਂ ਇਕਾਈਆਂ ਵਿਚ ਉਲਟਾ ਹੋ ਜਾਂਦਾ ਹੈ (ਲਗਭਗ 10 ਬਨਾਮ 25 ਪ੍ਰਤਿਸ਼ਤ)। ਜਦੋਂ ਉਹ ਉੱਚ ਅਤੇ ਨਿਮਨ ਢਾਂਚੇ ਵਾਲੇ ਰਾਜਾਂ ਦੀ ਤੁਲਨਾ ਕਰਦੇ ਹਨ ਤਾਂ ਉਨ੍ਹਾਂ ਨੂੰ ਕੁੱਝ ਵੀ ਅਨੋਖਾ ਨਹੀਂ ਲੱਭਦਾ। ਉਨ੍ਹਾਂ ਦੀ ਖੋਜ ਦਾ ਇਕ ਦਿਲਚਸਪ ਪਹਿਲੂ ਇਹ ਹੈ ਕਿ ਜਦਕਿ ਭਾਰਤੀ ਕੱਪੜਾ ਉਦਯੋਗ ਵਿਚ ਰੁਜ਼ਗਾਰ ਜ਼ਿਆਦਾਤਰ ਛੋਟੀਆਂ ਫ਼ਰਮਾਂ ਤਕ ਸੀਮਤ ਹੈ (9 ਤੋਂ ਘੱਟ ਕਾਮੇ ਰੱਖਣ ਵਾਲੀਆਂ), ਚੀਨੀ ਕੱਪੜਾ ਉਦਯੋਗ ਬਹੁਤ ਵੱਡੀਆਂ ਇਕਾਈਆਂ (2000 ਤੋਂ ਵੱਧ ਕਾਮੇ ਰੱਖਣ ਵਾਲੀਆਂ) ਤਕ ਸੀਮਤ ਹੈ।

ਡੋਹਰਟੀ, ਫ੍ਰਿਸਾਂਚੋ ਰੋਬਲਜ਼ ਅਤੇ ਕ੍ਰਿਸ਼ਨਾ (2014) ਵਲੋਂ ਪੇਸ਼ ਹਾਲੀਆ ਪੇਪਰ, ਜਿਸ ਵਿਚ ਪਲਾਂਟ ਪੱਧਰ ਦੇ ਅੰਕੜੇ ਅਤੇ ਓ ਈ ਸੀ ਡੀ ਰੁਜ਼ਗਾਰ ਸੁਰੱਖਿਆ ਤਰੀਕੇ ਇਸਤੇਮਾਲ ਕੀਤੇ ਗਏ ਹਨ (ਉਨ੍ਹਾਂ ਵਲੋਂ ਸੰਗਠਿਤ ਅਤੇ ਅਸੰਗਠਿਤ ਦੋਹਾਂ ਖੇਤਰਾਂ, ਵੱਖ-ਵੱਖ ਕਾਰਜਾਂ ਅਤੇ ਉਨ੍ਹਾਂ ਦੇ ਅਮਲ ਅਤੇ ਨਿਗਰਾਨੀ ਨੂੰ ਫੈਲਾਅ ਦੇ ਮਾਮਲੇ ਵਿਚ ਸਭ ਤੋਂ ਵਿਆਪਕ ਸਮਝਿਆ ਗਿਆ ਹੈ) ਦਰਸਾਉਂਦੇ ਹਨ ਕਿ ਮਜ਼ਦੂਰ ਮੁਖੀ ਉਦਯੋਗਾਂ ਅਤੇ ਵੱਡੀ ਆਰਜ਼ੀ ਮੰਗ ਦਾ ਸਾਹਮਣਾ ਕਰ ਰਹੇ ਉਦਯੋਗਾਂ (ਜਿਨ੍ਹਾਂ ਨੂੰ ਅਕਸਰ ਲਾਗਤ ਵਿਵਸਥਾ ਦੀ ਲੋੜ ਹੁੰਦੀ ਹੈ) ਦੀ ਕੁੱਲ ਕਾਰਕ ਉਤਪਾਦਕਤਾ, ਦੂਜਿਆਂ ਦੇ ਮੁਕਾਬਲੇ ਘੱਟ ਪ੍ਰਤਿਬੰਧਕ ਮਜ਼ਦੂਰ ਕਾਨੂੰਨਾਂ ਵਾਲੇ ਰਾਜਾਂ ਵਿਚ ਔਸਤਨ 11–14 ਪ੍ਰਤਿਸ਼ਤ ਵੱਧ ਹੁੰਦੀ ਹੈ।

## ਮਜ਼ਦੂਰ ਨਿਯਮਾਂ ਅਤੇ ਵਿਸ਼ਵੀਕਰਨ ਵਿਚਾਲੇ ਸੰਵਾਦ : ਸਿਧਾਂਤ ਅਤੇ ਸਬੂਤ

ਪ੍ਰਤਿਬੰਧਕ ਮਜ਼ਦੂਰ ਨਿਯਮਾਂ ਦੇ ਨਾਂਹਵਾਚਕ ਪ੍ਰਭਾਵਾਂ ਬਾਰੇ ਉੱਪਰ ਦਿਤੇ ਸਬੂਤ ਨੂੰ ਵੇਖਦਿਆਂ ਇਹ ਹੈਰਾਨੀ ਵਾਲੀ ਗੱਲ ਨਹੀਂ ਕਿ ਭਾਰਤ ਵਿਚ ਮਜ਼ਦੂਰ ਮੁਖੀ ਉਦਯੋਗ, ਵਪਾਰ ਅਤੇ ਸਿੱਧੇ ਵਿਦੇਸ਼ੀ ਨਿਵੇਸ਼ ਦੇ ਨਿਜ਼ਾਮਾਂ, ਮਜ਼ਦੂਰ ਮੁਖੀ ਉਦਯੋਗਾਂ ਵਿਚ ਛੋਟੀ ਪੱਧਰ ਦੇ ਰਾਖਵੇਂਕਰਨ ਦਾ ਖਾਤਮਾ, ਲਾਇਸੰਸ ਮੁਕਤ ਅਤੇ ਬਹੁ-ਫਾਈਬਰ ਪ੍ਰਬੰਧ ਆਦਿ ਦਾ ਖਾਤਮਾ ਅਤੇ ਵੱਡੇ ਸੁਧਾਰਾਂ ਦੇ ਬਾਵਜੂਦ ਤੇਜ਼ੀ ਨਾਲ ਵਿਕਾਸ ਨਹੀਂ ਹੋ ਰਹੇ (ਵੇਖੋ ਭਾਗਵਤੀ ਅਤੇ ਪਾਨਾਗਰੀਆ, 2013)। ਹੋਰ, ਅਸਿੱਖਿਅਤ ਮਜ਼ਦੂਰ ਮੁਖੀ ਖੇਤਰ, ਜਿਵੇਂ ਖਾਣ-ਪੀਣ ਵਾਲੇ ਪਦਾਰਥ, ਵਸਤਰ, ਕੱਪੜਾ, ਫਰਨੀਚਰ ਆਦਿ ਦਾ ਪਿਛਲੇ ਦੋ ਦਹਾਕਿਆਂ ਦੌਰਾਨ ਕੁੱਲ ਘਰੇਲੂ ਉਤਪਾਦਨ ਵਿਚ ਹਿੱਸਾ ਲਗਭਗ ਸਥਾਈ ਜਾਂ ਹਲਕਾ ਜਿਹਾ ਗਿਰਾਵਟ ਵਾਲੇ ਪਾਸੇ ਰਿਹਾ ਹੈ, ਜਦ ਕਿ ਹੁਨਰ ਮੁਖੀ ਅਤੇ ਪੂੰਜੀ ਮੁਖੀ ਉਦਯੋਗ ਜਿਵੇਂ ਆਟੋਮੋਬਾਈਲ, ਪੈਟਰੋਲੀਅਮ, ਤੇਲ ਸੋਧ, ਇੰਜੀਨੀਅਰਿੰਗ ਵਸਤਾਂ, ਦੂਰ-ਸੰਚਾਰ, ਦਵਾਈਆਂ, ਵਿੱਤ, ਸਾਫ਼ਟਵੇਅਰ ਆਦਿ ਜ਼ਿਆਦਾ ਤੇਜ਼ੀ ਨਾਲ ਵਿਕਸਤ ਹੋਏ ਹਨ ਅਤੇ ਭਾਰਤ ਨਿਰਯਾਤ ਵਿਚ ਹਿੱਸਾ 1990–91 ਦੇ 41 ਪ੍ਰਤਿਸ਼ਤ ਦੇ ਮੁਕਾਬਲੇ 2007–08 ਵਿਚ 65 ਪ੍ਰਤਿਸ਼ਤ ਤਕ ਵਧ ਗਿਆ ਹੈ (ਦਾਸ, ਵਾਧਵਾ ਅਤੇ ਕਲੀਤਾ, 2009)।ਇਸ ਦੇ ਉਲਟ, ਭਾਰਤ ਵਿਚ ਮਜ਼ਦੂਰਾਂ ਦੀ ਬਹੁਤਾਤ, ,ਵਪਾਰਕ ਉਦਾਰੀਕਰਨ (ਜੋ ਆਮ ਤੌਰ ਤੇ ਬਹੁਲ ਲਾਗਤਾਂ ਜਾਂ ਉਤਪਾਦਨ ਦੇ ਕਾਰਕਾਂ ਦੀ ਵਰਤੋਂ ਦੀਆਂ ਸਰਗਰਮੀਆਂ ਵਿਚ ਮਹਾਰਤ ਦਾ ਕਾਰਨ ਬਣਦੇ ਹਨ) ਕਰਕੇ ਬਾਕੀ ਅਸਥਿਰਤਾ ਦੇ ਮੁਕਾਬਲੇ ਮਜ਼ਦੂਰ ਮੁਖੀ ਨਿਰਮਾਣਸਾਜ਼ੀ ਦਾ ਵਿਸਥਾਰ ਹੋਣਾ ਚਾਹੀਦਾ ਸੀ। ਅਸਲ ਵਿਚ, ਵਸਤਰਾਂ ਦੇ ਮਾਮਲੇ ਵਿਚ ਭਾਰਤ ਵਿਸ਼ਵ ਬਾਜ਼ਾਰ ਦਾ ਆਪਣਾ ਹਿੱਸਾ ਬੰਗਲਾਦੇਸ਼ ਨੂੰ ਹੋਲੀ-ਹੋਲੀ ਅਤੇ ਚੀਨ ਨੂੰ ਬਹੁਤ ਤੇਜ਼ੀ ਨਾਲ ਗੁਆ ਰਿਹਾ ਹੈ। ਜਿਵੇਂ ਕਿ ਉੱਪਰ ਜ਼ਿਕਰ ਕੀਤਾ ਗਿਆ ਹੈ, ਚੀਨੀ ਕੱਪੜਾ ਉਦਯੋਗ ਵਿਚ ਰੁਜ਼ਗਾਰ ਜ਼ਿਆਦਾਤਰ ਵੱਡੀਆਂ ਇਕਾਈਆਂ ਵਿਚ ਸੀਮਤ ਹੈ (ਹਰੇਕ ਵਿਚ 2000 ਤੋਂ ਵੱਧ ਕਾਮੇ), ਭਾਰਤੀ ਵਸਤਰ ਉਦਯੋਗ ਛੋਟੀਆਂ ਇਕਾਈਆਂ (9 ਤੋਂ ਘੱਟ ਕਾਮੇ) ਵਿਚ ਹੈ, ਜਿਸ ਨਾਲ ਮਹੱਤਵਪੂਰਨ ਪੈਮਾਨੇ ਦੇ ਅਰਥਚਾਰੇ ਦਾ ਨੁਕਸਾਨ ਹੋ ਰਿਹਾ ਹੈ। ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਵਸਤਰਾਂ ਦੇ ਖੇਤਰ ਵਿਚ ਭਾਰਤ ਦੀ ਕਾਰਗੁਜ਼ਾਰੀ ਬੰਗਲਾਦੇਸ਼ ਤੋਂ ਵੀ ਕਿਤੇ ਮਾੜੀ ਹੈ, ਜੋ ਬਹੁਤ ਜ਼ਿਆਦਾ ਗਰੀਬ ਦੇਸ਼ ਹੈ ਜਿਸ ਦੀ ਉੱਚ ਗਰੀਬੀ ਦਰ, ਘਟੀਆ ਢਾਂਚਾ ਅਤੇ ਉੱਚ ਭ੍ਰਿਸ਼ਟਾਚਾਰ ਪੱਧਰ ਹੈ। ਇਹ ਤੁਲਨਾ ਭਾਰਤ ਦੇ ਪ੍ਰਤਿਬੰਧਕ ਮਜ਼ਦੂਰ ਨਿਯਮਾਂ ਵਲੋਂ ਨਿਭਾਈ ਜਾਂਦੀ ਨਾਂਹ ਪੱਖੀ ਭੂਮਿਕਾ ਦਾ ਵੱਡਾ ਸੂਚਕ ਹੈ।

ਦੁਨੀਆਂ ਦੇ ਦੂਜੇ ਭਾਗਾਂ ਦੇ ਮੁਕਾਬਲੇ ਕਠੋਰ ਮਜ਼ਦੂਰ ਨਿਯਮ ਭਾਰਤ ਦੇ ਤੁਲਨਾਤਮਕ ਫ਼ਾਇਦੇ ਅਤੇ ਮਜ਼ਦੂਰ ਮੁਖੀ ਫਰਮਾਂ ਦੀ ਕਾਰਗੁਜ਼ਾਰੀ 'ਤੇ ਕਿਵੇਂ ਅਸਰਅੰਦਾਜ਼ ਹੁੰਦੇ ਹਨ? ਸਿੱਧੇ ਮਜ਼ਦੂਰ ਲਾਗਤਾਂ ਵਧਾਉਣ ਤੋਂ ਇਲਾਵਾ, ਪ੍ਰਤਿਬੰਧਕ ਮਜ਼ਦੂਰ ਨਿਯਮ ਫਰਮ ਦੇ ਆਕਾਰ 'ਤੇ ਵੀ ਉਪਰ ਦੱਸੇ ਅਨੁਸਾਰ ਅਸਰ ਪਾਉਂਦੇ ਹਨ (ਵੇਖੋ ਪਾਨਾਗਰੀਆ, 2001)। ਮਜ਼ਦੂਰ ਮੁਖੀ ਫਰਮਾਂ ਦਾ ਛੋਟਾ ਆਕਾਰ ਉਨ੍ਹਾਂ ਨੂੰ ਪੈਮਾਨੇ ਦੀ ਆਰਥਿਕਤਾ ਤੋਂ ਫ਼ਾਇਦਾ ਉਠਾਉਣ ਤੋਂ ਰੋਕਦਾ ਹੈ ਜਿਸ ਕਰਕੇ ਮਜ਼ਦੂਰ ਮੁਖੀ ਨਿਰਮਾਣਸਾਜ਼ੀ ਵਿਚ ਭਾਰਤ ਦਾ ਤੁਲਨਾਤਮਕ ਫ਼ਾਇਦਾ ਘੱਟ ਹੋ ਜਾਂਦਾ ਹੈ।

ਹਾਲ ਹੀ ਵਿਚ, ਕੁਝ ਟਿੱਪਣੀਕਾਰਾਂ ਵਲੋਂ ਕੱਢੇ ਸਿੱਟਿਆਂ ਦੇ ਉਲਟ, ਰੁਜ਼ਗਾਰ ਦਹਿਲੀਜ਼ਾਂ 'ਤੇ ਇਨ੍ਹਾਂ ਫਰਮਾਂ ਦੀ ਇਨ੍ਹਾਂ ਕਾਨੂੰਨਾਂ ਨਾਲ ਇਕੱਤਰੀਕਰਨ ਦੀ ਅਣਹੋਂਦ ਦਾ ਇਹ ਮਤਲਬ ਨਹੀਂ ਕਿ ਇਨ੍ਹਾਂ ਨਿਯਮਾਂ ਦੁਆਰਾ ਲਾਈਆਂ ਪਾਬੰਦੀਆਂ ਮੰਨਣਯੋਗ ਨਹੀਂ ਹਨ।

ਮਜ਼ਦੂਰ ਮੁਖੀ ਫਰਮਾਂ ਵਿਚ ਤਕਨਾਲੋਜੀ ਦੀ ਚੋਣ ਜਾਂ ਵੱਡੇ ਪੱਧਰ 'ਤੇ ਉਤਪਾਦਨ ਮੰਗਦੇ ਉਤਪਾਦ ਦੀ ਚੋਣ ਨੂੰ ਅਜਿਹੇ ਨਿਯਮਾਂ ਕਰਕੇ ਢਾਹ ਲੱਗ ਸਕਦੀ ਹੈ। ਛੋਟ ਪੱਧਰ ਦੀਆਂ ਉਤਪਾਦਨ ਤਕਨੀਕਾਂ ਜਾਂ ਉਤਪਾਦ ਜੋ ਇਨ੍ਹਾਂ ਨਿਯਮਾਂ ਕਰਕੇ ਫਰਮਾਂ ਨੂੰ ਚੁਣਨੇ ਪੈਂਦੇ ਹਨ, ਦਾ

ਸਰਵੋਤਮ ਰੁਜ਼ਗਾਰ ਦਾ ਆਕਾਰ ਹੋ ਸਕਦਾ ਹੈ ਜੋ ਮਿਸਾਲ ਦੇ ਤੌਰ ਤੇ ਆਈ ਡੀ ਏ ਮਾਪਦੰਡਾਂ ਨਾਲੋਂ ਕਿਤੇ ਛੋਟਾ ਹੋਵੇਗਾ। ਨਾਲ ਹੀ, ਇਨ੍ਹਾਂ ਨਿਯਮਾਂ 'ਤੇ ਅਮਲ ਵੀ ਅਧੂਰੇ ਤਰੀਕੇ ਨਾਲ ਹੋ ਰਿਹਾ ਹੈ। ਇਸ ਦਾ ਮਤਲਬ ਹੈ ਕਿ ਕਾਨੂੰਨੀ ਮਾਪਦੰਡਾਂ ਦੀ ਉਲੰਘਣਾ ਇੰਸਪੈਕਟਰਾਂ ਦੀਆਂ ਨਜ਼ਰਾਂ ਵਿਚ ਜਾਂ ਤਾਂ ਆਵੇਗੀ ਨਹੀਂ ਜਾਂ ਫਿਰ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰ ਦਿਤਾ ਜਾਵੇਗਾ।

ਪ੍ਰਤਿਬੰਧਕੀ ਵਾਲੇ ਮਜ਼ਦੂਰ ਨਿਯਮ ਫਰਮਾਂ ਨੂੰ ਆਪਣੇ ਨਿਵੇਸ਼ ਵਿਚ ਮੰਗ ਅਤੇ ਤਕਨਾਲੋਜੀ ਦੇ ਹਿਸਾਬ ਨਾਲ ਸਮਾਯੋਜਨ ਕਰਨ ਤੋਂ ਰੋਕਦੇ ਹਨ। ਵਪਾਰ ਦੀ ਹਾਜ਼ਰੀ ਵਿਚ ਇਸ ਦਾ ਘਰੇਲੂ ਫਰਮਾਂ 'ਤੇ ਮੁਕਾਬਲਤਨ ਜ਼ਿਆਦਾ ਪ੍ਰਭਾਵ ਪਵੇਗਾ ਬਜਾਇ ਕਿ ਦੂਜੇ ਦੇਸ਼ਾਂ ਦੀਆਂ ਫਰਮਾਂ ਦੇ ਜਿਥੇ ਮਜ਼ਦੂਰ ਬਾਜ਼ਾਰ ਦੀ ਕਠੋਰਤਾ ਕੋਈ ਸਮੱਸਿਆ ਨਹੀਂ ਹੈ। ਵਪਾਰ ਦੇ ਫ਼ਾਇਦੇ ਲੈਣ ਲਈ ਜ਼ਰੂਰੀ ਹੈ ਕਿ ਵੱਖ-ਵੱਖ ਉਦਯੋਗਾਂ ਵਿਚ ਅਤੇ ਇਕ ਉਦਯੋਗ ਵਿਚਲੀਆਂ ਫਰਮਾਂ ਵਿਚ ਮਜ਼ਦੂਰਾਂ ਦੀ ਮੁੜ-ਵੰਡ ਵੱਡੀ ਮਾਤਰਾ ਵਿਚ ਹੋਵੇ। ਦੋਵਾਂ ਤਰ੍ਹਾਂ ਦੀ ਮੁੜ-ਵੰਡ, ਅੰਦਰੂਨੀ ਅਤੇ ਅੰਤਰ ਉਦਯੋਗ ਨੂੰ ਪ੍ਰਤਿਬੰਧਕ ਮਜ਼ਦੂਰ ਨਿਯਮਾਂ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਹ ਕਾਨੂੰਨ ਫਰਮਾਂ ਨੂੰ ਵੱਡੀ ਗਿਣਤੀ ਵਿਚ ਪੱਕੇ ਕਾਮੇ ਭਰਤੀ ਕਰਨ ਤੋਂ ਨਿਰਉਤਸਾਹਿਤ ਕਰਦੇ ਹਨ ਅਤੇ ਉਨ੍ਹਾਂ ਨੂੰ ਕੱਚੇ ਅਤੇ ਠੇਕੇ 'ਤੇ ਕਰਮਚਾਰੀ ਰੱਖਣ ਵੱਲ ਧੱਕਦੇ ਹਨ ਜਿਨ੍ਹਾਂ ਕੋਲ ਕੰਮ ਬਾਰੇ ਸਿੱਖਣ ਅਤੇ ਫਰਮ ਲਈ ਲੋੜੀਂਦੇ ਹੁਨਰ ਨੂੰ ਸਿੱਖਣ ਦਾ ਸੀਮਤ ਪ੍ਰੋਤਸਾਹਨ ਹੁੰਦਾ ਹੈ। ਨਾਲ ਹੀ, ਇਹ ਨਿਯਮ ਫਰਮ ਨੂੰ ਪੂੰਜੀ ਮਜ਼ਦੂਰੀ ਨਾਲ ਬਦਲਣ ਵੱਲ ਤੋਰਨਗੇ, ਮਤਲਬ, ਅੰਤ ਨੂੰ ਉਹ ਉਤਪਾਦਨ ਦੀਆਂ ਪੂੰਜੀ ਮੁਖੀ ਤਕਨੀਕਾਂ ਦੀ ਜ਼ਿਆਦਾ ਵਰਤੋਂ ਕਰਨਗੇ ਅਤੇ ਹਰੇਕ ਉਦਯੋਗ ਵਿਚ ਪੂੰਜੀ ਮੁਖੀ ਕਿਸਮਾਂ ਦਾ ਵੱਧ ਉਤਪਾਦਨ ਕਰਨਗੇ। ਇਸ ਤਰ੍ਹਾਂ ਇਹ ਕਾਨੂੰਨ ਭਾਰਤ ਦੀ ਕਾਰਕ ਬਹੁਲਤਾ ਆਧਾਰਿਤ ਤੁਲਨਾਤਮਕ ਫ਼ਾਇਦੇ ਦੇ ਵਿਰੁੱਧ ਕੰਮ ਕਰਨਗੇ ਜੋ ਮਜ਼ਦੂਰੀ ਮੁਖੀ ਨਿਰਮਾਣ ਵਿਚ ਹੈ ਅਤੇ ਇਸ ਦੇ ਵਪਾਰ ਦੇ ਫ਼ਾਇਦਿਆਂ 'ਤੇ ਅਸਰ ਪਾਉਣਗੇ।

ਅੱਗੇ ਅਸੀਂ ਅੰਤਰਰਾਸ਼ਟਰੀ ਵਪਾਰ ਅਤੇ ਮਜ਼ਦੂਰ ਕਾਨੂੰਨਾਂ ਵਿਚਾਲੇ ਸੰਵਾਦ ਅਤੇ ਫਰਮ ਦੀ ਕਾਰਗੁਜ਼ਾਰੀ ਨਿਰਧਾਰਤ ਕਰਨ ਲਈ ਇਸ ਸੰਵਾਦ ਦੇ ਅਨੁਭਵੀ ਸਬੂਤਾਂ ਬਾਰੇ ਗੱਲ ਕਰਾਂਗੇ। ਮਿਤਰਾ ਅਤੇ ਉਰਾਲ (2008) ਵਪਾਰਕ ਸੁਧਾਰਾਂ ਦਾ, ਦੋ ਅੰਕਾਂ ਵਾਲੇ ਵੱਖ-ਵੱਖ ਉਦਯੋਗਾਂ ਵਿਚ, 1988-2000 ਸਮੇਂ ਦਰਮਿਆਨ 15 ਵੱਡੇ ਰਾਜਾਂ ਵਿਚ, ਉਤਪਾਦਿਕਤਾ ਵਧਾਉਣ ਦਾ ਅਸਰ ਵੇਖਦੇ ਹਨ। ਇਹ ਅਸਰ ਬਾਕੀ ਦੇ ਲਚਕ ਵਾਲੇ ਮਜ਼ਦੂਰ ਬਾਜ਼ਾਰ ਵਾਲੇ ਰਾਜਾਂ ਨਾਲੋਂ 33 ਪ੍ਰਤਿਸ਼ਤ ਜ਼ਿਆਦਾ ਸੀ। ਗੁਣਾਤਮਕ ਤੌਰ ਤੇ, ਅਜਿਹੇ ਅਸਰ ਰੁਜ਼ਗਾਰ, ਉਤਪਾਦਨ, ਵੈਲਿਊ ਐਡਿਟ, ਪੂੰਜੀ ਸਟਾਕ ਅਤੇ ਨਿਵੇਸ਼ ਵਿਚ ਵੀ ਪਾਏ ਗਏ ਹਨ। ਇਸ ਕਰਕੇ, ਕੋਈ ਹੈਰਾਨੀ ਨਹੀਂ ਕਿ ਸੁੰਦਰਮ, ਅਹਿਸਾਨ ਅਤੇ ਮਿਤਰਾ (2013) ਦਾ ਮਨੰਣਾ ਹੈ ਕਿ ਵਪਾਰਕ ਉਦਾਰੀਕਰਨ ਰੁਜ਼ਗਾਰ, ਉਤਪਾਦਨ ਅਤੇ ਵੈਲਿਊ ਐਡਿਟ ਸੇਵਾਵਾਂ ਨੂੰ (ਲਚਕੀਲੇ ਮਜ਼ਦੂਰ ਬਾਜ਼ਾਰ ਵਾਲੇ ਰਾਜਾਂ ਦੇ ਮੁਕਾਬਲੇ) ਪ੍ਰਤਿਬੰਧਕ ਮਜ਼ਦੂਰ ਬਾਜ਼ਾਰਾਂ ਵਾਲੇ ਰਾਜਾਂ ਵਿਚ ਜ਼ਿਆਦਾ ਹੁਲਾਰਾ ਮਿਲਿਆ ਹੈ ਜਿਥੇ ਅਸੰਗਠਿਤ ਉਦਯੋਗਾਂ ਵਿਚ ਪੰਜ ਜਾਂ ਇਸ ਤੋਂ ਵੱਧ ਕਾਮੇ ਕੰਮ ਕਰਦੇ ਹਨ। ਇਸ ਤੋਂ ਪਤਾ ਲਗਦਾ ਹੈ ਕਿ ਵਪਾਰ ਜ਼ਰੀਏ ਉਤਸਾਹਿਤ ਸੰਗਠਿਤ ਖੇਤਰ ਦਾ ਵਿਕਾਸ, ਜੋ ਪ੍ਰਤਿਬੰਧਕ ਮਜ਼ਦੂਰ ਕਾਨੂੰਨੀ ਦੀ ਮਜ਼ਦੂਰੀ ਹੇਠ ਹੈ, ਵਿਚ ਅਸੰਗਠਿਤ ਨਿਰਮਾਣ ਖੇਤਰ ਕਰਕੇ ਥੋੜ੍ਹਾ ਉਛਾਲ ਆਇਆ ਹੈ।

ਜਿਵੇਂ ਕਿ ਉਪਰ ਬਿਆਨ ਕੀਤਾ ਗਿਆ ਹੈ, ਵਪਾਰ ਅਤੇ ਮਜ਼ਦੂਰ ਨਿਯਮਾਂ ਵਿਚਾਲੇ ਸੰਬੰਧ ਨੂੰ ਪਹਿਲੇ ਦੇ ਕਾਰਕ ਤੀਬਤਰਤਾ 'ਤੇ ਅਸਰ ਨੂੰ ਵੇਖਣ ਨਾਲ ਹੋਰ ਸਮਝਿਆ ਜਾ ਸਕਦਾ ਹੈ, ਕਿਉਂਕਿ ਕਾਰਕ ਤੀਬਰਤਾਵਾਂ ਕਾਰਕ ਬਹੁਲਤਾ ਨਾਲ ਜੁੜ ਕੇ ਵਪਾਰ ਵਿਚ ਵਿਸ਼ੇਸ਼ਤਾ ਅਤੇ ਤੁਲਨਾਤਮਕ ਫ਼ਾਇਦਾ ਨਿਰਧਾਰਤ ਕਰਦੀਆਂ ਹਨ, ਬਦਲੇ ਵਿਚ ਵਪਾਰ ਤੋਂ ਪ੍ਰਾਪਤੀਆਂ, ਉਦਯੋਗਾਂ ਅਤੇ ਦੇਸ਼ਾਂ ਵੱਲ ਵੇਖਦਿਆਂ ਹਸਨ, ਮਿਤਰਾ ਅਤੇ ਸੁੰਦਰਮ (2013 ਏ) ਕਹਿੰਦੇ ਹਨ ਕਿ ਮਜ਼ਦੂਰ ਬਾਜ਼ਾਰ ਦੀਆਂ ਖਾਮੀਆਂ, ਜੋ ਪ੍ਰਤਿਬੰਧਕ ਮਜ਼ਦੂਰ ਨਿਯਮਾਂ ਤੋਂ ਉਪਜਦੀਆਂ ਹਨ, ਖ਼ਾਸ ਕਰਕੇ ਕੰਮ 'ਤੇ ਰੱਖਣ 'ਤੇ ਛਾਂਟੀ ਕਰਨ ਦੇ ਨਿਯਮਾਂ ਨੂੰ ਮਿਲਾ ਕੇ, ਘੱਟੋ-ਘੱਟ ਉਜਰਤ ਦਾ ਨਿਯਮ ਅਤੇ ਰੁਜ਼ਗਾਰ ਫ਼ਾਇਦੇ, ਇਹ ਸਾਰੇ ਨਿਰਮਾਣ ਖੇਤਰ ਦੇ ਵੱਖ-ਵੱਖ ਉਦਯੋਗਾਂ ਵਿਚ ਪੂੰਜੀ ਤੀਬਰਤਾ ਵਿਚ ਵਾਧੇ ਨਾਲ ਜੁੜੇ ਹੋਏ ਹਨ, ਖ਼ਾਸ ਕਰਕੇ ਅਸਿੱਖਿਅਤ ਮਜ਼ਦੂਰ ਮੁਖੀ ਉਦਯੋਗ ਅਤੇ ਉਹ ਉਦਯੋਗ ਜਿਨ੍ਹਾਂ ਦੀ ਮੰਗ ਤੇ ਤਕਨੀਕ ਇੰਨੀ ਕੁ ਅਸਥਿਰ ਹੈ ਕਿ ਅਕਸਰ ਮਜ਼ਦੂਰ ਸਮਾਯੋਜਨ ਦੀ ਮੰਗ ਕਰਦੀ ਹੈ। ਇਸ ਕਰਕੇ ਕੋਈ ਹੈਰਾਨੀ ਨਹੀਂ ਕਿ ਹਸਨ, ਮਿਤਰਾ ਅਤੇ ਸੁੰਦਰਮ (2013 ਬੀ) ਦਾ ਕਹਿਣਾ ਹੈ ਕਿ ਭਾਰਤ ਉਤਪਾਦਨ ਦੀਆਂ ਪੂੰਜੀ ਮੁਖੀ ਤਕਨੀਕਾਂ ਦਾ ਜ਼ਿਆਦਾ ਇਸਤੇਮਾਲ ਕਰਦਾ ਹੈ, ਬਜਾਇ ਕਿ ਜੋ ਇਸ ਦੇ ਵਿਕਾਸ ਦੇ ਪੱਧਰ ਅਤੇ ਚੀਨ ਵਲੋਂ ਕਾਗਜ਼ ਅਤੇ ਛਪਾਈ, ਚਮੜਾ, ਰਬੜ ਅਤੇ ਪਲਾਸਟਿਕ, ਰਸਾਇਣਕ ਪਦਾਰਥ, ਗ਼ੈਰ-ਧਾਤੂ ਖਣਿਜ, ਆਧਾਰ ਧਾਤੂ, ਧਾਤੂ ਉਤਪਾਦ, ਬਿਜਲਈ ਯੰਤਰ, ਪੈਟਰੋਲੀਅਮ ਆਦਿ ਵਾਸਤੇ ਭਵਿੱਖਬਾਣੀ ਕੀਤੇ ਗਏ ਸਨ।

ਇਕ ਹੋਰ ਮਜ਼ਦੂਰ ਬਾਜ਼ਾਰ ਦਾ ਬਦਲਾਅ ਜੋ ਵਪਾਰ ਅਤੇ ਮਜ਼ਦੂਰ ਬਾਜ਼ਾਰ ਦੀ ਪ੍ਰਤਿਬੰਧਕੀ ਤੋਂ ਪ੍ਰਭਾਵਤ ਹੈ, ਉਹ ਹੈ ਬੇਰੁਜ਼ਗਾਰੀ ਦੀ। ਹਸਨ, ਮਿਤਰਾ, ਰੰਜਨ ਅਤੇ ਅਹਿਸਾਨ,(2012) ਰਾਜਾਂ ਵਿਚ ਵਪਾਰ ਉਦਾਰੀਕਰਨ ਦੇ ਅਸਰ ਵਜੋਂ ਬੇਰੁਜ਼ਗਾਰੀ ਘਟਣ ਦਾ ਸਬੂਤ ਲੱਭਦੇ ਹਨ, ਜਿਨ੍ਹਾਂ ਰਾਜਾਂ 'ਚ ਲਚਕੀਲੇ ਮਜ਼ਦੂਰ ਬਾਜ਼ਾਰ ਹਨ ਜਿਥੇ ਲਗਭਗ 37 ਪ੍ਰਤਿਸ਼ਤ ਅਸਲ ਬੇਰੁਜ਼ਗਾਰੀ ਗਿਰਾਵਟ ਦਾ ਕਾਰਨ ਵਪਾਰ ਉਦਾਰੀਕਰਨ ਨੂੰ ਦੱਸਿਆ ਗਿਆ ਹੈ। ਬੇਰੁਜ਼ਗਾਰੀ ਬਾਰੇ ਇਹ ਨਤੀਜੇ ਹਸਨ, ਮਿਤਰਾ ਅਤੇ ਰਾਮਾਸਵਾਮੀ (2007) ਦੀ ਖੋਜ ਦੇ ਨਤੀਜਿਆਂ ਦੇ ਮੁਤਾਬਕ ਹੀ ਹਨ। ਉਨ੍ਹਾਂ ਵਲੋਂ 1988-1997 ਦੇ ਕਾਲਖੰਡ ਲਈ ਰਾਜਾਂ ਵਲੋਂ ਦੋ ਅੰਕਾਂ ਦੇ ਉਦਯੋਗਿਕ ਅੰਕੜਿਆਂ ਦਾ ਇਸਤੇਮਾਲ ਕੀਤਾ ਹੈ ਜਿਸ ਵਿਚ ਦੱਸਿਆ ਗਿਆ ਹੈ ਕਿ ਵਪਾਰਕ ਸੁਧਾਰਾਂ ਨਾਲ ਰੁਜ਼ਗਾਰ ਵਿਚ ਗਿਰਾਵਟ ਤੋਂ ਉਜਰਤ ਵਿਚ ਵਾਧੇ ਵੱਲ ਕਾਰਵਾਈ ਵਿਚ ਸੰਖਿਅਤ ਤੌਰ ਤੇ ਕਾਫ਼ੀ ਵਾਧਾ ਹੋਇਆ ਹੈ। ਇਹ ਕਾਰਵਾਈ/ਹੁੰਗਾਰਾ ਅਤੇ ਇਸ ਵਿਚ ਵਾਧਾ (ਵਪਾਰਕ ਉਦਾਰੀਕਰਨ ਕਰਕੇ) ਲਚਕੀਲੇ ਮਜ਼ਦੂਰ ਬਾਜ਼ਾਰ ਵਾਲੇ ਰਾਜਾਂ ਵਿਚ ਜ਼ਿਆਦਾ ਸੀ (ਜਿਥੇ ਮਜ਼ਦੂਰ ਕਾਨੂੰਨ ਘੱਟ ਪ੍ਰਤਿਬੰਧਕ ਹਨ)। ਜਿਵੇਂ ਕਿ ਰੌਡਰਿਕ (1997) ਨੇ ਦਲੀਲ ਦਿਤੀ ਹੈ, ਇਹ ਕਾਰਵਾਈ ਕਾਮਿਆਂ ਦੀ ਸੌਦੇਬਾਜ਼ੀ ਕਰਨ ਦੀ ਸ਼ਕਤੀ ਨੂੰ ਦਿਖਾਉਂਦੀ ਹੈ ਜੋ ਵਪਾਰਕ ਉਦਾਰੀਕਰਨ ਨਾਲ ਘਟ ਜਾਂਦੀ ਹੈ। ਇਕ ਰਸਤਾ ਬਿਲਕੁਲ ਸਿੱਧਾ ਹੈ ਅਤੇ ਸਸਤੇ ਅਤੇ ਨਿਵੇਸ਼ ਕਿਸਮਾਂ ਦੀ ਵੱਡੀ ਗਿਣਤੀ ਕਰਨਾ ਉਤਪੰਨ ਹੁੰਦਾ ਹੈ ਜੋ ਵਪਾਰਕ ਉਦਾਰੀਕਰਨ ਤੋਂ ਬਾਅਦ ਘਰੇਲੂ ਮਜ਼ਦੂਰਾਂ ਦੀਆਂ ਸੇਵਾਵਾਂ

ਨਾਲ ਮੁਕਾਬਲਾ ਕਰ ਸਕਦੇ ਹਨ। ਦੂਜਾ ਰਸਤਾ ਜ਼ਿਆਦਾ ਸੂਖਮ ਹੈ ਅਤੇ ਇਸ ਸਚਾਈ ਤੋਂ ਨਿਕਲਦਾ ਹੈ ਕਿ ਵਪਾਰਕ ਉਦਾਰੀਕਰਨ ਤੋਂ ਬਾਅਦ ਘਰੇਲੂ ਪੱਧਰ 'ਤੇ ਬਣਾਈਆਂ ਵਸਤਾਂ ਨੂੰ ਵਿਦੇਸ਼ਾਂ ਵਿਚ ਬਣੀਆਂ ਵਸਤਾਂ ਤੋਂ ਸਖਤ ਮੁਕਾਬਲੇ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਦਾ ਮਤਲਬ ਹੈ ਕਿ ਉਜਰਤਾਂ ਵਿਚ ਕੋਈ ਵੀ ਵਾਧਾ, ਜਿਸ ਨਾਲ ਲਾਗਤ ਵਧਦੀ ਹੈ ਅਤੇ ਸਿੱਟੇ ਵਜੋਂ ਕੀਮਤ ਵਿਚ ਵਾਧਾ ਹੁੰਦਾ ਹੈ, ਨਾਲ ਹੁਣ ਇੱਛਤ ਉਤਪਾਦਨ ਦੀ ਗੁਣਵੱਤਾ ਅਤੇ ਸਿੱਟੇ ਵਜੋਂ ਰੁਜ਼ਗਾਰ ਵਿਚ ਵੱਡੀ ਗਿਰਾਵਟ ਆਉਂਦੀ ਹੈ। ਇਸ ਨਾਲ ਨਜਿੱਠੀਆਂ ਹੋਈਆਂ ਉਜਰਤਾਂ ਖਤਮ ਹੋ ਜਾਣਗੀਆਂ, ਜਿਸ ਬਾਰੇ ਬੇਰੁਜ਼ਗਾਰੀ ਦੇ ਜ਼ਿਆਦਾਤਰ ਮਾਡਲ ਭਵਿੱਖਬਾਣੀ ਕਰਨਗੇ ਕਿ ਇਸ ਨਾਲ ਬੇਰੁਜ਼ਗਾਰੀ ਵਿਚ ਕਮੀ ਆਵੇਗੀ। ਇਸ ਰਸਤੇ ਦੇ ਮੁਕਾਬਲਤਨ ਲਚਕਦਾਰ ਮਜ਼ਦੂਰ ਬਾਜ਼ਾਰ ਦੀ ਹਾਜ਼ਰੀ ਵਿਚ ਪੂਰੀ ਸਮਰੱਥਾ ਮੁਤਾਬਕ ਕੰਮ ਕਰਨ ਦੀ ਆਸ ਕੀਤੀ ਜਾਂਦੀ ਹੈ।

## ਸਮਾਪਤੀ ਟਿੱਪਣੀਆਂ : ਨੀਤੀਗਤ ਸਿਫਾਰਸ਼ਾਂ ਅਤੇ ਪ੍ਰਭਾਵ

ਇਸ ਵਿਚਾਰ ਦੇ ਹੱਕ ਵਿਚ ਸਪੱਸ਼ਟ ਤੇ ਕਾਫ਼ੀ ਵੱਡੇ ਸਬੂਤ ਹਨ ਕਿ ਭਾਰਤ ਦੇ ਵੇਲਾ ਵਿਹਾ ਚੁੱਕੇ ਅਤੇ ਪ੍ਰਤਿਬੰਧਕ ਮਜ਼ਦੂਰ ਨਿਯਮ ਇਸ ਦੇ ਨਿਰਮਾਣਸਾਜ਼ੀ ਖੇਤਰ ਦੇ ਵਿਕਾਸ ਵਿਚ ਇਕ ਵੱਡਾ ਰੋੜਾ ਹਨ, ਖ਼ਾਸ ਕਰਕੇ ਮਜ਼ਦੂਰ ਮੁਖੀ ਉਦਯੋਗ। ਇਹ ਨਿਯਮ ਨਿਰਮਾਣਸਾਜ਼ੀ ਖੇਤਰ ਵਿਚ ਸਰਗਰਮ ਫਰਮਾਂ ਨੂੰ ਆਕਾਰ ਘਟਾਉਣ ਅਤੇ ਪੈਮਾਨੇ ਦੀਆਂ ਸੰਭਾਵਿਤ ਆਰਥਿਕਤਾਵਾਂ ਤੋਂ ਵਾਂਝੇ ਰੱਖਦੇ ਹਨ। ਇਹ ਉਨ੍ਹਾਂ ਫਰਮਾਂ ਨੂੰ ਪੂੰਜੀ ਮੁਖੀ ਉਤਪਾਦਨ ਤਕਨੀਕਾਂ ਅਪਣਾਉਣ ਅਤੇ ਹਰੇਕ ਉਦਯੋਗ ਵਿਚ ਪੂੰਜੀ ਮੁਖੀ ਉਤਪਾਦਾਂ ਦੀਆਂ ਕਿਸਮਾਂ ਦੇ ਉਤਪਾਦਨ ਦੀ ਚੋਣ ਕਰਨ ਲਈ ਮਜਬੂਰ ਕਰਦੇ ਹਨ, ਜਿਸ ਨਾਲ ਉਨ੍ਹਾਂ ਫਰਮਾਂ ਨੂੰ ਭਾਰਤ ਦੀ ਕਾਰਕ-ਬਹੁਲਤਾ ਆਧਾਰਿਤ ਤੁਲਨਾਤਮਕ ਫ਼ਾਇਦੇ ਦੇ ਵਿਰੁੱਧ ਜਾਣ ਲਈ ਮਜਬੂਰ ਹੋਣਾ ਪੈਂਦਾ ਹੈ। ਹੋਰ, ਇਹ ਕਾਨੂੰਨ ਅਸਥਾਈ/ਕੱਚੇ ਕਾਮਿਆਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਦੇ ਹਨ ਜਿਨ੍ਹਾਂ ਨੂੰ ਕੰਮ ਸਿੱਖਣ ਦਾ ਕੋਈ ਪ੍ਰੋਤਸਾਹਨ ਨਹੀਂ ਹੁੰਦਾ ਅਤੇ ਜਿਨ੍ਹਾਂ ਵਿਚ ਨਿਵੇਸ਼ ਕਰਨ ਦੀ ਫਰਮ ਦੀ ਕੋਈ ਦਿਲਚਸਪੀ ਨਹੀਂ ਹੁੰਦੀ। ਇਸ ਤਰ੍ਹਾਂ, ਭਾਰਤੀ ਨਿਰਮਾਣ ਇਕਾਈਆਂ, ਖ਼ਾਸ ਕਰਕੇ ਮਜ਼ਦੂਰ ਮੁਖੀ ਉਦਯੋਗ ਜਿਵੇਂ ਕੱਪੜਾ ਅਤੇ ਵਸਤਰ, ਗੰਭੀਰ ਤੌਰ ਤੇ ਆਪਣੇ ਚੀਨੀ, ਬੰਗਾਲਾਦੇਸ਼ੀ, ਵੀਅਤਨਾਮੀ ਹਮਰੁਤਬਾ ਨਾਲੋਂ ਨੁਕਸਾਨ ਵਿਚ ਰਹਿੰਦੇ ਹਨ ਜਿਥੇ ਮਜ਼ਦੂਰ ਕਾਨੂੰਨ ਜ਼ਿਆਦਾ ਲਚਕੀਲੇ ਹਨ।

ਜਿਵੇਂ ਕਿ ਸਪੱਸ਼ਟ ਹੈ, ਭਾਰਤ ਦੀ ਵਿਸ਼ਾਲ ਕੰਮਕਾਜੀ ਜਨਸੰਖਿਆ ਨੂੰ ਚੰਗੀਆਂ ਨੌਕਰੀਆਂ ਮੁਹੱਈਆ ਕਰਵਾਉਣ ਦਾ ਇਕੋ-ਇਕ ਰਸਤਾ ਮਜ਼ਦੂਰ ਮੁਖੀ ਨਿਰਮਾਣਸਾਜ਼ੀ ਨੂੰ ਫੈਲਾਉਣ ਦਾ ਹੈ। ਭਾਵੇਂ ਕਿ ਹਾਲ ਹੀ ਵਿਚ ਭਾਰਤ ਅੰਦਰ ਸੇਵਾ ਖੇਤਰ ਦਾ ਤੇਜ਼ੀ ਨਾਲ ਵਿਸਥਾਰ ਹੋ ਰਿਹਾ ਹੈ, ਇਕ ਨੁਕਤੇ ਤੋਂ ਅੱਗੇ ਇਹ ਇਸ ਦੇ ਵਿਕਾਸ ਦਾ ਮੁੱਖ ਕਾਰਕ ਨਹੀਂ ਹੋ ਸਕਦਾ ਕਿਉਂਕਿ ਇਸ ਦੇ ਸਾਹਮਣੇ ਪੜ੍ਹੇ-ਲਿਖੇ ਕਾਮਿਆਂ ਦੀ ਸੀਮਤ ਉਪਲਬਧਤਾ ਦੀ ਮਜਬੂਰੀ ਆ ਖੜ੍ਹੀ ਹੋਵੇਗੀ। ਸਥਾਈ, ਸੇਵਾਵਾਂ ਵਾਲੇ ਵਿਕਾਸ ਲਈ ਕਾਮਿਆਂ ਵਿਚ ਬਦਲਾਅ ਹੋਣ ਨੂੰ ਕਈ ਦਹਾਕੇ ਲੱਗ ਜਾਣਗੇ। ਇਸ ਕਰਕੇ ਮਜ਼ਦੂਰ ਨਿਯਮਾਂ ਵਿਚ ਸੁਧਾਰ ਜ਼ਰੂਰੀ ਹੋ ਜਾਵੇਗਾ।

ਕਿਸ ਤਰ੍ਹਾਂ ਦੇ ਮਜ਼ਦੂਰ ਸੁਧਾਰਾਂ ਦੀ ਲੋੜ ਹੈ? ਆਈ ਡੀ ਏ ਦੀ ਰੁਜ਼ਗਾਰ ਦੀ ਰੁਜ਼ਗਾਰ ਹੱਦ 100 ਤੋਂ 300 ਤਕ ਕਰਦਿਆਂ, ਜਿਵੇਂ ਕਿ ਰਾਜਸਥਾਨ ਵਿਚ ਕੀਤਾ ਗਿਆ ਹੈ, ਲਾਭਦਾਇਕ ਹੋ ਸਕਦਾ ਹੈ, ਇਸ ਨੂੰ ਪੜਾਅਵਾਰ ਹੋਰ ਉੱਚੇ ਪੱਧਰਾਂ ਤਕ ਚੁੱਕਣਾ ਚਾਹੀਦਾ ਹੈ, ਜਿਸ ਵਿਚ ਅਖੀਰ ਨੂੰ ਹੱਦ ਬਿਲਕੁਲ ਖਤਮ ਕਰ ਦਿਤੀ ਜਾਵੇਗੀ ਅਤੇ ਸੁਧਾਰਾਂ ਨੂੰ ਆਈ ਡੀ ਏ ਦੇ ਚੈਪਟਰ ਵੀ ਬੀ ਤੋਂ ਅਗਾਂਹ ਲਿਜਾਉਣ ਦੀ ਜ਼ਰੂਰਤ ਹੈ ਜਿਨ੍ਹਾਂ ਤੋਂ ਜ਼ਿਆਦਾਤਰ ਟਿੱਪਣੀਕਾਰ ਧਿਆਨ ਕੇਂਦਰਿਤ ਕਰਦੇ ਹਨ। ਜਿਥੋਂ ਤਕ ਆਈ ਡੀ ਏ ਦੇ ਚੈਪਟਰ ਵੀ ਬੀ ਵਿਚ ਸੋਧ ਦਾ ਸਵਾਲ ਹੈ, ਭਗਵਤੀ ਅਤੇ ਪਾਨਾਗਰੀਆ (2013) ਛਾਂਟੀ ਦੀ ਪਰਿਭਾਸ਼ਾ ਵਿਚੋਂ, ਘਟਦੀ ਮੰਗ ਜਾਂ ਤਕਨੀਕ ਵਿਚ ਤਬਦੀਲੀ ਜਾਂ ਅਜ਼ਮਾਇਸ਼ 'ਤੇ ਰੱਖੇ ਕਾਮਿਆਂ ਦੇ ਪੱਕੇ ਨਾ ਹੋਣ ਦੀ ਸੂਰਤ ਵਿਚ, ਰੁਜ਼ਗਾਰ ਨੂੰ ਘਟਾਉਣ ਨੂੰ ਬਾਹਰ ਰੱਖਣ ਦਾ ਸੁਝਾਅ ਦਿੰਦੇ ਹਨ। ਹੋਰ, ਉਹ ਦਲੀਲ ਦਿੰਦੇ ਹਨ ਕਿ ਉਦਯੋਗਿਕ ਰੁਜ਼ਗਾਰ (ਸਥਾਈ ਆਦੇਸ਼) ਐਕਟ ਵਿਚ ਬਦਲਾਅ ਕੀਤੇ ਜਾਣੇ ਚਾਹੀਦੇ ਹਨ ਤਾਂ ਕਿ ਇਕ ਕੰਮ ਵਿਚ ਨਿਪੁੰਨ/ਮਾਹਰ ਕਾਮੇ ਦੇ ਦੂਜੇ ਕੰਮ ਵਿਚ ਜਾਣ ਲਈ ਜ਼ਿਆਦਾ ਲਚਕ ਦਿਤੀ ਜਾ ਸਕੇ।

ਮੈਂ ਸਿਫ਼ਾਰਸ਼ ਕਰਾਂਗਾ ਕਿ ਇਕ ਇਕਾਈ ਅੰਦਰ ਬਹੁਤੀਆਂ ਯੂਨੀਅਨਾਂ ਦੀ ਆਗਿਆ ਨਹੀਂ ਦੇਣੀ ਚਾਹੀਦੀ ਕਿਉਂਕਿ ਇਸ ਕਰਕੇ ਘੜਮੱਸ ਵਾਲੇ ਹਾਲਾਤ ਬਣ ਸਕਦੇ ਹਨ ਜਿਸ ਨਾਲ ਉਤਪਾਦਿਕਤਾ ਵਿਚ ਵੱਡਾ ਨੁਕਸਾਨ ਹੁੰਦਾ ਹੈ। ਜਿਵੇਂ ਕਿ ਉੱਪਰ ਜ਼ਿਕਰ ਕੀਤਾ ਗਿਆ ਹੈ, ਵੈੱਬ ਪਲਾਨ ਤੋਂ ਪਾਲਣਾ ਦੇ ਸਵੈ-ਪ੍ਰਗਟਾਵੇ ਦੀ ਨਵੀਂ ਪਹਿਲਕਦਮੀ ਨਾਲ ਉਮੀਦ ਹੈ ਕਿ ਇੰਸਪੈਕਟਰ ਰਾਜ ਦਾ ਖਾਤਮਾ ਹੋਵੇਗਾ। ਇਸ ਸਕੀਮ ਤਹਿਤ ਆਉਂਦੇ ਨਿਯਮਾਂ ਦੀ ਗਿਣਤੀ ਵਧਾਈ ਜਾਣੀ ਚਾਹੀਦੀ ਹੈ।

ਭਾਵੇਂ ਕਿ ਭਾਰਤ ਦੇ ਪ੍ਰਤਿਬੰਧਕ ਮਜ਼ਦੂਰ ਨਿਯਮਾਂ ਦੀਆਂ ਆਰਥਿਕ ਲਾਗਤਾਂ ਸਰਵ-ਪ੍ਰਵਾਨਿਤ ਹਨ, ਉਨ੍ਹਾਂ ਦੇ ਸੁਧਾਰਾਂ ਨੂੰ ਜ਼ਿਆਦਾਤਰ ਰਾਜਨੀਤਕ ਗਰਦਾਨਿਆ ਜਾਂਦਾ ਹੈ ਜੋ ਵਿਹਾਰਕ ਨਹੀਂ ਹੁੰਦੇ। ਮਜ਼ਦੂਰ ਸੰਗਠਨਾਂ ਨੂੰ ਰਾਜਨੀਤਕ ਤੌਰ ਤੇ ਬਹੁਤ ਸੰਗਠਿਤ ਸਮਝਿਆ ਜਾਂਦਾ ਹੈ ਜੋ ਰਾਜਨੀਤਕ ਪ੍ਰਕਿਰਿਆਵਾਂ ਦਾ ਧੁਰਾ ਹੁੰਦੀਆਂ ਹਨ। ਘਰ, ਹਾਲੀਆ ਅਨੁਭਵ ਆਧਾਰਿਤ ਸਬੂਤ ਇਹ ਸੁਝਾਉਂਦੇ ਹਨ ਕਿ ਇਸ ਰਾਜਨੀਤਕ ਮਜਬੂਰੀ ਨੂੰ ਇਸੇ ਤਰ੍ਹਾਂ ਮੰਨਣ ਦੀ ਲੋੜ ਨਹੀਂ। ਮਿਸਾਲ ਦੇ ਲਈ, ਇਹ ਹੁਣ ਸਬੂਤ ਹਨ ਕਿ ਜ਼ਿਆਦਾ ਵਪਾਰਕ ਖੁੱਲ੍ਹ ਨਾਲ ਭਾਰਤ ਦੇ ਸੰਗਠਿਤ ਖੇਤਰ ਦੇ ਕਾਮਿਆਂ ਦੀ ਸੌਦੇਬਾਜ਼ੀ ਦੀ ਸ਼ਕਤੀ ਵਿਚ ਕਮੀ ਆਈ ਹੈ ਅਤੇ ਨਾਲ ਹੀ ਸੰਗਠਨਾਂ ਦੀ ਘਟਦੀ ਮੈਂਬਰਸ਼ਿਪ ਨਾਲ ਵੀ (ਵੇਖੋ ਅਹਿਸਾਨ ਅਤੇ ਮਿਤਰਾ, 2014 ਅਤੇ ਅਹਿਸਾਨ, ਘੋਸ਼ ਅਤੇ ਮਿਤਰਾ, 2015)। ਇਸ ਤਰ੍ਹਾਂ, ਮਜ਼ਦੂਰ ਨਿਯਮਾਂ ਵਿਚ ਹੌਲੀ-ਹੌਲੀ ਸੁਧਾਰ ਹੋਣ ਨਾਲ, ਨਾ ਸਿਰਫ਼ ਇਨ੍ਹਾਂ ਸੁਧਾਰਾਂ ਖ਼ਿਲਾਫ਼ ਰਾਜਨੀਤਕ ਵਿਰੋਧ ਖੁਰ ਜਾਵੇਗਾ, ਸਗੋਂ ਅਜਿਹੇ ਸੁਧਾਰਾਂ ਲਈ ਰਾਜਨੀਤਕ ਹਮਾਇਤ ਵੀ ਵਧ ਜਾਵੇਗੀ ਕਿਉਂਕਿ ਕਾਮਿਆਂ ਨੂੰ ਅਹਿਸਾਸ ਹੋ ਜਾਵੇਗਾ ਕਿ ਅਜਿਹੇ ਸੁਧਾਰਾਂ ਤੋਂ ਉਨ੍ਹਾਂ ਨੂੰ ਸਭ ਤੋਂ ਵੱਡਾ ਫ਼ਾਇਦਾ ਹੋਵੇਗਾ।

*(ਲੇਖਕ ਪ੍ਰੋਫ਼ੈਸਰ, ਅਰਥਸ਼ਾਸਤਰ ਅਤੇ ਕਰੇਮਰ ਪ੍ਰੋਫ਼ੈਸਰ ਆਫ਼ ਗਲੋਬਲ ਆਵੇਅਰਜ਼, ਦਿ ਮੈਕਸ ਵੈੱਲ ਸਕੂਲ ਆਫ਼ ਸਿਟੀਜ਼ਨਸ਼ਿਪ ਅਤੇ ਪਬਲਿਕ ਅਫੇਰਜ਼ ਸਾਈਰਕਸ ਯੂਨੀਵਰਸਿਟੀ ਸਾਈਰਕਸ, ਨਿਊਯਾਰਕ, ਯੂ ਐੱਸ ਏ ਹੈ।)*

*e-mail :dmitra@mawell.syr.edu*

# ਭਾਰਤ 'ਚ ਕਾਨੂੰਨੀ ਸਹਾਇਤਾ ਤੇ ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਿਟੀ

ਮਨੋਜ ਕੁਮਾਰ ਸਿਨਹਾ

ਜਨ ਪਛਾਣ

ਇਨਸਾਫ਼ ਤਕ ਰਸਾਈ ਮੁਢਲੇ ਮਨੁੱਖੀ ਅਧਿਕਾਰਾਂ ਵਿਚੋਂ ਇਕ ਹੈ ਅਤੇ ਇਸ ਨੂੰ ਪੂਰਾ ਕੀਤੇ ਬਿਨਾਂ ਬਹੁਤ ਸਾਰੇ ਮਨੁੱਖੀ ਅਧਿਕਾਰ ਸਿਰਫ਼ ਕਾਗਜ਼ਾਂ 'ਤੇ ਹੀ ਰਹਿ ਜਾਣਗੇ। ਅੰਤਰਰਾਸ਼ਟਰੀ ਪ੍ਰਤਿੱਗਿਆ (ਨਾਗਰਿਕ ਅਤੇ ਰਾਜਨੀਤਕ ਅਧਿਕਾਰ) ਦੇ ਅੰਤਰਰਾਸ਼ਟਰੀ ਪੱਧਰ ਦੇ ਅਨੁਛੇਦ 14(3)(ਡੀ) ਵਿਚ ਕਿਹਾ ਗਿਆ ਹੈ :

***"... ਉਸ ਦੀ ਹਾਜ਼ਰੀ ਵਿਚ ਮੁਕੱਦਮਾ ਚਲਾਉਣਾ ਅਤੇ ਖ਼ੁਦ ਜਾਂ ਕਾਨੂੰਨੀ ਸਹਾਇਤਾ ਰਾਹੀਂ ਆਪਣੀ ਚੋਣ ਅਨੁਸਾਰ ਆਪਣਾ ਬਚਾਅ ਕਰਨਾ, ਸੂਚਿਤ ਕੀਤਾ ਜਾਣਾ, ਜੇ ਉਸ ਕੋਲ ਕਾਨੂੰਨੀ ਸਹਾਇਤਾ ਨਹੀਂ ਹੈ, ਇਸ ਅਧਿਕਾਰ ਬਾਰੇ, ਅਤੇ ਕਿਸੇ ਵੀ ਹਾਲਤ ਵਿਚ ਉਸ ਨੂੰ ਕਾਨੂੰਨੀ ਸਹਾਇਤਾ ਪ੍ਰਦਾਨ ਕਰਨਾ ਜਿਥੇ ਨਿਆਂ ਦੇ ਹਿਤ ਵਿਚ ਲੋੜ ਹੋਵੇ, ਅਤੇ ਬਿਨਾਂ ਅਦਾਇਗੀ ਤੋਂ, ਜੇ ਅਜਿਹਾ ਮਾਮਲਾ ਹੋਵੇ ਜੇ ਉਸ ਕੋਲ ਇਸ ਵਾਸਤੇ ਅਦਾਇਗੀ ਦੇ ਸਾਧਨ ਨਾ ਹੋਣ।"***

ਅਨੁਛੇਦ 14(3) ਵਿਚ ਕਾਨੂੰਨੀ ਸਹਾਇਤਾ ਦਾ ਇਹ ਪ੍ਰਾਵਧਾਨ ਉਨ੍ਹਾਂ ਘੱਟੋ-ਘੱਟ ਜ਼ਾਮਨੀਆਂ ਵਿਚ ਸ਼ਾਮਿਲ ਹੈ ਜਿਸ ਦਾ ਹਰ ਜਣਾ ਬਰਾਬਰੀ ਵਿਚ ਹੱਕਦਾਰ ਹੈ, ਕਿਸੇ ਅਪਰਾਧਿਕ ਦੋਸ਼ ਨੂੰ ਤੈਅ ਕਰਨ ਵਾਸਤੇ। ਇਸ ਲਈ, ਮੁਫ਼ਤ ਕਾਨੂੰਨੀ ਸਹਾਇਤਾ ਦੇ ਹੱਕ ਦੀਆਂ ਜੜ੍ਹਾਂ ਬਰਾਬਰੀ ਦੇ ਵਿਚਾਰ ਵਿਚ ਹਨ; ਪਰ ਇਹ ਹੱਕ ਸਿਰਫ਼ ਅਪਰਾਧਿਕ ਨਿਆਂ ਪ੍ਰਣਾਲੀ ਦੇ ਸੰਦਰਭ ਵਿਚ ਹੀ ਦੱਸਿਆ ਗਿਆ ਹੈ।

ਭਾਰਤ ਦਾ ਸੰਵਿਧਾਨ ਸਪੱਸ਼ਟ ਤੌਰ ਤੇ ਮੁਫ਼ਤ ਕਾਨੂੰਨੀ ਸਹਾਇਤਾ ਦੇ ਅਧਿਕਾਰ ਨੂੰ ਬੁਨਿਆਦੀ ਅਧਿਕਾਰ ਨਹੀਂ ਮੰਨਦਾ। ਪਰ, 'ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ' ਤਹਿਤ ਆਰਟੀਕਲ 39-ਏ, ਲੋੜਵੰਦ-ਮੁਥਾਜ ਵਿਅਕਤੀਆਂ ਨੂੰ ਸਾਰੇ ਮਾਮਲਿਆਂ ਵਿਚ ਮੁਫ਼ਤ ਕਾਨੂੰਨੀ ਸਹਾਇਤਾ ਦੇਣ ਲਈ ਆਖਦਾ ਹੈ। ਸੰਵਿਧਾਨ ਦਾ ਆਰਟੀਕਲ 39-ਏ ਕਹਿੰਦਾ ਹੈ : "ਰਾਜ ਇਹ ਯਕੀਨੀ ਬਣਾਏਗਾ ਕਿ ਕਾਨੂੰਨੀ ਪ੍ਰਣਾਲੀ ਦਾ ਸੰਚਾਲਨ ਇਨਸਾਫ਼ ਨੂੰ ਉਤਸ਼ਾਹਿਤ ਕਰੇ, ਬਰਾਬਰੀ ਦੇ ਸੰਦਰਭ ਵਿਚ, ਅਤੇ ਢੁੱਕਵੇਂ ਕਾਨੂੰਨ ਜਾਂ ਸਕੀਮਾਂ ਜਾਂ ਦੂਸਰੇ ਤਰੀਕੇ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਦਾਨ ਕਰੇ, ਇਹ ਯਕੀਨੀ ਬਣਾਉਣ ਲਈ ਕਿ ਕਿਸੇ ਵੀ ਨਾਗਰਿਕ ਨੂੰ ਆਰਥਿਕ ਜਾਂ ਦੂਸਰੇ ਕਾਰਨਾਂ ਕਰਕੇ ਇਨਸਾਫ਼ ਲੈਣ ਦੇ ਮੌਕਿਆਂ ਤੋਂ ਵਿਰਵਾ ਨਾ ਕੀਤਾ ਜਾਵੇ।"

ਸੁਪਰੀਮ ਕੋਰਟ ਨੇ ਮੰਨਿਆ ਹੈ ਕਿ ਗਰੀਬ ਅਤੇ ਯੋਗ ਵਿਅਕਤੀਆਂ ਨੂੰ ਕਾਨੂੰਨੀ ਸਹਾਇਤਾ ਨਿੱਜੀ ਆਜ਼ਾਦੀ ਦਾ ਹਿੱਸਾ ਹੈ, ਜਿਵੇਂ ਕਿ ਸੰਵਿਧਾਨ ਦੇ ਆਰਟੀਕਲ 21 ਵਿਚ ਦਰਜ ਹੈ। ਐੱਮ ਐੱਚ ਹੋਸਕੋਟ ਬਨਾਮ ਮਹਾਂਰਾਸ਼ਟਰ ਸਰਕਾਰ ਮਾਮਲੇ ਵਿਚ ਸੁਪਰੀਮ ਕੋਰਟ ਨੇ ਇਹ ਟਿੱਪਣੀ ਕੀਤੀ ਕਿ ਕਿਸੇ ਵੀ ਨਾਗਰਿਕ ਵਾਸਤੇ ਮੁਫ਼ਤ ਸਹਾਇਤਾ ਅਨੁਛੇਦ 21 ਵਿਚ ਸਪੱਸ਼ਟ ਹੈ ਜੋ ਇਕ ਵਾਜਬ, ਨਿਆਂਕਾਰੀ ਪ੍ਰਕਿਰਿਆ ਦਾ ਜ਼ਰੂਰੀ ਅੰਗ ਹੈ। ਇਸ ਮਾਮਲੇ ਵਿਚ, ਜਸਟਿਸ ਕ੍ਰਿਸ਼ਨਾ ਅਈਅਰ ਨੇ ਟਿੱਪਣੀ ਕੀਤੀ :

"ਜੇ ਸਜ਼ਾ ਪ੍ਰਾਪਤ ਕੈਦੀ ਆਪਣੇ ਅਪੀਲ ਕਰਨ ਦੇ ਸੰਵਿਧਾਨਿਕ ਅਤੇ ਕਾਨੂੰਨੀ ਹੱਕਾਂ ਨੂੰ ਵਰਤਣ ਤੋਂ ਅਸਮਰਥ ਹੈ ... ਕਾਨੂੰਨੀ ਸਹਾਇਤਾ ਦੀ ਅਣਹੋਂਦ ਵਿਚ, ਅਨੁਛੇਦ 14 ਤਹਿਤ, ਸੰਵਿਧਾਨ ਦੇ ਅਨੁਛੇਦ 21 ਅਤੇ 39-ਏ ਵਿਚ ਸਪੱਸ਼ਟ ਹੈ ਕਿ ਅਦਾਲਤ ਕੋਲ ਅਜਿਹੇ ਸਜ਼ਾਯਾਫ਼ਤਾ ਵਿਅਕਤੀ ਨਾਲ ਪੂਰਾ ਨਿਆਂ ਕਰਨ ਲਈ ਵਕੀਲ ਕਰ ਕੇ ਦੇਣ ਦੀ ਸ਼ਕਤੀ ਹੈ।"

ਇਕ ਦੂਜੇ ਮਾਮਲੇ ਵਿਚ, ਖੱਤਰੀ ਬਨਾਮ ਬਿਹਾਰ ਸਰਕਾਰ, ਸੁਪਰੀਮ ਕੋਰਟ ਨੇ ਕਿਹਾ ਕਿ ਮੁਫ਼ਤ ਕਾਨੂੰਨੀ ਸੇਵਾਵਾਂ ਦਾ ਅਧਿਕਾਰ ਸਾਫ਼ ਤੌਰ ਤੇ ਵਾਜਬ, ਨਿਆਂਕਾਰੀ ਪ੍ਰਕਿਰਿਆ ਦਾ ਜ਼ਰੂਰੀ ਅੰਗ ਹੈ, ਜੋ ਵਿਅਕਤੀ ਕਿਸੇ ਜ਼ੁਰਮ ਦਾ ਦੋਸ਼ੀ ਗਰਦਾਨਿਆ ਹੋਵੇ ਅਤੇ ਇਹ ਆਰਟੀਕਲ 21 ਵਿਚ ਦਰਜ ਹੈ। ਰਾਜ ਸਰਕਾਰ ਵਿੱਤੀ ਜਾਂ ਪ੍ਰਬੰਧਕੀ ਅਸਮਰਥਤਾ ਦਰਸਾ ਕੇ, ਗਰੀਬ ਦੋਸ਼ੀ ਵਿਅਕਤੀ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਦਾਨ ਕਰਨ ਦੀ ਆਪਣੀ ਸੰਵਿਧਾਨਕ ਜ਼ਿੰਮੇਵਾਰੀ ਤੋਂ ਮਾਲੀ ਜਾਂ ਪ੍ਰਬੰਧਕੀ ਅਸਮਰਥਤਾ ਦਾ ਵਾਸਤਾ ਪਾ ਕੇ ਭੱਜ ਨਹੀਂ ਸਕਦੀ। ਸਰਕਾਰ ਕਿਸੇ ਦੋਸ਼ੀ ਵਿਅਕਤੀ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਦਾਨ ਕਰਨ ਲਈ ਹੁਕਮ ਦੇ ਅਧੀਨ ਹੁੰਦੀ ਹੈ ਜੋ ਪੈਸੇ ਦੀ ਕਮੀ ਕਾਰਨ ਕਾਨੂੰਨੀ ਸੇਵਾਵਾਂ ਲੈਣ ਤੋਂ ਅਸਮਰਥ ਹੈ ਅਤੇ ਇਸ ਮੰਤਵ ਲਈ ਜੋ ਵੀ ਜ਼ਰੂਰੀ ਹੈ, ਸਰਕਾਰ ਨੂੰ ਕਰਨਾ ਪਵੇਗਾ। ਸ਼ੀਲਾ ਬਾਰਸੇ ਬਨਾਮ ਭਾਰਤ ਸਰਕਾਰ ਮਾਮਲੇ ਵਿਚ ਸੁਪਰੀਮ ਕੋਰਟ ਨੇ ਫ਼ੈਸਲਾ ਦਿਤਾ ਕਿ ਮੁਫ਼ਤ ਕਾਨੂੰਨੀ ਸਹਾਇਤਾ ਦੇਣ ਦੀ ਸੰਵਿਧਾਨਕ ਜ਼ਿੰਮੇਵਾਰੀ ਆਰਟੀਕਲ 14,21 ਅਤੇ 39 ਏ ਤੋਂ ਪ੍ਰੇਰਿਤ ਹੈ। ਇਸ ਮਾਮਲੇ ਵਿਚ ਅਦਾਲਤ ਨੇ ਕੁਝ ਵਕੀਲਾਂ ਦੇ ਰਵੱਈਏ 'ਤੇ ਨਾਖ਼ੁਸ਼ੀ ਵੀ ਜ਼ਾਹਰ ਕੀਤੀ, ਜਸਟਿਸ ਭਗਵਤੀ ਨੇ ਸੰਕਟ ਵਿਚ ਫਸੇ ਲੋਕਾਂ ਦੀ ਸਹਾਇਤਾ ਕਰਨ ਲਈ ਵਕੀਲਾਂ ਦੇ

ਫਰਜ਼ 'ਤੇ ਸਪੱਸ਼ਟ ਜ਼ੋਰ ਦਿਤਾ। ਉਨ੍ਹਾਂ ਆਖਿਆ ਕਿ ਵਕੀਲਾਂ ਨੂੰ ਸਮਾਜ ਦੇ ਉਨ੍ਹਾਂ ਵਰਗਾਂ ਤਕ ਯਕੀਨਨ ਪਹੁੰਚ ਕਰਨੀ ਚਾਹੀਦੀ ਹੈ ਜੋ ਗਰੀਬ, ਅਨਪੜ੍ਹ ਅਤੇ ਅਣਜਾਣ ਹਨ ਅਤੇ ਜਦੋਂ ਉਹ ਕਿਸੇ ਬਿਪਤਾ ਵਿਚ ਫਸ ਜਾਂਦੇ ਹਨ, ਜਿਵੇਂ ਕਿ ਕਿਸੇ ਜ਼ੁਰਮ ਦਾ ਦੋਸ਼ ਜਾਂ ਗ੍ਰਿਫ਼ਤਾਰੀ ਜਾਂ ਸਜ਼ਾ, ਅਤੇ ਉਨ੍ਹਾਂ ਨੂੰ ਇਹ ਪਤਾ ਨਹੀਂ ਲਗਦਾ ਕਿ ਉਹ ਕੀ ਕਰਨ ਜਾਂ ਕਿੱਥੇ ਜਾਣ ਜਾਂ ਕਿਸ ਕੋਲ ਜਾਣ। ਜੇ ਵਕੀਲ, ਬਿਪਤਾ ਵਿਚ ਫਸੇ ਵਿਅਕਤੀਆਂ ਦੀ ਮਦਦ ਕਰਨ ਦੀ ਬਜਾਇ ਉਨ੍ਹਾਂ ਦਾ ਸ਼ੋਸ਼ਣ ਅਤੇ ਸ਼ਿਕਾਰ ਕਰਨ ਤਾਂ ਕਾਨੂੰਨੀ ਪੇਸ਼ੇ ਦੀ ਬਦਨਾਮੀ ਹੋਵੇਗੀ ਅਤੇ ਦੇਸ਼ ਦੇ ਵੱਡੀ ਗਿਣਤੀ ਲੋਕਾਂ ਦਾ ਵਕੀਲਾਂ ਤੋਂ ਵਿਸ਼ਵਾਸ ਉੱਠ ਜਾਵੇਗਾ ਅਤੇ ਇਹ ਲੋਕਤੰਤਰ ਅਤੇ ਕਾਨੂੰਨ ਦੇ ਰਾਜ ਦੀ ਤਬਾਹੀ ਦੇ ਤੁਲ ਹੋਵੇਗਾ। ਸੁਖਦਾਸ ਬਨਾਮ ਅਰੁਣਾਚਲ ਪ੍ਰਦੇਸ਼ ਮਾਮਲੇ ਵਿਚ ਸੁਪਰੀਮ ਕੋਰਟ ਇਕ ਕਦਮ ਅਗਾਂਹ ਚਲੀ ਗਈ, ਸਰਕਾਰ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਦਾਨ ਕਰਨ ਅਤੇ ਇਸ ਨੂੰ ਤਰਕਸੰਗਤ ਨਤੀਜੇ 'ਤੇ ਪਹੁੰਚਾਉਣ ਲਈ ਸੰਵਿਧਾਨਕ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਣ ਲਈ। ਸੁਪਰੀਮ ਕੋਰਟ ਨੇ ਕਿਹਾ ਕਿ ਗਰੀਬ ਆਦਮੀ ਦਾ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਾਪਤ ਕਰਨ ਦਾ ਅਧਿਕਾਰ ਬਰਕਰਾਰ ਹੈ, ਬੇਸ਼ੱਕ ਉਸ ਵਿਅਕਤੀ ਵਲੋਂ ਇਸ ਦੀ ਮੰਗ ਨਾ ਵੀ ਕੀਤੀ ਗਈ ਹੋਵੇ। ਕਿਸੇ ਦੋਸ਼ੀ ਗਰਦਾਨੇ ਗਏ ਵਿਅਕਤੀ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਨਾ ਦੇਣ ਦੀ ਅਸਫਲਤਾ ਮੁਕੱਦਮੇ ਵਿਚ ਵਿਗਾੜ ਉਤਪੰਨ ਕਰਦੀ ਹੈ ਭਾਵੇਂ ਕਿ ਕਥਿਤ ਦੋਸ਼ੀ ਵਲੋਂ ਇਸ ਦੀ ਮੰਗ ਨਾ ਵੀ ਕੀਤੀ ਗਈ ਹੋਵੇ।

ਅਦਾਲਤ ਨੇ ਇਸ ਦਲੀਲ ਨੂੰ ਵੀ ਦਰਕਿਨਾਰ ਕਰ ਦਿਤਾ ਕਿ ਆਰਥਿਕ ਅਪਰਾਧ ਜਾਂ ਵੇਸਵਾਗਮਨੀ ਜਾਂ ਬੱਚਿਆਂ 'ਤੇ ਤਸ਼ੱਦਦ ਕਰਨ ਦੇ ਦੋਸ਼ੀ ਵਿਅਕਤੀਆਂ ਨੂੰ ਕਾਨੂੰਨੀ ਸਹਾਇਤਾ ਨਹੀਂ ਦੇਣੀ ਚਾਹੀਦੀ। ਅਦਾਲਤ ਨੇ ਮਹਿਸੂਸ ਕੀਤਾ ਜੇ ਇਹ ਤਰਕ ਕਿ ਦੋਸ਼ ਸਾਬਤ ਨਾ ਹੋਣ ਤਕ ਹਰ ਕੋਈ ਨਿਰਦੋਸ਼ ਹੈ, ਨੂੰ ਹਰੇਕ ਵਿਅਕਤੀ ਨੂੰ ਮੁਹੱਈਆ ਕਰਵਾਇਆ ਜਾਵੇ ਤਾਂ ਇਨ੍ਹਾਂ ਗੁਨਾਹਾਂ ਦੇ ਦੋਸ਼ੀ ਗਰੀਬ ਵਿਅਕਤੀ ਵੀ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਾਪਤ ਕਰਨ ਦੇ ਹੱਕਦਾਰ ਹੋਣਗੇ। ਇਹ ਹੁਣ ਚੰਗੀ ਤਰ੍ਹਾਂ ਮੰਨਿਆ ਜਾ ਚੁੱਕਾ ਹੈ ਕਿ ਕਾਨੂੰਨੀ ਸਹਾਇਤਾ ਦਾ ਅਧਿਕਾਰ ਅਤੇ ਤੇਜ਼ੀ ਨਾਲ ਮੁਕੱਦਮੇ ਦੀ ਸੁਣਵਾਈ, ਭਾਰਤ ਦੇ ਸੰਵਿਧਾਨ ਦੇ ਅਨੁਛੇਦ 21 ਵਿਚ ਮਨੁੱਖੀ ਹੱਕਾਂ ਦੀ ਰਾਖੀ ਦੀ ਜ਼ਾਮਨੀ ਦਾ ਹਿੱਸਾ ਹਨ।

## ਕਾਨੂੰਨੀ ਸੇਵਾਵਾਂ ਅਥਾਰਿਟੀ ਐਕਟ

ਆਰਟੀਕਲ 39-ਏ ਦੀ ਪਾਲਣਾ ਕਰਦਿਆਂ, ਕਾਨੂੰਨੀ ਸੇਵਾਵਾਂ ਅਥਾਰਿਟੀ ਐਕਟ, 1987 (ਐਕਟ) ਪਾਸ ਕੀਤਾ ਗਿਆ। ਦੇਸ਼ ਭਰ ਵਿਚ ਕਾਨੂੰਨੀ ਸਹਾਇਤਾ ਪ੍ਰੋਗਰਾਮ ਨੂੰ ਕਾਨੂੰਨੀ ਆਧਾਰ ਦੇਣ ਲਈ ਐਕਟ ਨੂੰ ਅਪਣਾਇਆ ਗਿਆ। ਇਹ ਐਕਟ ਅਖੀਰ ਨੂੰ 9 ਨਵੰਬਰ 1995 ਨੂੰ ਲਾਗੂ ਹੋ ਗਿਆ। 5 ਦਸੰਬਰ 1995 ਨੂੰ ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਿਟੀ (ਐੱਨ ਏ ਐੱਲ ਐੱਸ ਏ) ਨਾਮ ਦੀ ਕਾਨੂੰਨੀ ਸੰਸਥਾ ਹੋਂਦ ਵਿਚ ਆਈ। ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਿਟੀ (ਐੱਨ ਏ ਐੱਲ ਐੱਸ ਏ) ਦੀ ਸਥਾਪਨਾ ਐਕਟ ਅਨੁਸਾਰ ਕਾਨੂੰਨੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਨੀਤੀਆਂ ਅਤੇ ਕਿਫ਼ਾਇਤੀ ਸਕੀਮਾਂ ਬਣਾਉਣ ਲਈ ਕੀਤੀ ਗਈ। ਇਸ ਐਕਟ ਤਹਿਤ ਰਾਸ਼ਟਰੀ, ਰਾਜ, ਜ਼ਿਲ੍ਹਾ ਅਤੇ ਤਹਿਸੀਲ ਪੱਧਰ 'ਤੇ ਕਾਨੂੰਨੀ ਸੇਵਾਵਾਂ ਅਥਾਰਿਟੀਆਂ ਗਠਿਤ ਕੀਤੇ ਜਾਣ ਦਾ ਪ੍ਰਾਵਧਾਨ ਹੈ। ਇਸ ਐਕਟ ਦਾ ਸੈਕਸ਼ਨ 3(2) (ਏ) ਕਹਿੰਦਾ ਹੈ ਕਿ ਭਾਰਤ ਦੇ ਚੀਫ਼ ਜਸਟਿਸ ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਿਟੀ (ਐੱਨ ਏ ਐੱਲ ਐੱਸ ਏ) ਦੇ ਮੁੱਖ ਸਰਪ੍ਰਸਤ ਹੋਣਗੇ ਅਤੇ ਸੁਪਰੀਮ ਕੋਰਟ ਦੇ ਵਰਤਮਾਨ ਜਾਂ ਮੌਜੂਦਾ ਜੱਜ ਨੂੰ ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਿਟੀ (ਐੱਨ ਏ ਐੱਲ ਐੱਸ ਏ) ਦੇ ਕਾਰਜਕਾਰੀ ਚੇਅਰਮੈਨ ਵਜੋਂ ਨਾਮਜ਼ਦ ਕੀਤਾ ਜਾਵੇਗਾ। ਹਰੇਕ ਰਾਜ ਵਿਚ ਇਕ ਰਾਜ ਪੱਧਰੀ ਕਾਨੂੰਨੀ ਸੇਵਾਵਾਂ ਅਥਾਰਿਟੀ ਦਾ ਗਠਨ ਕੀਤਾ ਜਾਵੇਗਾ ਤਾਂ ਕਿ ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਿਟੀ (ਐੱਨ ਏ ਐੱਲ ਐੱਸ ਏ) ਦੀਆਂ ਨੀਤੀਆਂ ਅਤੇ ਨਿਰਦੇਸ਼ਾਂ ਨੂੰ ਪ੍ਰਭਾਵੀ ਬਣਾਇਆ ਜਾਵੇ, ਲੋਕਾਂ ਨੂੰ ਕਾਨੂੰਨੀ ਸੇਵਾਵਾਂ ਦਿਤੀਆਂ ਜਾਣ ਅਤੇ ਰਾਜ ਵਿਚ ਲੋਕ ਅਦਾਲਤਾਂ ਲਗਾਈਆਂ ਜਾਣ। ਰਾਜ ਦੀ ਕਾਨੂੰਨੀ ਸੇਵਾਵਾਂ ਬਾਰੇ ਅਥਾਰਿਟੀ ਦਾ ਮੁਖੀ ਰਾਜ ਦੀ ਉੱਚ ਅਦਾਲਤ ਦਾ ਚੀਫ਼ ਜਸਟਿਸ ਹੁੰਦਾ ਹੈ ਜੋ ਇਸ ਦਾ ਮੁੱਖ ਸ੍ਰਪਸਤ ਹੁੰਦਾ ਹੈ। ਹਾਈਕੋਰਟ ਦੇ ਵਰਤਮਾਨ ਜਾਂ ਸੇਵਾ-ਮੁਕਤ ਜੱਜ ਨੂੰ ਇਸ ਦਾ ਕਾਰਜਕਾਰੀ ਚੇਅਰਮੈਨ ਨਾਮਜ਼ਦ ਕੀਤਾ ਜਾਂਦਾ ਹੈ। ਹਰੇਕ ਜ਼ਿਲ੍ਹੇ ਵਿਚ ਜ਼ਿਲ੍ਹਾ ਪੱਧਰੀ ਕਾਨੂੰਨੀ ਸੇਵਾਵਾਂ ਅਥਾਰਿਟੀ ਦਾ ਗਠਨ ਕੀਤਾ ਜਾਂਦਾ ਹੈ ਤਾਂ ਜੋ ਜ਼ਿਲ੍ਹੇ ਅੰਦਰ ਕਾਨੂੰਨੀ ਸਹਾਇਤਾ ਪ੍ਰੋਗਰਾਮਾਂ ਅਤੇ ਯੋਜਨਾਵਾਂ ਨੂੰ ਅਮਲ ਵਿਚ ਲਿਆਂਦਾ ਜਾ ਸਕੇ। ਜ਼ਿਲ੍ਹੇ ਦਾ ਜੱਜ ਇਸ ਦਾ ਗ਼ੈਰ-ਸਰਕਾਰੀ ਚੇਅਰਮੈਨ ਹੁੰਦਾ ਹੈ। ਤਹਿਸੀਲ ਪੱਧਰੀ ਕਾਨੂੰਨੀ ਸੇਵਾਵਾਂ ਕਮੇਟੀਆਂ ਹਰੇਕ ਤਹਿਸੀਲ ਜਾਂ ਮੰਡਲ ਜਾਂ ਤਹਿਸੀਲ ਜਾਂ ਮੰਡਲ ਸਮੂਹਾਂ ਵਿਚ ਗਠਿਤ ਕੀਤੀਆਂ ਜਾਂਦੀਆਂ ਹਨ ਤਾਂ ਕਿ ਲੋਕ ਅਦਾਲਤਾਂ ਆਯੋਜਿਤ ਕਰਨ ਲਈ ਤਹਿਸੀਲ ਵਿਚ ਕਾਨੂੰਨੀ ਸੇਵਾਵਾਂ ਸਰਗਰਮੀਆਂ ਵਿਚ ਤਾਲਮੇਲ ਬਿਠਾਇਆ ਜਾ ਸਕੇ। ਹਰੇਕ ਤਹਿਸੀਲ ਕਾਨੂੰਨੀ ਸੇਵਾ ਸਮਿਤੀ ਦਾ ਮੁਖੀ ਸੀਨੀਅਰ ਸਿਵਲ ਜੱਜ ਹੁੰਦਾ ਹੈ ਜੋ ਸਮਿਤੀ ਦੇ ਅਧਿਕਾਰ ਖੇਤਰ ਅੰਦਰ ਕੰਮ ਕਰਦਾ ਹੈ। ਉਹ ਇਸ ਦਾ ਗ਼ੈਰ-ਸਰਕਾਰੀ ਚੇਅਰਮੈਨ ਵੀ ਹੁੰਦਾ ਹੈ।

**ਇਸ ਐਕਟ ਦਾ ਮੁੱਖ ਮੰਤਵ ਸਮਾਜ ਦੇ ਕਮਜ਼ੋਰ ਤਬਕਿਆਂ ਨੂੰ ਮੁਫ਼ਤ ਅਤੇ ਉੱਚ ਪਾਇ ਦੀ ਕਾਨੂੰਨੀ ਸਹਾਇਤਾ ਉਪਲਬਧ ਕਰਵਾਉਣਾ ਅਤੇ ਇਹ ਪੱਕਾ ਕਰਨਾ ਹੈ ਕਿ ਆਰਥਿਕ ਜਾਂ ਦੂਜੇ ਕਾਰਨਾਂ ਕਰਕੇ ਉਹ ਇਸ ਤੋਂ ਮਹਿਰੂਮ ਨਾ ਰਹਿ ਜਾਣ। "ਕਾਨੂੰਨੀ ਸੇਵਾਵਾਂ" ਦੀ ਪਰਿਭਾਸ਼ਾ, ਜੋ ਐਕਟ ਦੇ ਸੈਕਸ਼ਨ 2(1)(ਸੀ) ਵਿਚ ਦਰਜ ਹੈ, ਉਸ ਵਿਚ 'ਕਿਸੇ ਮਾਮਲੇ ਜਾਂ ਦੂਸਰੀ ਕਾਨੂੰਨੀ ਪ੍ਰਕਿਰਿਆ, ਜੋ ਕਿਸੇ ਵੀ ਅਦਾਲਤ ਜਾਂ ਦੂਜੀ ਅਥਾਰਿਟ. ਜਾਂ ਟ੍ਰਿਬਿਊਨਲ ਵਿਚ ਚੱਲ ਰਿਹਾ ਹੋਵੇ, ਲਈ ਸੇਵਾਵਾਂ ਮੁਹੱਈਆ ਕਰਵਾਉਣਾ ਅਤੇ ਕਿਸੇ ਵੀ ਕਾਨੂੰਨੀ ਮਸਲੇ 'ਤੇ ਸਲਾਹ ਦੇਣਾ, ਸ਼ਾਮਿਲ ਹੈ।**

ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਿਟੀ (ਐੱਨ ਏ ਐੱਲ ਐੱਸ ਏ) ਗਰੀਬ ਅਤੇ ਸਮਾਜ ਦੇ ਕਮਜ਼ੋਰ ਤਬਕਿਆਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਦੇਣ ਲਈ ਜ਼ਿੰਮੇਵਾਰ ਹੈ। ਇਹ ਕਾਨੂੰਨੀ ਸਹਾਇਤਾ ਕੈਂਪ ਲਾਉਣ ਅਤੇ ਝਗੜਿਆਂ ਦਾ ਨਿਬੇੜਾ ਲੋਕ ਅਦਾਲਤ ਰਾਹੀਂ ਕਰਨ ਨੂੰ ਵੀ ਉਤਸ਼ਾਹਿਤ ਕਰਦਾ ਹੈ। ਇਸ ਐਕਟ ਤਹਿਤ ਕੇਂਦਰੀ ਅਥਾਰਿਟੀ

ਤੇ, ਸਮਾਜ ਦੇ ਕਮਜ਼ੋਰ ਵਰਗਾਂ ਲਈ ਸਮਾਜਿਕ ਕਾਰਜ ਮੁਕੱਦਮੇਬਾਜ਼ੀ ਦੁਆਰਾ ਜ਼ਰੂਰੀ ਕਦਮ ਉਠਾਉਣ ਅਤੇ ਕਾਨੂੰਨੀ ਹੁਨਰ ਵਿਚ ਸਮਾਜਿਕ ਕਾਰਜਕਰਤਾਵਾਂ ਨੂੰ ਸਿਖਲਾਈ ਦੇਣ ਦਾ ਜ਼ਿੰਮਾ ਸੌਂਪਿਆ ਗਿਆ ਹੈ। ਇਹ ਵਿਸ਼ਵਵਿਦਿਆਲਿਆਂ, ਕਾਨੂੰਨ ਮਹਾਂ ਵਿਦਿਆਲਿਆਂ ਅਤੇ ਦੂਜੇ ਸੰਸਥਾਨਾਂ ਵਿਚ ਕਾਨੂੰਨੀ ਸਿੱਖਿਆ ਪ੍ਰੋਗਰਾਮ ਅਤੇ ਕਾਨੂੰਨੀ ਸਹਾਇਤਾ ਕਲਿਨਿਕ ਲਗਾਉਂਦਾ ਹੈ। ਕੇਂਦਰੀ, ਰਾਜ ਅਤੇ ਜ਼ਿਲ੍ਹਾ ਅਥਾਰਿਟੀ ਕਾਨੂੰਨੀ ਸਹਾਇਤਾ ਪ੍ਰੋਗਰਾਮਾਂ ਨੂੰ ਪ੍ਰੋਤਸਾਹਨ ਦੇਣ ਲਈ ਦੂਜੇ ਸਰਕਾਰੀ ਅਤੇ ਗ਼ੈਰ-ਸਰਕਾਰੀ ਸੰਗਠਨਾਂ ਦੇ ਤਾਲਮੇਲ ਨਾਲ ਕੰਮ ਕਰ ਰਹੇ ਹਨ। ਕਾਨੂੰਨੀ ਸੇਵਾਵਾਂ ਐਕਟ, 1987 ਦਾ ਸੈਕਸ਼ਨ 12 ਯੋਗ ਵਿਅਕਤੀਆਂ ਨੂੰ ਕਾਨੂੰਨੀ ਸਹਾਇਤਾ ਦੇਣ ਲਈ ਦਿਸ਼ਾ-ਨਿਰਦੇਸ਼ਾਂ ਦੀ ਵਿਆਖਿਆ ਕਰਦਾ ਹੈ। ਕਿਸੇ ਵੀ ਪ੍ਰਾਰਥੀ ਦੀ ਯੋਗਤਾ ਦੇ ਮਾਪਦੰਡ ਨੂੰ ਵਾਚਣ ਅਤੇ ਉਸ ਦੇ ਹੱਕ ਵਿਚ ਪਹਿਲੀ ਨਜ਼ਰੇ ਮਾਮਲਾ ਬਣਦਾ ਹੋਣ ਦੀ ਸੂਰਤ ਵਿਚ, ਕਾਨੂੰਨੀ ਸੇਵਾਵਾਂ ਅਥਾਰਿਟੀ ਰਾਜ ਦੇ ਖਰਚੇ 'ਤੇ ਵਕੀਲ ਉਪਲਬਧ ਕਰਵਾਉਂਦਾ ਹੈ, ਮਾਮਲੇ ਦੀ ਲੋੜੀਂਦੀ ਕੋਰਟ ਫੀਸ ਅਦਾ ਕਰਦਾ ਹੈ ਅਤੇ ਮਾਮਲੇ ਨਾਲ ਸੰਬੰਧਿਤ ਹੋਰ ਸਾਰੇ ਖਰਚੇ ਚੁੱਕਦਾ ਹੈ। ਕਾਨੂੰਨੀ ਸਹਾਇਤਾ ਪ੍ਰਾਪਤ ਕਰਨ ਵਾਲੇ ਵਿਅਕਤੀ ਨੂੰ ਮੁਕੱਦਮੇ 'ਤੇ ਕੋਈ ਖਰਚਾ ਕਰਨ ਲਈ ਨਹੀਂ ਆਖਿਆ ਜਾਂਦਾ ਜੇ ਇਕ ਵਾਰ ਉਸ ਨੂੰ ਕਾਨੂੰਨੀ ਸੇਵਾਵਾਂ ਅਥਾਰਿਟੀ ਦੀ ਸਹਾਇਤਾ ਪ੍ਰਾਪਤ ਹੋ ਜਾਵੇ। ਮੁਫ਼ਤ ਅਤੇ ਉੱਚ ਪਾਇ ਦੀ ਕਾਨੂੰਨੀ ਸਹਾਇਤਾ ਦੇਣ ਲਈ ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਿਟੀ (ਐੱਨ ਏ ਐੱਲ ਐੱਸ ਏ) ਨੇ ਰਾਸ਼ਟਰੀ ਕਾਨੂੰਨੀ ਸੇਵਾ ਅਥਾਰਿਟੀ (ਮੁਫਤ ਅਤੇ ਉੱਚ ਪਾਇ ਦੀ ਕਾਨੂੰਨੀ ਸੇਵਾ) ਨਿਯਮ, 2010 ਬਣਾਏ ਹਨ। ਇਨ੍ਹਾਂ ਨਿਯਮਾਂ ਦੀ ਮੁੱਖ ਵਿਸ਼ੇਸ਼ਤਾ ਸੀਨੀਅਰ ਤੇ ਯੋਗ ਵਕੀਲਾਂ ਨੂੰ ਨਿਯਮਿਤ ਫੀਸ ਅਦਾ ਕਰਕੇ ਉਨ੍ਹਾਂ ਮਾਮਲਿਆਂ ਲਈ ਸੇਵਾਵਾਂ ਲੈਣਾ ਹੈ ਜਿਥੇ ਕਿਸੇ ਵਿਕਅਤੀ ਦੀ ਜਾਨ ਅਤੇ ਆਜ਼ਾਦੀ ਖ਼ਤਰੇ ਵਿਚ ਹੋਵੇ।

ਬੇਸ਼ੱਕ, ਕਾਨੂੰਨੀ ਸੇਵਾਵਾਂ ਅਥਾਰਿਟੀ ਐਕਟ, 1987 ਦੇ ਲਾਗੂ ਹੋਣ ਨਾਲ ਕਾਨੂੰਨੀ ਸੇਵਾਵਾਂ ਦੇਣ ਦਾ ਢਾਂਚਾ ਮਜ਼ਬੂਤੀ ਨਾਲ ਸਥਾਪਤ ਹੋ ਗਿਆ ਹੈ। ਇਸ ਦੇ ਗਠਨ ਤੋਂ, ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਿਟੀ (ਐੱਨ ਏ ਐੱਲ ਐੱਸ ਏ) ਕਾਨੂੰਨੀ ਸੇਵਾਵਾਂ ਅਥਾਰਿਟੀ ਐਕਟ, 1987 ਦੇ ਉਦੇਸ਼ਾਂ ਨੂੰ ਲਾਗੂ ਕਰਨ ਲਈ ਸੰਜੀਦਾ ਕੋਸ਼ਿਸ਼ਾਂ ਕਰਦਾ ਆ ਰਿਹਾ ਹੈ। ਅਦਾਲਤ 'ਤੇ ਆਧਾਰਿਤ ਕਾਨੂੰਨੀ ਸਹਾਇਤਾ ਦੇ ਨਾਲ ਹੀ ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਿਟੀ (ਐੱਨ ਏ ਐੱਲ ਐੱਸ ਏ) ਆਪਣੀ ਵਿਕਲਪਿਕ ਝਗੜਾ ਹੱਲ ਕਰਨ (ਏ ਡੀ ਆਰ) ਦੀ ਮੁਹਿੰਮ ਤਹਿਤ ਸਾਰੇ ਦੇਸ਼ ਵਿਚ ਲੋਕ ਅਦਾਲਤਾਂ ਲਾਉਣ ਵਲ ਵੀ ਵਿਸ਼ੇਸ਼ ਧਿਆਨ ਦੇ ਰਿਹਾ ਹੈ। ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਿਟੀ (ਐੱਨ ਏ ਐੱਲ ਐੱਸ ਏ) ਵਲੋਂ ਵੱਡੀ ਗਿਣਤੀ ਵਿਚ ਰਾਸ਼ਟਰੀ ਖੇਤਰੀ ਕਾਨਫਰੰਸਾਂ, ਕਾਰਜਸ਼ਾਲਾਵਾਂ ਅਤੇ ਸਿਖਲਾਈ ਪ੍ਰੋਗਰਾਮਾਂ ਦਾ ਜਾਗਰੂਕਤਾ ਮੁਹਿੰਮ ਤਹਿਤ ਦੇਸ਼ ਭਰ ਵਿਚ ਆਯੋਜਨ ਕੀਤਾ ਗਿਆ ਹੈ। ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਿਟੀ (ਐੱਨ ਏ ਐੱਲ ਐੱਸ ਏ) ਦੇ ਸਾਹਮਣੇ ਵੱਡੀ ਚੁਨੌਤੀ ਹੈ ਕਿ ਜਨਸੰਖਿਆ ਦੇ ਉਸ ਵੱਡੇ ਹਿੱਸੇ ਤਕ ਕਿਵੇਂ ਪਹੁੰਚ ਕੀਤੀ ਜਾਵੇ ਜੋ ਅਨਪੜ੍ਹਤਾ ਕਰਕੇ ਆਪਣੇ ਅਧਿਕਾਰਾਂ ਬਾਰੇ ਜਾਗਰੂਕ ਨਹੀਂ। ਇਸ ਕਰਕੇ, ਇਹ ਅਹਿਮ ਹੋ ਜਾਂਦਾ ਹੈ ਕਿ ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਿਟੀ (ਐੱਨ ਏ ਐੱਲ ਐੱਸ ਏ) ਇਹ ਕ੍ਰਿਆਸ਼ੀਲ ਭੂਮਿਕਾ ਅਦਾ ਕਰੇ ਅਤੇ ਅਜਿਹੇ ਸਾਰੇ ਲੋਕਾਂ ਨੂੰ ਉਨ੍ਹਾਂ ਦੀਆਂ ਬਰੂਹਾਂ ਦੇ ਵਿਦਿਆਲਿਆਂ ਅਤੇ ਗ਼ੈਰ ਸਰਕਾਰੀ ਸੰਸਥਾਨਾਂ ਦੀ ਸ਼ਮੂਲੀਅਤ ਨਾਲ ਹੀ ਸੰਭਵ ਹੋ ਸਕਦਾ ਹੈ। ਕਾਨੂੰਨ ਦੇ ਨੇਮਾਂ ਸੰਬੰਧੀ ਜਾਣਕਾਰੀ ਉਨ੍ਹਾਂ ਨੂੰ ਵੀ ਇੰਨੀ ਸੌਖੀ ਉਪਲਬਧ ਨਹੀਂ ਜੋ ਕਾਨੂੰਨ ਦੁਆਰਾ ਪ੍ਰਭਾਵਤ ਹੋਏ ਹਨ।

## ਸਿੱਟਾ

ਇਸ ਐਕਟ ਨੇ ਬਰਾਬਰੀ ਦਾ ਨਿਆਂ ਦੇਣ (ਜੋ ਕੁਦਰਤੀ ਨਿਆਂ, ਬਰਾਬਰੀ ਅਤੇ ਚੰਗੀ ਭਾਵਨਾ ਦੇ ਅਸੂਲਾਂ 'ਤੇ ਨਿਰਭਰ ਹੈ) ਲਈ ਇਕ ਚੰਗੀ ਅਤੇ ਵਿਕਲਪਿਕ ਝਗੜਾ ਨਜਿੱਠਣ ਦੀ ਪ੍ਰਣਾਲੀ ਵਜੋਂ ਲੋਕ ਅਦਾਲਤ ਦੇ ਸੰਕਲਪ ਨੂੰ ਪੱਕੀ ਅਤੇ ਕਾਨੂੰਨੀ ਮਰਯਾਦਾ ਪ੍ਰਦਾਨ ਕੀਤੀ ਹੈ। ਵੱਖ-ਵੱਖ ਮਨੁੱਖੀ ਅਧਿਕਾਰ ਸੰਗਠਨਾਂ ਵਲੋਂ ਵਿਕਸਤ ਕੀਤੇ ਗਏ ਸਾਰੇ ਅੰਤਰਰਾਸ਼ਟਰੀ ਤੇ ਰਾਸ਼ਟਰੀ ਮਨੁੱਖੀ ਅਧਿਕਾਰ ਤੰਤਰ ਅਤੇ ਨਿਆਂ ਸ਼ਾਸਤਰ ਇਸ ਗੱਲ ਦੀ ਤਸਦੀਕ ਕਰਦੇ ਹਨ ਕਿ ਜਨਤਕ ਪੈਸੇ ਨਾਲ ਗਰੀਬਾਂ ਅਤੇ ਪਛੜਿਆਂ ਨੂੰ ਨਿਆਂ ਦੀ ਪ੍ਰਾਪਤੀ ਕਰਵਾਉਣਾ ਅਹਿਮ ਮਨੁੱਖੀ ਹੱਕਾਂ ਦਾ ਹਿੱਸਾ ਹੈ। ਹੱਕ ਉਦੋਂ ਮਨਫ਼ੀ ਹੋ ਜਾਂਦੇ ਹਨ ਜੇ ਸਰਕਾਰ ਗਰੀਬ ਮੁਕੱਦਮੇ ਝੱਲਣ ਵਾਲੇ ਵਿਅਕਤੀਆਂ ਨੂੰ ਮੁਫ਼ਤ ਕਾਨੂੰਨੀ ਸਹਾਇਤਾ ਦੇਣ ਵਿਚ ਅਸਫਲ ਹੁੰਦੀ ਹੈ, ਜਿਸ ਵਿਚ ਉਨ੍ਹਾਂ ਦੇ ਹੱਕ ਨਿਰਧਾਰਤ ਕਰਨ ਦਾ ਮਾਮਲਾ ਹੁੰਦਾ ਹੈ। ਸੌਖੇ ਸ਼ਬਦਾਂ ਵਿਚ ਗੱਲ ਕਰੀਏ, ਸੁਰੱਖਿਅਤ ਹੱਕਾਂ ਦੀ ਜ਼ਾਮਨੀ ਦੇਣ ਲਈ, ਸਰਕਾਰ ਨੂੰ ਕਾਨੂੰਨੀ ਸਹਾਇਤਾ ਦੇਣ ਲਈ ਢੁੱਕਵੇਂ ਵੰਡ ਰਾਖਵੇਂ ਰੱਖਣੇ ਹੋਣਗੇ।

***ਦਿਲਚਸਪ ਗੱਲ ਹੈ, ਸਾਲ 2012 ਵਿਚ ਸੰਯੁਕਤ ਰਾਸ਼ਟਰ ਨੇ ਅੰਤਰ-ਰਾਸ਼ਟਰੀ ਪੱਧਰ 'ਤੇ ਫੌਜਦਾਰੀ ਨਿਆਂ ਪ੍ਰਣਾਲੀ ਵਿਚ ਕਾਨੂੰਨੀ ਸਹਾਇਤਾ ਤਕ ਰਸਾਈ ਲਈ ਸੰਯੁਕਤ ਰਾਸ਼ਟਰ ਦੇ ਨਿਯਮ ਅਤੇ ਦਿਸ਼ਾ ਨਿਰਦੇਸ਼ ਅਪਣਾਏ ਸਨ। ਇਹ ਨਿਯਮ ਅਤੇ ਦਿਸ਼ਾ ਨਿਰਦੇਸ਼ ਇਸ ਗੱਲ 'ਤੇ ਆਧਾਰਤ ਹਨ ਕਿ ਜਿਥੇ ਢੁਕਵਾਂ ਹੋਵੇ, ਸਰਕਾਰ ਨੂੰ ਠੀਕ ਢੰਗ ਨਾਲ ਕੰਮ ਕਰ ਰਹੀ ਕਾਨੂੰਨੀ ਪ੍ਰਣਾਲੀ ਦੀ ਸਥਾਪਨਾ ਲਈ ਲੜੀਵਾਰ ਕਦਮ ਚੁੱਕਣੇ ਚਾਹੀਦੇ ਹਨ। ਕਾਨੂੰਨੀ ਸਹਾਇਤਾ ਨਾਲ ਸੰਬੰਧਿਤ ਅੰਤਰਰਾਸ਼ਟਰੀ ਪੱਧਰ 'ਤੇ ਅਪਣਾਇਆ ਇਹ ਪਹਿਲਾ ਯੰਤਰ ਹੈ। ਕਾਨੂੰਨੀ ਸਹਾਇਤਾ ਦਾ ਅਧਿਕਾਰ ਨਿਆਂ ਤਕ ਪ੍ਰਭਾਵਸ਼ਾਲੀ ਰਸਾਈ ਯਕੀਨੀ ਬਣਾਉਣ ਦਾ ਮੂਲ ਹੈ। ਆਰਟੀਕਲ 21, ਜਿਸ ਨੂੰ ਭਾਰਤ ਦੇ ਸੰਵਿਧਾਨ ਵਿਚ ਪਹਿਲਾਂ ਹੀ ਨਿਰਵਿਵਾਦ ਮਨੁੱਖੀ ਅਧਿਕਾਰ ਮੰਨਿਆ ਗਿਆ ਹੈ, ਅਸਲ ਵਿਚ ਆਪਣੇ ਦਾਇਰੇ ਅੰਦਰ ਸਾਰੇ ਪੱਖਾਂ ਨੂੰ ਲਿਆਉਂਦਾ ਹੈ। ਭਾਰਤੀ ਨਿਆਂ ਪ੍ਰਣਾਲੀ ਨੇ ਕਾਨੂੰਨ ਨੂੰ ਗਰੀਬਾਂ ਅਤੇ ਜ਼ੁਲਮ ਦੇ ਸ਼ਿਕਾਰ ਲੋਕਾਂ ਦੀ ਸੇਵਾ ਲਈ ਲਾਉਣ ਦਾ ਯਤਨ ਕੀਤਾ ਹੈ।***

*(ਲੇਖਕ ਡਾਇਰੈਕਟਰ, ਇੰਡੀਅਨ ਲਾਅ ਇੰਸਟੀਚਿਊਟ, ਨਵੀ ਦਿੱਲੀ ਹੈ।)*

*e-mail :manoj_kumarsinha@yahoo.com*

# ਭਾਰਤ 'ਚ ਵਰਤਮਾਨ ਤੇ ਅਤੀਤ ਦੀਆਂ ਪੈਟਰੋਲੀਅਮ ਕੀਮਤਾਂ

ਸ਼ਾਈਨ ਜੈਕਬ

ਵਿੱਤੀ ਘਾਟੇ ਤੋਂ ਲੈ ਕੇ ਖਪਤ ਕੀਮਤ ਸੂਚਕ ਅੰਕ ਤਕ, ਅੰਤਰਰਾਸ਼ਟਰੀ ਕੱਚੇ ਤੇਲ ਦੀਆਂ ਕੀਮਤਾਂ ਦਾ ਪਰਛਾਵਾਂ ਭਾਰਤ ਵਿਚ ਹਰੇਕ ਚੀਜ਼ 'ਤੇ ਪੈਂਦਾ ਹੈ। ਆਮ ਆਦਮੀ ਲਈ, ਸਾਡੇ ਦੇਸ਼ ਵਿਚ ਪੈਟਰੋਲੀਅਮ ਪਦਾਰਥਾਂ ਅਤੇ ਵਿਸ਼ਵ ਵਿਚ ਕੱਚੇ ਤੇਲ ਦੀ ਕੀਮਤ ਵਿਚਲੇ ਸੰਬੰਧ ਨੂੰ ਸਮਝਣਾ ਹਮੇਸ਼ਾ ਇਕ ਬੁਝਾਰਤ ਰਿਹਾ ਹੈ। ਇਥੋਂ ਤਕ ਕਿ ਭਾਰਤੀ ਟੋਕਰੀ ਦਾ ਕੱਚਾ ਤੇਲ ਅਤੇ ਵਪਾਰਕ ਬਰਾਬਰੀ ਵਾਲੀ ਕੀਮਤ ਪ੍ਰਣਾਲੀ ਜਿਹੇ ਸ਼ਬਦ ਹੋਰ ਜ਼ਿਆਦਾ ਦੁਵਿਧਾ ਪੈਦਾ ਕਰਨ ਵਾਲੇ ਹਨ, ਜੋ ਵਰਤਮਾਨ ਵਿਚ ਭਾਰਤ ਵਲੋਂ ਪੈਟਰੋਲੀਅਮ ਪਦਾਰਥਾਂ ਦੀ ਤੇਲ ਸੋਧ ਕਾਰਖ਼ਾਨੇ ਤੋਂ ਬਾਹਰੀ ਕੀਮਤ ਕੱਢਣ ਲਈ ਵਰਤੇ ਜਾਂਦੇ ਹਨ।

ਪੈਟਰੋਲੀਅਮ ਖੇਤਰ ਮੁੱਖ ਤੌਰ ਤੇ ਦੋ ਭਾਗਾਂ ਵਿਚ ਵੰਡਿਆ ਹੋਇਆ ਹੈ :

1) ਉਪਰਲਾ, ਜਿਸ ਵਿਚ ਕੱਚੇ ਤੇਲ ਅਤੇ ਗੈਸ ਦੀ ਖੋਜ ਅਤੇ ਉਤਪਾਦਨ ਸ਼ਾਮਿਲ ਹੈ ਅਤੇ 2) ਹੇਠਲਾ, ਜਿਸ ਵਿਚ ਸੋਧ ਅਤੇ ਬਜ਼ਾਰੀਕਰਨ ਸ਼ਾਮਿਲ ਹੈ। ਪਿਛਲੇ ਮਾਲੀ ਸਾਲ ਵਿਚ ਦੇਸ਼ ਦਾ ਕੱਚੇ ਤੇਲ ਦਾ ਉਤਪਾਦਨ 37.788 ਮਿਲੀਅਨ ਟਨ ਸੀ ਜੋ 2012-13 ਦੇ 37.862 ਮਿਲੀਅਨ ਟਨ ਨਾਲੋਂ 0.20 ਪ੍ਰਤਿਸ਼ਤ ਦੀ ਮਾਮੂਲੀ ਜਿਹੀ ਗਿਰਾਵਟ ਦਰਸਾਉਂਦਾ ਹੈ। ਇਸ ਸੰਦਰਭ ਵਿਚ ਭਾਰਤ ਦੇ ਪ੍ਰਮੁੱਖ ਸਰੋਕਾਰ ਪੁਰਾਣੇ ਹੋ ਰਹੇ ਤੇਲ ਖੇਤਰ ਅਤੇ ਤਕਨਾਲੋਜੀ ਦੀ ਕਮੀ ਹੈ, ਜਦ ਕਿ ਨਵੇਂ ਤੇਲ ਖੇਤਰ ਜਿਵੇਂ ਰਾਜਸਥਾਨ ਅਤੇ ਕ੍ਰਿਸ਼ਨਾ-ਗੋਦਾਵਰੀ (ਕੇ ਜੀ) ਦੇ ਡੂੰਘੇ ਪਾਣੀਆਂ ਵਿਚਲੇ ਬਲਾਕ ਉਤਪਾਦਨ ਵਿਚ ਇਕ ਆਸ ਦੀ ਕਿਰਨ ਜਗਾਉਂਦੇ ਹਨ। ਖ਼ੈਰ, ਪਿਛਲੇ ਮਾਲੀ ਵਰ੍ਹੇ ਵਿਚ ਤੇਲ ਸੋਧ ਸਮਰੱਥਾ 215.066 ਮਿਲੀਅਨ ਟਨ ਪ੍ਰਤਿ ਸਾਲ (ਐੱਮ ਟੀ ਪੀ ਏ) ਸੀ ਜਿਸ ਦੇ 2017 ਤਕ 307 ਐੱਮ ਟੀ ਪੀ ਏ ਹੋਣ ਦੀ ਆਸ ਹੈ।

**ਪੈਟਰੋਲੀਅਮ ਕੀਮਤਾਂ ਦੇ ਲਈ ਜ਼ਿੰਮੇਵਾਰ ਮੁੱਖ ਤੱਤਾਂ ਵਿਚ ਕੱਚੇ ਤੇਲ ਦੀ ਕੀਮਤ, ਮੰਗ ਤੇ ਪੂਰਤੀ ਦਾ ਅਸੰਤੁਲਨ, ਕਰ ਅਤੇ ਡਿਊਟੀਆਂ, ਬਾਜ਼ਾਰ ਦੇ ਹਾਲਾਤ, ਉਤਪਾਦਨ ਅਤੇ ਖਪਤ, ਰਾਖਵੇਂ ਭੰਡਾਰ, ਆਯਾਤ, ਅੰਤਰਰਾਸ਼ਟਰੀ ਕੀਮਤਾਂ, ਸਬਸਿਡੀ ਅਤੇ ਸਥਾਨਕ ਪ੍ਰਭਾਵ ਸ਼ਾਮਿਲ ਹਨ। ਵਰਤਮਾਨ ਕੀਮਤ ਪ੍ਰਣਾਲੀ ਦੀਆਂ ਬਾਰੀਕੀਆਂ ਨੂੰ ਸਮਝਣ ਲਈ ਸਾਨੂੰ ਭਾਰਤ ਵਿਚ ਕੱਚੇ ਤੇਲ ਦੀ ਪਰਿਵਰਤਨਸ਼ੀਲਤਾ ਅਤੇ ਤੇਲ ਕੀਮਤਾਂ ਦੇ ਇਤਿਹਾਸ 'ਤੇ ਨਜ਼ਰ ਪਾਉਣੀ ਚਾਹੀਦੀ ਹੈ।**

## ਕੱਚੇ ਤੇਲ ਦੀ ਭਾਰਤੀ ਟੋਕਰੀ

ਕੱਚਾ ਤੇਲ ਕਈ ਮਿਲੀਅਨ ਸਾਲਾਂ ਵਿਚ ਪੂਰਵ ਇਤਿਹਾਸਕ ਪ੍ਰਾਣੀ-ਪਲਵਕ ਅਤੇ ਸਮੁੰਦਰੀ ਕਾਈ ਦੀ ਰਹਿੰਦ-ਖੂੰਹਦ ਤੋਂ ਬਣਦਾ ਹੈ ਜੋ ਆਕਸੀਜਨ ਰਹਿਤ ਹਾਲਾਤ ਵਿਚ ਬਣਦੇ ਹਨ। ਇਸ ਦੀ ਉਤਪਤੀ ਦੇ ਸਥਾਨ ਦੇ ਆਧਾਰ 'ਤੇ, ਕੱਚੇ ਤੇਲ ਨੂੰ ਵੈਸਟ ਟੈਕਸਾਸ ਇੰਟਰਮੀਡੀਏਟ, ਡਬਲਿਊ ਟੀ, ਬ੍ਰੈਂਟ, ਦੁਬਈ ਜਾਂ ਮਿਨਾਸ ਆਖਿਆ ਜਾਂਦਾ ਹੈ। ਦੂਜੇ ਪਾਸੇ ਤੇਲ ਸੋਧਕ ਇਸ ਨੂੰ 'ਮਿੱਠਾ' (ਜਿਸ ਵਿਚ ਸਲਫਰ ਦੀ ਮਾਤਰਾ ਘੱਟ ਹੁੰਦੀ ਹੈ) ਜਾਂ 'ਕੌੜਾ' (ਜਿਸ ਵਿਚ ਸਲਫਰ ਦੀ ਮਾਤਰਾ 2.5 ਪ੍ਰਤਿਸ਼ਤ ਤੋਂ ਵੱਧ ਹੁੰਦੀ ਹੈ ਅਤੇ ਉਤਪਾਦ ਮਿਆਰ ਹਾਸਲ ਕਰਨ ਲਈ ਜਿਸ ਨੂੰ ਜ਼ਿਆਦਾ ਸੋਧਣਾ ਪੈਂਦਾ ਹੈ) ਅਨੁਸਾਰ ਵਰਗੀਕ੍ਰਿਤ ਕਰਦੇ ਹਨ ਜੋ ਇਸ ਦੇ ਵਜ਼ਨ ਅਤੇ ਚਿਕਨਾਹਟ 'ਤੇ ਆਧਾਰਿਤ ਹੁੰਦਾ ਹੈ।

ਭਾਰਤੀ ਕੱਚੇ ਤੇਲ ਦੀ ਟੋਕਰੀ ਕੌੜੇ ਅਤੇ ਮਿੱਠੇ ਕੱਚੇ ਤੇਲ ਦੀ ਪ੍ਰਕਿਰਿਆ ਤੋਂ ਬਣੀ ਹੋਈ ਹੈ। ਇਹ ਭਾਰਤੀ ਤੇਲ ਸੋਧ ਕਾਰਖ਼ਾਨਿਆਂ ਵਲੋਂ ਪ੍ਰਾਸੈੱਸ ਕੀਤੇ ਜਾਂਦੇ ਕੱਚੇ ਤੇਲ ਦੀ ਔਸਤ ਨੂੰ ਪ੍ਰਦਰਸ਼ਿਤ ਕਰਦੀ ਹੈ ਜੋ ਪਿਛਲੇ ਵਰ੍ਹੇ ਵਿਚ ਮਿੱਠੇ ਕੱਚੇ ਤੇਲ ਅਤੇ ਕੌੜੇ ਕੱਚੇ ਤੇਲ ਦੀ ਅਸਲ ਪ੍ਰਕਿਰਿਆ ਦਾ ਅਨੁਪਾਤ ਹੁੰਦਾ ਹੈ। ਮਿੱਠੇ ਕੱਚੇ ਤੇਲ ਲਈ 'ਬ੍ਰੈਂਟ' ਕੱਚੇ ਤੇਲ ਦੇ ਮਾਪਦੰਡ ਨੂੰ ਵਿਚਾਰਿਆ ਜਾਂਦਾ ਹੈ। ਕੌੜੇ ਕੱਚੇ ਤੇਲ ਲਈ 'ਦੁਬਈ' ਅਤੇ 'ਓਮਾਨ' ਦੇ ਮਾਪਦੰਡਾਂ ਨੂੰ ਵਿਚਾਰਿਆ ਜਾਂਦਾ ਹੈ। ਪਿਛਲੇ ਮਾਲੀ ਸਾਲ ਦੌਰਾਨ, ਭਾਰਤੀ ਕੱਚੇ ਤੇਲ ਦੀ ਟੋਕਰੀ ਨੇ ਰੋਜ਼ਾਨਾ ਕੀਮਤ ਸਮੀਖਿਆ (ਬ੍ਰੈਂਟ ਲਈ) ਅਤੇ ਦੁਬਈ ਅਤੇ ਓਮਾਨ ਦੇ ਗ੍ਰੇਡ ਨੂੰ 30.1:69.9 ਦੇ ਅਨੁਪਾਤ ਵਿਚ ਪ੍ਰਤਿਨਿਧਤਾ ਕੀਤੀ।

ਪਿਛਲੇ ਸਾਲਾਂ ਵਿਚ ਓਮਾਨ ਤੇ ਦੁਬਈ ਦੇ ਕੱਚੇ ਤੇਲ ਦਾ ਭਾਰਤੀ ਟੋਕਰੀ ਵਿਚ ਵਜ਼ਨ ਵਧਿਆ ਹੈ ਜਦੋਂ ਭਾਰਤੀ ਤੇਲ ਸੋਧਕਾਂ ਨੇ ਜ਼ਿਆਦਾ ਕੌੜਾ ਕੱਚੇ ਤੇਲ ਦੀ ਖਪਤ ਕਰਨੀ ਸ਼ੁਰੂ ਕਰ ਦਿਤੀ। ਪਿਛਲੇ ਸਮੇਂ ਤਕ, ਜਦੋਂ ਅੰਤਰਰਾਸ਼ਟਰੀ ਬਾਜ਼ਾਰ ਵਿਚ ਮੰਦੀ ਆਈ, ਭਾਰਤ ਵਿਚ ਤੇਲ ਦੀਆਂ ਕੀਮਤਾਂ ਵਿਚ ਹਮੇਸ਼ਾ ਵਾਧਾ ਵੇਖਿਆ ਗਿਆ। ਭਾਰਤੀ ਕੱਚੇ ਤੇਲ ਦੀ ਟੋਕਰੀ ਵਿਚ ਔਸਤ ਕੀਮਤਾਂ ਵਿਚ 2003-04 ਦੇ 27.97 ਡਾਲਰ ਪ੍ਰਤਿ ਬੈਰਲ ਦੇ ਮੁਕਾਬਲੇ 2013-14 ਵਿਚ 105.52 ਡਾਲਰ ਪ੍ਰਤਿ ਬੈਰਲ ਦਾ ਵਾਧਾ ਵੇਖਿਆ ਗਿਆ ਜੋ ਲਗਭਗ ਤਿੰਨ ਗੁਣਾ ਬਣਦਾ

ਹੈ (ਤਾਲਿਕਾ-1)।

ਪਰ, ਭਾਰਤੀ ਕੱਚੇ ਤੇਲ ਦੀ ਟੋਕਰੀ ਅਤੇ ਪੈਟਰੋਲੀਅਮ ਉਤਪਾਦਾਂ ਦੀਆਂ ਕੀਮਤਾਂ ਵਿਚਾਲੇ ਕੋਈ ਸੰਬੰਧ ਨਹੀਂ। ਪੈਟਰੋਲੀਅਮ ਉਤਪਾਦਾਂ ਦੀਆਂ ਕੀਮਤਾਂ ਅੰਤਰਰਾਸ਼ਟਰੀ ਬਾਜ਼ਾਰ ਅਤੇ ਨਿੱਜੀ ਉਤਪਾਦਾਂ ਦੀ ਮੰਗ-ਪੂਰਤੀ ਦੇ ਦ੍ਰਿਸ਼ 'ਤੇ ਨਿਰਭਰ ਹਨ। ਪੈਟਰੋਲ ਦੀਆਂ ਕੀਮਤਾਂ ਸਿੰਗਾਪੁਰ ਖੇਤਰ ਦੀਆਂ ਪੈਟਰੋਲ ਕੀਮਤਾਂ 'ਤੇ ਨਿਰਭਰ ਹਨ ਅਤੇ ਡੀਜ਼ਲ, ਮਿੱਟੀ ਦਾ ਤੇਲ ਅਤੇ ਰਸੋਈ ਗੈਸ ਦੀਆਂ ਕੀਮਤਾਂ ਅਰਬ-ਖਾੜੀ ਖਿੱਤੇ ਦੀਆਂ ਕੀਮਤਾਂ ਉੱਤੇ।

## ਕੀਮਤ ਨਿਰਧਾਰਨ ਅਤੇ ਇਸ ਦਾ ਇਤਿਹਾਸ

ਭਾਰਤ ਵਿਚ ਤੇਲ ਕੀਮਤਾਂ ਦੇ ਇਤਿਹਾਸ 'ਤੇ ਝਾਤ ਮਾਰਿਆਂ, ਸਰਕਾਰ ਨੇ ਪਹਿਲਾਂ 1948 ਵਿਚ, ਵੈਲਿਊ ਸਟਾਕ ਅਕਾਊਂਟ (ਵੀ ਐੱਸ ਏ) ਪ੍ਰਣਾਲੀ ਰਾਹੀਂ ਬਰਮਾ ਸ਼ੈੱਲ ਨਾਲ ਸਮਝੌਤਾ ਕਰਕੇ ਕੀਮਤਾਂ 'ਤੇ ਨਿਯੰਤ੍ਰਣ ਕਰਨ ਦੀ ਕੋਸ਼ਿਸ਼ ਕੀਤੀ। ਵੀ ਐੱਸ ਏ ਸਮਝੌਤਾ ਇਕ ਫਾਰਮੂਲੇ 'ਤੇ ਆਧਾਰਿਤ ਸੀ ਜੋ ਫ੍ਰੀ ਆਨ ਬੋਰਡ (ਐੱਫ ਓ ਬੀ) ਕੀਮਤ, ਮਹਾਂਸਾਗਰੀ ਕਿਰਾਇਆ, ਬੀਮਾ, ਮਹਾਂਸਾਗਰੀ ਨੁਕਸਾਨ, ਆਯਾਤ ਸ਼ੁਲਕ, ਵਿਆਜ ਅਤੇ ਦੂਜੀਆਂ ਦਰਾਂ ਦਾ ਜੋੜ ਸੀ।

ਕੀਮਤਾਂ ਦੀ ਸੰਪੂਰਨ ਪ੍ਰਕਿਰਿਆ ਨੂੰ ਨਿਯਮਨ ਹੇਠ ਲਿਆਉਣ ਲਈ ਗੰਭੀਰ ਵਿਚਾਰ-ਵਟਾਂਦਰੇ

ਤਾਲਿਕਾ-1

ਭਾਰਤੀ ਕੱਚੇ ਤੇਲ ਦੀ ਟੋਕਰੀ ਦੀ ਕੀਮਤ (ਡਾਲਰ ਪ੍ਰਤਿ ਬੈਰਲ)

| ਸਾਲ | ਔਸਤ |
|---|---|
| 2003-04 | 27.97 |
| 2004-05 | 39.21 |
| 2005-06 | 55.72 |
| 2006-07 | 62.46 |
| 2007-08 | 79.25 |
| 2008-09 | 83.57 |
| 2009-10 | 69.76 |
| 2010-11 | 85.09 |
| 2011-12 | 111.89 |
| 2012-13 | 107.97 |
| 2013-14 | 105.52 |

ਸਰੋਤ : ਤੇਲ ਮੰਤਰਾਲਾ ਅਤੇ ਪੀ ਪੀ ਸੀ ਏ

ਉਪਰੰਤ, ਸਰਕਾਰ ਵਲੋਂ ਜੁਲਾਈ 1975 ਵਿਚ ਸਹਾਇਕ ਕੀਮਤ ਤੰਤਰ (ਏ ਪੀ ਐੱਮ) ਸ਼ੁਰੂ ਕੀਤਾ ਗਿਆ। ਪਰ ਇਸ ਨੂੰ ਅਪ੍ਰੈਲ 2002 ਵਿਚ ਹਟਾ ਦਿਤਾ ਗਿਆ ਜਦੋਂ ਤੇਲ ਕੰਪਨੀਆਂ ਦੇ ਵਿਕਾਸ ਦੀ ਮੱਠੀ ਰਫ਼ਤਾਰ ਲਈ ਇਸ ਦੀ ਆਲੋਚਨਾ ਕੀਤੀ ਗਈ ਕਿਉਂਕਿ ਕੰਪਨੀਆਂ ਊਰਜਾ ਸੁਰੱਖਿਆ ਲਈ ਲੋੜੀਂਦੇ ਵਿੱਤੀ ਨਿਵੇਸ਼ ਪੈਦਾ ਕਰਨ ਤੋਂ ਅਸਮਰਥ ਹੋ ਰਹੀਆਂ ਸਨ।

ਉਸ ਤੋਂ ਬਾਅਦ, ਦੇਸ਼ ਵਿਚ ਅਪ੍ਰੈਲ 2002 ਤੋਂ ਜਨਵਰੀ 2004 ਦਰਮਿਆਨ ਇਕ ਸੰਖੇਪ ਜਿਹਾ ਨਿਯੰਤ੍ਰਣ ਮੁਕਤ ਨਿਜ਼ਾਮ ਸ਼ੁਰੂ ਕੀਤਾ ਗਿਆ ਜਿਸ ਤਹਿਤ ਤੇਲ ਕੰਪਨੀਆਂ ਪੈਟਰੋਲ ਅਤੇ ਘਰੇਲੂ ਰਸੋਈ ਗੈਸ ਦੀਆਂ ਕੀਮਤਾਂ ਬਾਜ਼ਾਰ ਦੇ ਕਾਰਕਾਂ ਦੇ ਆਧਾਰ 'ਤੇ ਬਦਲ ਸਕਦੀਆਂ ਸਨ। ਮਿੱਟੀ ਦੇ ਤੇਲ ਨੂੰ ਇਸ ਤੋਂ ਬਾਹਰ ਰੱਖਿਆ ਗਿਆ। ਇਸੇ ਦੌਰਾਨ, ਇਕ 'ਕੀਮਤ ਦਰ' ਤੰਤਰ ਦਾ ਵੀ ਤਜਰਬਾ ਕੀਤਾ ਗਿਆ ਜਿਸ ਤਹਿਤ ਸਰਕਾਰ ਵਲੋਂ ਤੇਲ ਕੰਪਨੀਆਂ ਨੂੰ ਅੰਤਰਰਾਸ਼ਟਰੀ ਕੀਮਤਾਂ ਅਤੇ ਮਾਲ ਭਾੜੇ ਦੀਆਂ ਦਰਾਂ ਦੇ ਆਧਾਰ 'ਤੇ, ਕੁੱਝ ਵਿਸ਼ੇਸ਼ ਉਤਪਾਦਾਂ ਦੀਆਂ ਪ੍ਰਚੂਨ ਕੀਮਤਾਂ ਵਿਚ ਬਦਲਾਅ ਕਰਨ ਦੀ ਸੀਮਤ ਖੁੱਲ੍ਹ ਦੇ ਦਿਤੀ।

## ਵਪਾਰ ਮੁੱਲ-ਸਮਾਨਤਾ ਕੀਮਤ ਨਿਰਧਾਰਨ (ਟੀ ਪੀ ਪੀ)

ਕੀਮਤਾਂ ਦਾ ਇਕ ਵਿਆਪਕ ਢਾਂਚਾ ਸੁਝਾਉਣ ਲਈ ਕੇਂਦਰ ਨੇ ਅਕਤੂਬਰ 2005 ਵਿਚ ਸੀ.ਰੰਗਾਰਾਜਨ ਦੀ ਅਗਵਾਈ ਵਿਚ ਇਕ ਕਮੇਟੀ ਦਾ ਗਠਨ ਕੀਤਾ। ਇਸ ਕਮੇਟੀ ਨੇ ਵਪਾਰ ਬਰਾਬਰੀ (ਮੁੱਲ-ਸਮਾਨਤਾ) ਕੀਮਤ ਨਿਰਧਾਰਨ (ਟੀ ਪੀ ਪੀ) ਦਾ, ਪੈਟਰੋਲ ਅਤੇ ਡੀਜ਼ਲ ਲਈ, ਤੇਲ ਸੋਧਕ ਕਾਰਖ਼ਾਨੇ ਅਤੇ ਪ੍ਰਚੂਨ ਪੱਧਰ 'ਤੇ ਵੀ, ਫਾਰਮੂਲਾ ਲਾਗੂ ਕਰਨ ਦੀ ਸਿਫ਼ਾਰਸ਼ ਕੀਤੀ। ਇਹ ਫਾਰਮੂਲਾ ਆਯਾਤ ਬਰਾਬਰੀ (ਆਈ ਪੀ ਪੀ) ਅਤੇ ਨਿਰਯਾਤ ਬਰਾਬਰੀ (ਈ ਪੀ ਪੀ) ਕੀਮਤਾਂ ਦਾ 80.20 ਦੇ ਅਨੁਪਾਤ 'ਤੇ ਅਨੁਪਾਤ ਔਸਤ ਦਾ ਸੀ। ਦੇਸ਼ ਨੇ ਵਪਾਰ ਬਰਾਬਰੀ ਨਿਜ਼ਾਮ ਦੇ ਵਿਚ 16 ਜੂਨ 2006 ਨੂੰ ਕਦਮ ਰੱਖਿਆ। ਇਸ ਮੁਤਾਬਕ, ਤੇਲ ਸੋਧਕ ਕਾਰਖ਼ਾਨੇ ਦੀ ਗੇਟ ਕੀਮਤ (ਆਰ ਜੀ ਪੀ) ਉਹ ਕੀਮਤ ਹੈ ਜਿਸ 'ਤੇ ਇਕ ਉਤਪਾਦ ਤੇਲ ਸੋਧਕ ਕਾਰਖ਼ਾਨੇ ਵਲੋਂ ਤੇਲ ਵੇਚਣ ਵਾਲੀਆਂ ਕੰਪਨੀਆਂ ਦੀ ਬਾਜ਼ਾਰੀਕਰਨ ਸ਼ਾਖਾ ਨੂੰ ਵੇਚਣ ਦਾ ਫ਼ੈਸਲਾ ਕੀਤਾ ਜਾਂਦਾ ਹੈ।

ਆਯਾਤ ਬਰਾਬਰੀ (ਮੁੱਲ ਸਮਾਨਤਾ) ਅਤੇ ਨਿਰਯਾਤ ਬਰਾਬਰੀ (ਮੁੱਲ ਸਮਾਨਤਾ) ਕੀਮਤਾਂ ਕੀ ਹਨ? ਆਯਾਤ ਬਰਾਬਰੀ ਪ੍ਰਣਾਲੀ ਦਾ ਮਤਲਬ ਹੈ ਉਹ ਕੀਮਤ ਜੋ ਇਕ ਆਯਾਤਕ ਭਾਰਤੀ ਬੰਦਰਗਾਹਾਂ 'ਤੇ ਅਦਾ ਕਰਦਾ ਹੈ, ਜੋ ਐੱਫ ਬੀ ਓ ਕੀਮਤ, ਮਹਾਂਸਾਗਰੀ ਭਾੜਾ, ਬੀਮਾ, ਮਹਾਂਸਾਗਰੀ ਨੁਕਸਾਨ, ਆਬਕਾਰੀ ਕਰ ਤੇ ਦੂਜੀਆਂ ਦਰਾਂ ਦਾ ਜੋੜ ਹੁੰਦਾ ਹੈ। ਦੂਜੇ ਪਾਸੇ, ਨਿਰਯਾਤ ਬਰਾਬਰੀ ਪ੍ਰਣਾਲੀ ਉਹ ਕੀਮਤ ਹੈ ਜੋ ਤੇਲ ਕੰਪਨੀਆਂ ਆਪ ਤਿਆਰ ਪੈਟਰੋਲੀਅਮ ਉਤਪਾਦ ਨਿਰਯਾਤ ਕਰਨ ਵੇਲੇ ਵਸੂਲਦੀਆਂ ਹਨ। ਈ ਪੀ ਪੀ ਦੇ ਅੰਕਾਂ ਵਿਚ ਐੱਫ ਓ ਬੀ ਕੀਮਤ ਅਤੇ ਐਡਵਾਂਸ ਲਾਇਸੰਸ ਦੇ ਫ਼ਾਇਦੇ ਸ਼ਾਮਿਲ ਹੁੰਦੇ ਹਨ। ਪੈਟਰੋਲੀਅਮ ਉਤਪਾਦਾਂ ਦੇ ਨਿਰਯਾਤ ਵਿਚ ਦੇਸ਼ ਦੀ ਹਿੱਸੇਦਾਰੀ ਵਧਣ ਤੋਂ ਬਾਅਦ ਨਿਰਯਾਤ ਬਰਾਬਰੀ ਨੂੰ ਕੀਮਤ ਨਿਰਧਾਰਨ ਦਾ ਹਿੱਸਾ ਬਣਾ ਦਿਤਾ ਗਿਆ। ਪਿਛਲੇ ਵਿੱਤੀ ਸਾਲ ਦੌਰਾਨ ਭਾਰਤ ਨੇ 67,864 ਮਿਲੀਅਨ ਟਨ ਪੈਟਰੋਲੀਅਮ ਉਤਪਾਦਾਂ ਦਾ ਨਿਰਯਾਤ ਕੀਤਾ ਜਿਸ ਦੀ ਕੀਮਤ 3,68,279 ਕਰੋੜ ਰੁਪਏ ਹੈ।

ਇਸ ਪ੍ਰਣਾਲੀ ਦੇ ਤਹਿਤ, ਜਨਤਕ ਖੇਤਰ ਦੀਆਂ ਤੇਲ ਕੰਪਨੀਆਂ (ਓ ਐੱਮ ਸੀਜ਼) ਜਿਵੇਂ ਇੰਡੀਅਨ ਆਇਲ ਕਾਰਪੋਰੇਸ਼ਨ, ਭਾਰਤ ਪੈਟਰੋਲੀਅਮ ਕਾਰਪੋਰੇਸ਼ਨ ਅਤੇ ਹਿੰਦੁਸਤਾਨ ਪੈਟਰੋਲੀਅਮ ਕਾਰਪੋਰੇਸ਼ਨ ਤੇਲ ਸੋਧ ਕਾਰਖ਼ਾਨਿਆਂ ਨੂੰ ਵਪਾਰ ਬਰਾਬਰੀ ਕੀਮਤ ਅਦਾ ਕਰਦੀਆਂ ਹਨ, ਹਰ ਪੰਦਰਾਂ ਦਿਨ ਬਾਅਦ, ਉਨ੍ਹਾਂ ਤੋਂ ਡੀਜ਼ਲ ਤੇ ਪੈਟਰੋਲ ਖਰੀਦਣ ਸਮੇਂ। ਖ਼ੈਰ, ਰਸੋਈ ਗੈਸ ਅਤੇ ਮਿੱਟੀ ਦੇ ਤੇਲ ਦੀਆਂ ਕੀਮਤਾਂ ਆਯਾਤ ਬਰਾਬਰੀ ਦੇ ਆਧਾਰ 'ਤੇ ਹਰ ਮਹੀਨੇ ਦੀ ਪਹਿਲੀ ਤਾਰੀਕ ਨੂੰ ਮਿਥੀਆਂ ਜਾਂਦੀਆਂ ਹਨ, ਜਦ ਕਿ ਬਾਕੀ ਦੇ ਪੈਟਰੋਲੀਅਮ ਪਦਾਰਥਾਂ ਦੀ ਕੀਮਤ ਬਾਜ਼ਾਰ ਅਨੁਸਾਰ ਤੈਅ ਕੀਤੀ ਜਾਂਦੀ ਹੈ।

## ਵਰਤਮਾਨ ਰੁਝਾਨ

ਇਸ ਖੇਤਰ ਵਿਚ ਸੁਧਾਰ ਨੂੰ ਅਗਾਂਹ ਤੋਰਦਿਆਂ, ਤੇਲ ਕੰਪਨੀਆਂ ਨੂੰ ਅੰਤਰਰਾਸ਼ਟਰੀ ਕੀਮਤਾਂ ਅਤੇ ਜੂਨ 2010 ਦੀ ਵਟਾਂਦਰਾ ਦਰ ਦੇ ਮੁਤਾਬਿਕ ਪੈਟਰੋਲ ਦੀਆਂ ਕੀਮਤਾਂ ਵਿਚ ਆਪਣੇ ਆਪ ਸਮੀਖਿਆ ਕਰਨ ਅਤੇ ਵਾਧਾ ਕਰਨ ਦੀ

ਖੁੱਲ੍ਹ ਦਿਤੀ ਗਈ। ਜਨਵਰੀ 2013 ਵਿਚ ਡੀਜ਼ਲ ਨੂੰ ਵੀ ਪੜਾਅਵਾਰ ਤਰੀਕੇ ਨਾਲ ਨਿਯੰਤ੍ਰਣ ਮੁਕਤ ਕੀਤਾ ਗਿਆ ਤਾਂ ਕਿ ਘਟ ਰਹੀਆਂ ਵਸੂਲੀਆਂ 'ਤੇ ਕਾਬੂ ਪਾਇਆ ਜਾ ਸਕੇ (ਵਪਾਰ ਬਰਾਬਰੀ/ਨਿਰਯਾਤ ਬਰਾਬਰੀ 'ਤੇ ਆਧਾਰਿਤ ਲੋੜੀਂਦੀ ਕੀਮਤ ਅਤੇ ਅਸਲ ਵੇਚ ਕੀਮਤ ਵਿਚ ਫ਼ਰਕ ਤੇਲ ਕੰਪਨੀਆਂ ਦੀ ਘੱਟ ਵਸੂਲੀ ਨੂੰ ਦਰਸਾਉਂਦਾ ਹੈ)। ਪਰ, ਇਨ੍ਹਾਂ ਕੋਸ਼ਿਸ਼ਾਂ ਨੂੰ ਕੱਚੇ ਤੇਲ ਦੀਆਂ ਅੰਤਰਰਾਸ਼ਟਰੀ ਬਾਜ਼ਾਰ ਵਿਚ ਵਧ ਰਹੀਆਂ ਕੀਮਤਾਂ ਨਾਲ ਧੱਕਾ ਲੱਗਾ। ਪਿਛਲੇ ਸਾਲ ਜਦੋਂ ਕੀਮਤਾਂ ਡਿਗਣੀਆਂ ਸ਼ੁਰੂ ਹੋਈਆਂ ਤਾਂ ਨਵੀਂ ਸਰਕਾਰ ਨੇ ਅਕਤੂਬਰ 2014 ਵਿਚ ਡੀਜ਼ਲ ਨੂੰ ਪੂਰੀ ਤਰ੍ਹਾਂ ਨਿਯੰਤ੍ਰਣ ਮੁਕਤ ਕਰਨ ਦਾ ਰਾਹ ਚੁਣਿਆ।

ਡੀਜ਼ਲ ਨੂੰ ਨਿਯੰਤ੍ਰਣ ਮੁਕਤ ਕਰਨ ਨਾਲ ਘੱਟ ਵਸੂਲੀਆਂ 'ਤੇ ਕਾਬੂ ਪਾਉਣ ਅਤੇ ਨਾਲ ਹੀ ਬੇਹਤਰ ਅੰਤਰਰਾਸ਼ਟਰੀ ਕੀਮਤਾਂ ਅਤੇ ਰੁਪਏ ਦੀ ਮਜ਼ਬੂਤੀ, ਵਿੱਤੀ ਸਾਲ ਦੇ ਅਪ੍ਰੈਲ-ਦਸੰਬਰ ਦੇ ਪਹਿਲੇ ਨੌਂ ਮਹੀਨਿਆਂ ਦੌਰਾਨ, ਸੰਵੇਦਨਸ਼ੀਲ ਪੈਟਰੋਲੀਅਮ ਉਤਪਾਦਾਂ 'ਤੇ ਹੋ ਰਹੀ ਘੱਟ ਵਸੂਲੀ ਨੂੰ ਘੱਟ ਕਰਕੇ 67,091 ਕਰੋੜ ਰੁਪਏ 'ਤੇ ਲਿਆਂਦਾ ਹੈ। ਸਬਸਿਡੀ ਦਾ ਅੰਕੜਾ 2013-14 ਵਿਚ 1,39,869 ਕਰੋੜ ਰੁਪਏ ਅਤੇ 2012-13 ਵਿਚ 1,61,029 ਕਰੋੜ ਰੁਪਏ ਦੇ ਆਸਪਾਸ ਮੰਡਰਾ ਰਿਹਾ ਸੀ (ਤਾਲਿਕਾ-2)।

ਪੈਟਰੋਲੀਅਮ ਯੋਜਨਾ ਅਤੇ ਮੁੱਲੰਕਣ ਸੈੱਲ (ਪੀ ਪੀ ਏ ਸੀ) ਦੇ ਮੁਤਾਬਕ, ਭਾਰਤੀ ਟੋਕਰੀ ਦੇ ਕੱਚੇ ਤੇਲ ਦੀ ਕੀਮਤ 27 ਫ਼ਰਵਰੀ ਨੂੰ 59.19 ਡਾਲਰ ਪ੍ਰਤਿ ਬੈਰਲ ਸੀ, ਜੋ ਪਿਛਲੇ ਮਹੀਨੇ ਛੇ ਸਾਲਾਂ ਦੌਰਾਨ ਸਭ ਤੋਂ ਘੱਟ 43 ਡਾਲਰ ਪ੍ਰਤਿ ਬੈਰਲ ਸੀ। ਮਿੱਟੀ ਦੇ ਤੇਲ ਦੇ ਮਾਮਲੇ ਵਿਚ ਫ਼ਰਵਰੀ ਮਹੀਨੇ ਵਿਚ ਘੱਟ ਵਸੂਲੀ 13.32 ਰੁਪਏ ਪ੍ਰਤਿ ਲਿਟਰ ਸੀ। ਭਾਰਤ ਲਈ ਹਾਲੇ ਵੀ ਇਹ ਰਾਹਤ ਵਾਲੀ ਗੱਲ ਹੈ, ਇਸ ਗੱਲ ਵਲ ਧਿਆਨ ਦਿੰਦਿਆਂ ਕਿ ਜੂਨ 2014 ਤਕ ਬ੍ਰੈਂਟ ਕੱਚੇ ਤੇਲ ਦੀ ਕੀਮਤ 115 ਡਾਲਰ ਪ੍ਰਤਿ ਬੈਰਲ ਦੇ ਆਸਪਾਸ ਘੁੰਮ ਰਹੀ ਸੀ। ਭਾਰਤ ਵਰਗੇ ਦੇਸ਼ ਲਈ, ਜੋ ਆਪਣੀ ਕੱਚੇ ਤੇਲ ਦੀ 80 ਪ੍ਰਤਿਸ਼ਤ ਲੋੜ ਲਈ ਆਯਾਤ 'ਤੇ ਨਿਰਭਰ ਕਰਦਾ ਹੈ, ਹਾਲੇ ਵੀ ਇਹ ਚੰਗੀ ਖ਼ਬਰ ਹੈ।

| ਤਾਲਿਕਾ-2 | |
|---|---|
| ਸਾਲ | ਘੱਟ ਵਸੂਲੀ (ਰੁਪਏ/ਕਰੋੜ) |
| 2005-06 | 4000 |
| 2006-07 | 49387 |
| 2007-08 | 77123 |
| 2008-09 | 103292 |
| 2009-10 | 46051 |
| 2010-11 | 78190 |
| 2011-12 | 138541 |
| 2012-13 | 161029 |
| 2013-14 | 139869 |

*ਸਰੋਤ : ਤੇਲ ਮੰਤਰਾਲਾ ਅਤੇ ਪੀ ਪੀ ਸੀ ਏ*

| ਤਾਲਿਕਾ-3 | |
|---|---|
| ਭਾਰਤੀ ਕੱਚੇ ਤੇਲ ਦੀ ਟੋਕਰੀ -2014-15 | |
| ਮਹੀਨਾ | ਕੱਚੇ ਤੇਲ ਦੀ ਔਸਤ ਕੀਮਤ (ਡਾਲਰ ਪ੍ਰਤਿ ਬੈਰਲ) |
| ਅਪ੍ਰੈਲ | 105.56 |
| ਮਈ | 106.85 |
| ਜੂਨ | 109.05 |
| ਜੁਲਾਈ | 106.30 |
| ਅਗਸਤ | 101.89 |
| ਸਤੰਬਰ | 96.96 |
| ਅਕਤੂਬਰ | 86.83 |
| ਨਵੰਬਰ | 77.58 |
| ਦਸੰਬਰ | 61.21 |
| ਜਨਵਰੀ | 46.59 |

*ਸਰੋਤ: ਤੇਲ ਮੰਤਰਾਲਾ ਅਤੇ ਪੀ ਪੀ ਸੀ ਏ*

ਸਾਲ 2013-14 ਦੌਰਾਨ 189.238 ਮਿਲੀਅਨ ਟਨ ਕੱਚਾ ਤੇਲ ਆਯਾਤ ਕੀਤਾ ਗਿਆ ਜਿਸ ਦੀ ਕੀਮਤ 8,64,875 ਕਰੋੜ ਰੁਪਏ ਸੀ, ਜਦ ਕਿ ਸਾਲ 2012-13 ਵਿਚ 7,84,652 ਕਰੋੜ ਰੁਪਏ ਦੀ ਕੀਮਤ ਦਾ 184.795 ਮਿਲੀਅਨ ਟਨ ਤੇਲ ਆਯਾਤ ਕੀਤਾ ਗਿਆ। ਇਸ ਤਰ੍ਹਾਂ ਮਾਤਰਾ ਦੇ ਮਾਮਲੇ ਵਿਚ 2.40 ਪ੍ਰਤਿਸ਼ਤ ਅਤੇ ਕੀਮਤ ਦੇ ਮਾਮਲੇ ਵਿਚ 10.22 ਪ੍ਰਤਿਸ਼ਤ ਵਾਧਾ ਦਰਜ ਕੀਤਾ ਗਿਆ। ਇਕ ਆਯਾਤਕ ਹੋਣ ਦੇ ਨਾਤੇ, ਤੇਲ ਕੀਮਤਾਂ ਵਿਚ ਕਮੀ ਨੇ ਸਰਕਾਰ ਦਾ ਸਬਸਿਡੀ ਦਾ ਬੋਝ ਘੱਟ ਕਰਨ ਵਿਚ ਮਦਦ ਕੀਤੀ ਹੈ ਅਤੇ ਚਾਲੂ ਖਾਤਾ ਘਾਟੇ ਨੂੰ ਨਿਯੰਤ੍ਰਣ ਵਿਚ ਰੱਖ ਕੇ ਰਾਹਤ ਵੀ ਪ੍ਰਦਾਨ ਕੀਤੀ ਹੈ ਜਿਸ ਨਾਲ ਰੁਪਏ 'ਤੇ ਦਬਾਅ ਵੀ ਘਟਿਆ ਹੈ। ਅੰਤਰਰਾਸ਼ਟਰੀ ਕੀਮਤਾਂ ਵਿਚ ਕਮੀ ਦਾ ਕਾਰਨ ਅਮਰੀਕਾ ਅਤੇ ਕੈਨੇਡਾ ਵਿਚ ਗ਼ੈਰ-ਰਵਾਇਤੀ ਸ਼ੇਲ ਤੇਲ ਦੇ ਉਤਪਾਦਨ ਵਿਚ ਆਇਆ ਵੱਡਾ ਉਛਾਲ ਹੈ। ਜਦੋਂ ਕੀਮਤਾਂ ਘਟੀਆਂ ਤਾਂ ਦੁਨੀਆਂ ਦੇ ਸਭ ਤੋਂ ਵੱਡਾ ਤੇਲ ਉਤਪਾਦਕ ਗਠਜੋੜ *ਓਪੇਕ* ਤੋਂ ਉਮੀਦ ਸੀ ਕਿ ਇਹ ਉਤਪਾਦਨ ਵਿਚ ਕਟੌਤੀ ਕਰੇਗਾ ਕਿਉਂਕਿ ਇਸ ਨਾਲ ਕੀਮਤਾਂ ਵਿਚ ਵਾਧਾ ਹੋ ਜਾਣਾ ਸੀ। ਪਰ, ਸਭ ਤੋਂ ਵੱਡਾ ਉਤਪਾਦਕ ਹੋਣ ਦੇ ਨਾਤੇ, ਸਾਊਦੀ ਅਰਬ ਆਪਣਾ ਬਾਜ਼ਾਰ ਦਾ ਹਿੱਸਾ ਛੱਡਣ ਤੋਂ ਝਿਜਕ ਰਿਹਾ ਸੀ, ਉਸ ਨੂੰ ਆਸ ਸੀ ਕਿ ਘੱਟ ਕੀਮਤਾਂ ਅਮਰੀਕਾ ਸ਼ੇਲ ਗੈਸ ਦੇ ਉਛਾਲ ਨੂੰ ਠੱਲ੍ਹ ਪਾਉਣਗੀਆਂ। ਇਸ ਦਾ ਨਤੀਜਾ 6 ਸਾਲਾਂ ਵਿਚ ਤੇਲ ਦੀਆਂ ਕੀਮਤਾਂ ਵਿਚ ਸਭ ਤੋਂ ਵੱਡੀ ਗਿਰਾਵਟ ਦੇ ਰੂਪ ਵਿਚ ਨਿਕਲਿਆ।

ਜਦ ਕਿ ਵੱਡੇ ਤੇਲ ਉਤਪਾਦਕਾਂ ਜਿਵੇਂ ਰੂਸ, ਸਾਊਦੀ ਅਰਬ ਅਤੇ ਵੈਂਜ਼ੂਏਲਾ ਲਈ ਇਹ ਔਖਾ ਸਮਾਂ ਹੈ, ਭਾਰਤ ਅਤੇ ਜਾਪਾਨ ਵਰਗੇ ਖਪਤਕਾਰਾਂ ਲਈ ਔਖੇ ਵਿਚੋਂ ਲੰਘ ਰਹੀ ਆਰਥਿਕਤਾ ਵਾਸਤੇ ਇਹ ਵਰਦਾਨ ਸਾਬਤ ਹੋਇਆ ਹੈ। ਇਸ ਨਾਲ ਭਾਰਤੀ ਕੱਚੇ ਤੇਲ ਦੀ ਟੋਕਰੀ ਦੀ ਕੀਮਤ ਵਿਚ 56 ਪ੍ਰਤਿਸ਼ਤ ਦੀ ਕਮੀ ਆਈ ਹੈ। ਅਪ੍ਰੈਲ ਵਿਚ ਇਹ ਕੀਮਤ 105.56 ਡਾਲਰ ਪ੍ਰਤਿ ਬੈਰਲ ਸੀ ਜੋ ਜਨਵਰੀ ਵਿਚ ਘਟ ਕੇ 46.59 ਡਾਲਰ ਪ੍ਰਤਿ ਬੈਰਲ ਰਹਿ ਗਈ ਹੈ (ਵੇਖੋ ਤਾਲਿਕਾ-3)। ਪਰ, ਮਾਹਰਾਂ ਨੂੰ ਡਰ ਹੈ ਕਿ ਡੀਜ਼ਲ ਅਤੇ ਪੈਟਰੋਲ ਦੀਆਂ ਕੀਮਤਾਂ ਨਿਯੰਤ੍ਰਣ ਮੁਕਤ ਹੋਣ ਨਾਲ, ਉਤਾਰ-ਚੜ੍ਹਾਅ ਅਤੇ ਅੰਤਰਰਾਸ਼ਟਰੀ ਕੀਮਤਾਂ ਵਿਚ ਵਾਧੇ ਨਾਲ ਭਾਰਤ ਵਿਚ ਪੈਟਰੋਲੀਅਮ ਪਦਾਰਥਾਂ ਦੀ ਕੀਮਤ 'ਤੇ ਅਸਰ ਪਵੇਗਾ। ਇਸ ਤੌਖਲੇ ਨੂੰ ਸਹੀ ਠਹਿਰਾਉਂਦਿਆਂ, ਵਿੱਤੀ ਮੰਤਰੀ ਵਲੋਂ ਆਪਣਾ ਪਲੇਠਾ ਬਜਟ ਪੇਸ਼ ਕਰਨ ਦੇ ਕੁੱਝ ਘੰਟੇ ਬਾਅਦ ਹੀ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਿਚ ਕ੍ਰਮਵਾਰ 3.18 ਰੁਪਏ ਅਤੇ 3.09 ਰੁਪਏ ਦਾ ਵਾਧਾ ਪ੍ਰਤਿ ਲਿਟਰ ਕਰ ਦਿਤਾ ਗਿਆ। ਪਰ ਭਾਰਤੀ ਅਰਥਚਾਰੇ ਅਤੇ ਤੇਲ ਕੰਪਨੀਆਂ ਲਈ ਵਿਸ਼ਵ ਕੀਮਤਾਂ ਵਿਚ ਆਈ ਮੰਦੀ ਤੋਂ ਭਰਪੂਰ ਫ਼ਾਇਦਾ ਉਠਾਉਣ ਦਾ ਇਹ ਸਹੀ ਸਮਾਂ ਹੈ। ❑❑

# ਭਾਰਤ ਦੇ ਉੱਤਰ-ਪੂਰਬੀ ਖਿੱਤੇ ਵਿਚ ਸ਼ੁਰੂਆਤ

ਮਨੋਜ ਕੇ ਦਾਸ

ਜਾਣ-ਪਛਾਣ

ਭਾਰਤ ਦੇ ਉੱਤਰ-ਪੂਰਬੀ ਰਾਜ, ਜਿਨ੍ਹਾਂ ਵਿਚ ਅਰੁਣਾਚਲ ਪ੍ਰਦੇਸ਼, ਅਸਮ, ਮੇਘਾਲਿਆ, ਮਣੀਪੁਰ, ਮਿਜ਼ੋਰਮ, ਨਾਗਾਲੈਂਡ, ਤ੍ਰਿਪੁਰਾ ਅਤੇ ਸਿੱਕਮ ਸ਼ਾਮਿਲ ਹਨ, ਦਾ ਕੁੱਲ ਖੇਤਰਫਲ 255,511 ਵਰਗ ਕਿਲੋਮੀਟਰ ਹੈ। ਇਹ ਸਹੀ ਅਰਥਾਂ ਵਿਚ ਇਕ ਸਰਹੱਦੀ ਖਿੱਤਾ ਹੈ। ਇਸ ਖੇਤਰ ਦੀ ਉੱਤਰ ਵਿਚ ਚੀਨ ਨਾਲ (ਦੱਖਣੀ ਤਿੱਬਤ) 4500 ਕਿਲੋਮੀਟਰ ਲੰਮੀ ਸਰਹੱਦ ਲਗਦੀ ਹੈ। ਪੂਰਬ ਵਿਚ ਮਿਯਾਂਮਾਰ, ਦੱਖਣ ਪੱਛਮ ਵਿਚ ਬੰਗਲਾਦੇਸ਼ ਅਤੇ ਉੱਤਰ ਪੱਛਮ ਵਿਚ ਭੁਟਾਨ ਹਨ। ਸਿੱਕਮ ਨੂੰ ਵਿਕਾਸਮੁਖੀ ਲੋੜਾਂ ਕਰਕੇ 2001 ਵਿਚ ਇਸ ਖੇਤਰ ਵਿਚ ਸ਼ਾਮਿਲ ਕੀਤਾ ਗਿਆ। ਦੂਜੇ 7 ਰਾਜ 22 ਕਿਲੋਮੀਟਰ ਚੌੜੇ 'ਚੂਚੇ ਦੀ ਗਰਦਨ' ਸਦਕਾ ਮੁੱਖ ਭੂਮੀ ਨਾਲ ਜੁੜੇ ਹੋਏ ਹਨ। ਸਿੱਕਮ ਵੀ ਇਕ ਛੋਟੇ ਭੂ-ਭਾਗ ਰਾਹੀਂ ਜੁੜਿਆ ਹੋਇਆ ਹੈ। ਇਸ ਤਰ੍ਹਾਂ ਇਹ ਖਿੱਤਾ ਚੁਫੇਰਿਓਂ ਧਰਤੀ ਨਾਲ ਘਿਰਿਆ ਹੋਇਆ ਹੈ। ਵਿਸ਼ਾਲ ਅੰਤਰਰਾਸ਼ਟਰੀ ਸਰਹੱਦ ਬੰਜਰ ਘਾਟੀ ਅਤੇ ਅਸੁਰੱਖਿਅਤ ਹੈ ਜਿਸ ਦੇ ਬਹੁਤ ਸਾਰੇ ਖੇਤਰਾਂ ਵਿਚ ਬਾਗੀ-ਵਿਦਰੋਹੀ ਭਰੇ ਪਏ ਹਨ। ਇਹ ਖੇਤਰ ਵੰਡ ਤੋਂ ਪਹਿਲਾਂ ਇਕ ਖ਼ੁਸ਼ਹਾਲ ਆਰਥਿਕ ਖਿੱਤਾ ਸੀ। ਇਸ ਦੀ ਪ੍ਰਤਿ ਵਿਅਕਤੀ ਆਮਦਨ ਦੇਸ਼ ਦੀ ਔਸਤ ਨਾਲੋਂ ਵੱਧ ਸੀ। ਆਜ਼ਾਦੀ ਤੋਂ ਪਹਿਲਾਂ ਇਸ ਖਿੱਤੇ ਦੀ ਅਮੀਰ ਉਦਯੋਗਿਕ ਪਿੱਠਭੂਮੀ ਸੀ। ਅਸਮ ਦੀ ਚਾਹ ਸੱਨਅਤ ਦਾ ਇਤਿਹਾਸ 1823 ਤੋਂ ਸ਼ੁਰੂ ਹੁੰਦਾ ਹੈ ਜਦੋਂ ਬ੍ਰਤਾਨਵੀ ਸਾਮਰਾਜ ਦੇ ਇਕ ਅਧਿਕਾਰੀ ਰਾਬਰਟ ਬਰੂਸ ਨੇ ਉਤਲੀ ਬ੍ਰਹਮਪੁੱਤਰ ਘਾਟੀ ਵਿਚ ਚਾਹ ਦੇ ਪੌਦੇ ਉੱਗੇ ਦੇਖੇ। ਚਾਹ ਅਰੁਣਾਚਲ ਪ੍ਰਦੇਸ਼ ਦੀਆਂ ਪਹਾੜੀ ਘਾਟੀਆਂ ਵਿਚ ਰਹਿੰਦੇ *ਸਿੰਗਫੋ* ਕਬੀਲੇ ਵਲੋਂ ਬਣਾਈ ਜਾਂਦੀ ਸੀ। 1838 ਵਿਚ ਅਸਮ ਤੋਂ ਪਹਿਲੀ ਭਾਰਤੀ ਚਾਹ ਨਿਲਾਮੀ ਵਾਸਤੇ ਯੂ. ਕੇ. ਭੇਜੀ ਗਈ।

*ਵਰਤਮਾਨ ਸਮੇਂ, ਭਾਰਤ ਦੇ ਕੁੱਲ ਚਾਹ ਉਤਪਾਦਨ – 85 ਕਰੋੜ ਕਿਲੋਗ੍ਰਾਮ ਸਾਲਾਨਾ ਵਿਚੋਂ 55 ਕਰੋੜ ਕਿਲੋਗ੍ਰਾਮ ਚਾਹ ਦਾ ਉਤਪਾਦਨ ਅਸਮ ਕਰਦਾ ਹੈ। ਅਸਮ ਵਿਚ ਕੱਚਾ ਤੇਲ 1886 ਵਿਚ ਉੱਪਰਲੇ ਅਸਮ ਦੇ ਜੰਗਲਾਂ ਵਿਚ ਲੱਕੜੀ ਦੀ ਕਟਾਈ ਦੌਰਾਨ ਲੱਭਿਆ ਗਿਆ। ਪਹਿਲਾ ਤੇਲ ਸੋਧ ਕਾਰਖ਼ਾਨਾ 1901 ਵਿਚ ਡਿਗਬੋਈ, ਅਸਮ ਵਿਚ ਸਥਾਪਤ ਕੀਤਾ ਗਿਆ ਜੋ ਆਧੁਨਿਕ ਸ਼ਕਲ ਵਿਚ ਅੱਜ ਵੀ ਕੰਮ ਕਰ ਰਿਹਾ ਹੈ। ਡਿਗਬੋਈ ਨਾਮ 'ਡਿਗ ਬੁਆਇ' ਤੋਂ ਪ੍ਰਚਲਤ ਹੋਇਆ।*

ਉੱਤਰ-ਪੂਰਬ ਭਾਰਤ ਵਿਚ ਰੇਲਵੇ ਦਾ ਇਤਿਹਾਸ 19ਵੀਂ ਸਦੀ ਵਿਚ ਅਸਮ ਰੇਲਵੇ ਅਤੇ ਵਪਾਰਕ ਕੰਪਨੀ ਵਲੋਂ ਸ਼ੁਰੂ ਕੀਤਾ ਗਿਆ ਜੋ ਕੰਪਨੀ ਐਕਟ, 1860 ਤਹਿਤ ਪੂੰਜੀਕ੍ਰਿਤ ਹੋਣ ਵਾਲੀਆਂ ਕੰਪਨੀਆਂ ਵਿਚੋਂ ਇਕ ਸੀ। ਇਸ ਦਾ ਬਰਮਾ ਨਾਲ ਭਰਪੂਰ ਸਰਹੱਦੀ ਵਪਾਰ ਚਲਦਾ ਸੀ ਜੋ ਉਦੋਂ ਬ੍ਰਤਾਨਵੀ ਭਾਰਤ ਦਾ ਹਿੱਸਾ ਹੁੰਦਾ ਸੀ। ਦੂਜੀ ਵਿਸ਼ਵ ਜੰਗ ਦੌਰਾਨ ਕੁਨਮਿੰਗ ਤਕ ਸਪਲਾਈ ਲਈ ਸਟਿਲਵੈਲ ਸੜਕ ਦਾ ਨਿਰਮਾਣ ਕੀਤਾ ਗਿਆ ਤਾਂ ਕਿ ਸ਼ਿਆਂਗ ਕਾਇ ਸ਼ੇਕ ਦੀ ਕੁਓਮੀਨਤਾਂਗ ਪਾਰਟੀ ਦੀਆਂ ਜੰਗੀ ਕੋਸ਼ਿਸ਼ਾਂ ਵਿਚ ਮਦਦ ਕੀਤੀ ਜਾ ਸਕੇ, ਜੋ ਅੱਗੇ ਵਧ ਰਹੀ ਜਾਪਾਨੀ ਫੌਜ ਵਲੋਂ ਕੱਟ ਦਿਤੀ ਗਈ ਸੀ। ਕੋਲਾ ਪਤਕਾਈ ਰੇਂਜ ਦੇ ਲੇਡੋ ਮਾਰਗਰੀਟਾ ਖੇਤਰ ਵਿਚ ਲੱਭਿਆ ਗਿਆ। ਇਸ ਖੇਤਰ ਦੇ ਜੰਗਲਾਂ ਵਿਚ ਲੱਕੜ ਦੇ ਅਥਾਹ ਭੰਡਾਰ ਸਨ।

ਇਸ ਖਿੱਤੇ ਵਿਚ ਜਨਸੰਖਿਆ ਵਿਰਲੀ ਸੀ, ਜਿਥੇ 250 ਤੋਂ ਵੱਧ ਭਾਈਚਾਰਿਆਂ ਦਾ ਆਪਣਾ ਸੱਭਿਆਚਾਰ, ਰਵਾਇਤਾਂ, ਇਤਿਹਾਸ, ਹਸਤਕਲਾ ਸੀ। ਇਸ ਦੀ ਮਜ਼ਬੂਤ ਖੇਤੀ ਆਰਥਿਕਤਾ ਸੀ ਅਤੇ ਜੰਗਲਾਂ ਵਿਚ ਬਨਸਪਤੀ ਅਤੇ ਜੀਵਾਂ ਦੀ ਭਰਮਾਰ ਸੀ। ਅਸਮ ਦੀ ਘਾਟੀ ਦੇ ਲੱਖਾਂ ਸਾਲ ਪੁਰਾਣੀ ਮਹਾਨ ਭਾਰਤੀ ਸੱਭਿਅਤਾ ਨਾਲ ਲੰਮੇ ਸਮੇਂ ਤੋਂ ਮਿਥਿਹਾਸਕ ਅਤੇ ਇਤਿਹਾਸਕ ਸੰਬੰਧ ਸਨ। ਮਹਾਂਭਾਰਤ ਵਿਚ ਪ੍ਰਾਗਜਯੋਤਿਸ਼ਪੁਰਾ, ਸੋਨਿਤਪੁਰਾ ਦਾ 'ਓਖਾ-ਹਾਰਨ' ਵਿਚ ਜ਼ਿਕਰ ਹੈ। 1947 ਵਿਚ ਹੋਈ ਵੰਡ ਨੇ ਇਸ ਖਿੱਤੇ ਦੀ ਆਰਥਿਕਤਾ 'ਤੇ ਡੂੰਘੀ ਸੱਟ ਮਾਰੀ। ਇਸ ਨੇ ਖਿੱਤੇ ਨੂੰ ਅਲਗ-ਥਲਗ ਕਰ ਦਿਤਾ, ਕੁਦਰਤੀ ਆਵਾਜਾਈ ਦੇ ਰਸਤੇ ਬੰਦ ਕਰ ਦਿਤੇ ਅਤੇ ਬਾਜ਼ਾਰ ਨਾਲੋਂ ਪਹੁੰਚ ਵੀ ਤੋੜ ਦਿਤੀ। ਮਿਸਾਲ ਦੇ ਤੌਰ ਤੇ, ਬੰਗਲਾਦੇਸ਼ ਰਾਹੀਂ ਕੋਲਕਾਤਾ ਤੋਂ ਅਗਰਤਲਾ ਸਿਰਫ਼ 300 ਕਿਲੋਮੀਟਰ ਹੈ ਪਰ 'ਚੂਚੇ ਦੀ ਗਰਦਨ' ਜ਼ਰੀਏ ਇਹ ਲਗਭਗ 1800 ਕਿਲੋਮੀਟਰ ਹੈ ਅਤੇ ਸੜਕ ਰਾਹੀਂ ਇਥੇ ਪਹੁੰਚਣ ਲਈ 40 ਘੰਟੇ ਤੋਂ ਵੱਧ ਦਾ ਸਮਾਂ ਲਗਦਾ ਹੈ। ਭੂ-ਰਾਜਨੀਤਕ ਕਾਰਨਾਂ ਨੇ ਮਿਯਾਂਮਾਰ ਰਾਹੀਂ ਪੂਰਬੀ ਲਾਂਘੇ ਨੂੰ ਬੰਦ ਕਰ ਦਿਤਾ ਹੈ। ਜਿਸ ਨੂੰ ਆਸੀਆਨ (ਏ ਐੱਸ ਈ ਏ ਐੱਨ) ਕਿਹਾ ਜਾਂਦਾ ਹੈ। ਪੂਰਬੀ ਪਾਕਿਸਤਾਨ ਦੇ ਹੋਂਦ ਵਿਚ ਆਉਣ ਕਰਕੇ ਬ੍ਰਹਮਪੁੱਤਰ ਅਤੇ ਸੁਰਮਾ ਦੇ ਮਹਾਨ ਪਾਣੀ ਵਾਲੇ ਰਸਤੇ ਬੰਦ ਹੋ ਗਏ। ਹੁਣ ਵੀ ਲਾਂਘਾ ਖੋਲ੍ਹਿਆ ਨਹੀਂ ਗਿਆ। ਚਿਟਾਗਾਂਗ, ਜੋ ਉੱਤਰ ਪੂਰਬੀ ਖੇਤਰ ਦੀ ਕੁਦਰਤੀ ਬੰਦਰਗਾਹ ਸੀ, ਨੂੰ ਬੰਦ ਕਰ ਦਿਤਾ ਗਿਆ। ਇਨ੍ਹਾਂ ਸਾਰੇ ਪੱਖਾਂ ਨੇ ਉੱਤਰ-ਪੂਰਬੀ ਖਿੱਤੇ ਦੀ ਅਰਥਵਿਵਸਥਾ ਨੂੰ ਢਾਂਚਾਗਤ ਨੁਕਸਾਨ ਪਹੁੰਚਾਇਆ। ਸਾਬਕਾ ਬੰਗਾਲ ਰਾਜ, ਜਿਸ ਨੂੰ ਬਾਅਦ ਵਿਚ ਪੂਰਬੀ ਪਾਕਿਸਤਾਨ ਆਖਿਆ ਗਿਆ, ਤੋਂ ਵੱਖ-ਵੱਖ ਸਮਿਆਂ ਵਿਚ ਲੋਕਾਂ ਦੀ ਵੱਡੇ ਪੱਧਰ 'ਤੇ ਆਮਦ ਹੋਈ।

ਇਸ ਨਾਲ ਵਿਸ਼ਾਲ ਨਸਲੀ ਝਗੜੇ, ਅਸ਼ਾਂਤੀ ਅਤੇ ਆਬਾਦੀ ਵਿਚ ਅਸੰਤੁਲਨ ਪੈਦਾ ਹੋਏ।

ਕੋਈ ਵੀ ਦੇਸ਼ ਆਪਣੇ ਸਾਰੇ ਖਿੱਤਿਆਂ ਦੀ ਸਮੂਹਿਕ ਤਰੱਕੀ ਬਿਨਾਂ ਉੱਨਤੀ ਨਹੀ ਕਰ ਸਕਦਾ। ਇਸ ਖਿੱਤੇ ਦੀ ਸਮਰਥਾ, ਵਿਸ਼ੇਸ਼ ਲੋੜਾਂ ਅਤੇ ਸਰਕਾਰੀ ਨਿਵੇਸ਼ ਦੇ ਖ਼ਾਸ ਪੱਧਰਾਂ ਦੀ ਲੋੜ ਨੂੰ ਪਛਾਣਿਆ ਗਿਆ, ਉੱਤਰ-ਪੂਰਬੀ ਰਾਜਾਂ ਨੂੰ ਵਿਸ਼ੇਸ਼ ਵਰਗ ਦੇ ਰਾਜਾਂ ਦਾ ਦਰਜਾ ਦਿਤਾ ਗਿਆ ਹੈ ਅਤੇ ਇਨ੍ਹਾਂ ਰਾਜਾਂ ਨੂੰ ਪਿਛਲੇ ਮਾਲੀ ਸਾਲ ਤਕ ਕੇਂਦਰੀ ਯੋਜਨਾ ਸਹਾਇਤਾ 90:10 (ਗ੍ਰਾਂਟ:ਕਰਜ਼ਾ) ਦੀਆਂ ਉਦਾਰ ਸ਼ਰਤਾਂ 'ਤੇ ਦਿਤੀ ਜਾਂਦੀ ਸੀ। ਕੁੱਲ ਬਜਟ ਸਹਾਇਤਾ ਦਾ 10 ਪ੍ਰਤਿਸ਼ਤ ਕੁਝ ਮੰਤਰਾਲਿਆਂ ਜਿਵੇਂ ਐੱਸ ਐਂਡ ਟੀ, ਡੀ ਓ ਐੱਸ, ਡੀ ਓ ਓ ਡੀ ਆਦਿ ਨੂੰ ਛੱਡ ਕੇ, ਇਸ ਖੇਤਰ ਵਿਚ ਖਰਚਣਾ ਜ਼ਰੂਰੀ ਹੈ। ਇਸ ਨੂੰ ਕੁਝ ਸਾਲਾਂ ਪਿਛੋਂ ਨਾ ਖਤਮ ਹੋਣ ਵਾਲੀ ਸਹਾਇਤਾ ਬਣਾ ਦਿਤਾ ਗਿਆ ਅਤੇ ਉੱਤਰ-ਪੂਰਬੀ ਰਾਜਾਂ ਦੇ ਵਿਕਾਸ ਲਈ ਇਕ ਨਵੇਂ ਮੰਤਰਾਲੇ ਦਾ ਗਠਨ ਕੀਤਾ ਗਿਆ। ਹਰੇਕ ਸਰਕਾਰ ਵਲੋਂ ਨੀਤੀਆਂ ਵਿਚ ਪਰਿਵਰਤਨ ਨਹੀਂ ਕੀਤਾ ਗਿਆ। ਇਨ੍ਹਾਂ ਨੀਤੀਆਂ ਕਰਕੇ ਪਿਛਲੇ ਡੇਢ ਦਹਾਕੇ ਅੰਦਰ ਪੈਸੇ ਦੀ ਵੱਡੇ ਪੱਧਰ 'ਤੇ ਆਮਦ ਹੋਈ ਹੈ। ਮੌਜੂਦਾ ਸਮੇਂ ਲਗਭਗ 250,000 ਕਰੋੜ ਰੁਪਏ ਦੀ ਲਾਗਤ ਵਾਲਾ ਸੜਕਾਂ ਅਤੇ ਪੁਲਾਂ ਦਾ ਨਿਰਮਾਣ ਦਾ ਕੰਮ ਚੱਲ ਰਿਹਾ ਹੈ (ਪੂਰਬ-ਪੱਛਮ ਲਾਂਘਾ, ਰਾਜਧਾਨੀ ਨੂੰ ਜੋੜਦੀਆਂ ਸੜਕਾਂ, ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਯੋਜਨਾ, ਅੰਤਰ-ਅਰੁਣਾਚਲ ਰਾਜ ਮਾਰਗ, ਬੋਗੀਬੀਲ ਪੁਲ, ਚੋਈਖੋਵਾ ਪੁਲ ਆਦਿ), 28,000 ਕਰੋੜ ਰੁਪਏ ਦੇ ਰੇਲ ਪ੍ਰਾਜੈਕਟ (ਉੱਤਰੀ ਬੈਂਕ ਵਿਚ ਮਰਕੋਨ-ਗਸਲੇਕ ਅਤੇ ਦੱਖਣੀ ਹਿੱਸੇ ਵਿਚ ਅਗਰਤਲਾ, ਇੰਫਾਲ-ਜਿਰੀਬਾਮ, ਨਾਹਾਰਲੋਗੁਨ-ਹਰਮੁਤੀ ਆਦਿ) ਵਿਚ ਚੋੜੀ ਰੇਲ ਪਟੜੀ ਦਾ ਬਦਲਨਾ, 220,000 ਐੱਮ ਟੀ ਪੀ ਏ ਅਸਮ ਗੈਸ ਕ੍ਰੈਕਰ ਪ੍ਰਾਜੈਕਟ ਆਦਿ। ਪ੍ਰਾਹੁਣਚਾਰੀ ਅਤੇ ਸਿਹਤ ਸੰਭਾਲ ਦੇ ਖੇਤਰਾਂ ਵਿਚ ਵੀ ਚੰਗਾ ਕੰਮ ਹੋ ਰਿਹਾ ਹੈ। ਸਿਰਫ਼ ਗੁਹਾਟੀ ਵਿਚ ਹੀ 6 ਪੰਜ ਤਾਰਾ ਹੋਟਲਾਂ ਦਾ ਨਿਰਮਾਣ ਹੋ ਰਿਹਾ ਹੈ। ਰੈਡੀਸਨ ਬਲੂ ਨੇ ਪਹਿਲਾਂ ਹੀ ਕੰਮ ਕਰਨਾ ਸ਼ੁਰੂ ਕਰ ਦਿਤਾ ਹੈ।

ਖਿੱਤੇ ਦੀ ਆਰਥਿਕਤਾ ਜ਼ਿਆਦਾ ਸਵੈ-ਨਿਰਭਰਤਾ ਵਾਲੀ ਹੈ। ਉਤਪਾਦਨ ਦਾ ਵਪਾਰੀਕਰਨ ਲੋਕਾਂ ਦੀ ਸੋਚ ਨਾਲ ਮੇਲ ਨਹੀ ਖਾਂਦਾ। ਇਸ ਕਰਕੇ ਵਪਾਰਕ ਵਤੀਰੇ ਦੀ ਕਮੀ ਦੀ ਪ੍ਰਬਲ ਭਾਵਨਾ ਹੈ। ਐਡਵਰਡ ਗੇਟ ਆਪਣੀ ਕਿਤਾਬ 'ਦਿ ਹਿਸਟਰੀ ਆਫ਼ ਅਸਮ' ਇਨ 1905 ਵਿਚ ਬ੍ਰਹਮਪੁੱਤਰ ਘਾਟੀ ਦੇ 'ਸੁੱਤੇ ਖੋਖਲੇਪਨ' ਬਾਰੇ ਗੱਲ ਕਰਦਿਆਂ ਅਥਾਹ ਕੁਦਰਤੀ ਸਰਮਾਏ ਅਤੇ ਹੁੰਮਸ ਭਰੇ ਮੌਸਮ ਬਾਰੇ ਕਹਿੰਦਾ ਹੈ ਜਿਸ ਨਾਲ ਵਸਨੀਕ ਸੁਸਤ ਅਤੇ ਘੱਟ ਉੱਦਮੀ ਬਣ ਜਾਂਦੇ ਹਨ। ਪਰ, ਵਿਸ਼ਵੀਕਰਨ ਬਦਲਦੇ ਆਰਥਿਕ ਹਾਲਾਤ ਅਤੇ ਬਦਲਾਅ ਦੀਆਂ ਹਵਾਵਾਂ ਨੇ ਉੱਤਰ-ਪੂਰਬੀ ਖਿੱਤੇ ਨੂੰ ਆਪਣੀ ਲਪੇਟ ਵਿਚ ਲੈ ਲਿਆ ਹੈ। ਮਜ਼ਬੂਤ ਕੁਦਰਤੀ ਅਤੇ ਮਨੁੱਖੀ ਸਰੋਤ ਦਾ ਆਧਾਰ ਹੋਣ ਕਰਕੇ, ਭਾਰਤ ਦੇ ਉੱਤਰ-ਪੂਰਬੀ ਖਿੱਤੇ ਵਿਚ ਸੱਨਅਤੀ ਤਰੱਕੀ ਦੀਆਂ ਅਸੀਮ ਸੰਭਾਵਨਾਵਾਂ ਹਨ। ਇਸ ਖਿੱਤੇ ਨੂੰ ਭਾਰਤ ਸਰਕਾਰ ਦੀ 'ਪੂਰਬ ਵੱਲ ਦੇਖੋ' ਨੀਤੀ ਤਹਿਤ 'ਪੂਰਬੀ ਦੁਆਰ' ਮੰਨਿਆ ਗਿਆ ਹੈ। ਇਸ ਨੇ ਉੱਤਰ-ਪੂਰਬੀ ਖਿੱਤੇ ਨੂੰ ਹੋਰ ਜ਼ਿਆਦਾ ਮਹੱਤਵਪੂਰਨ ਅਤੇ ਰਣਨੀਤਕ ਬਣਾ ਦਿਤਾ ਹੈ। ਖਿੱਤੇ ਦੀਆਂ ਸੈਰ-ਸਪਾਟੇ ਦੀਆਂ ਸੰਭਾਵਨਾਵਾਂ ਨੂੰ ਤਲਾਸ਼ਣ ਲਈ, ਭਾਰਤ ਦੇ ਸੈਰ-ਸਪਾਟਾ ਵਿਭਾਗ ਵਲੋਂ ਇਸ ਨੂੰ 'ਅਣਖੋਜੇ ਸਵਰਗ' ਵਜੋਂ ਪ੍ਰਚਾਰਿਆ ਜਾ ਰਿਹਾ ਹੈ। ਇਸ ਖਿੱਤੇ ਨੂੰ ਹੋਰ ਚੁਣੌਤੀਆਂ ਸਵੀਕਾਰ ਕਰਨ ਅਤੇ ਚੀਨ, ਦੱਖਣੀ ਪੂਰਬੀ ਏਸ਼ਿਆਈ ਦੇਸ਼ਾਂ ਅਤੇ ਪੈਸੇਫਿਕ ਵਲੋਂ ਪੇਸ਼ ਕੀਤੇ ਮੌਕਿਆਂ ਦਾ ਫ਼ਾਇਦਾ ਚੁੱਕਣ ਲਈ ਕਮਰ ਕੱਸਣੀ ਹੋਵੇਗੀ ਜੋ ਕੁੱਝ ਸਮਾਂ ਬਾਅਦ ਇਸ ਦੀਆਂ ਸਰਹੱਦਾਂ ਰਾਹੀਂ ਖੁੱਲ੍ਹ ਜਾਵੇਗਾ। ਪਹਿਲਾਂ ਹੀ ਪੂਰਬ-ਪੱਛਮ ਲਾਂਘੇ ਨੂੰ ਆਸੀਆਨ ਸ਼ਾਹਰਾਹ ਨੰਬਰ-1 ਦਾ ਨਾਮ ਦਿਤਾ ਜਾ ਚੁੱਕਾ ਹੈ ਅਤੇ ਸੰਪਰਕ ਨੂੰ ਦਰਸਾਉਣ ਲਈ ਕਾਰ ਰੈਲੀਆਂ ਦਾ ਆਯੋਜਨ ਕੀਤਾ ਗਿਆ ਹੈ।

ਇਸ ਖਿੱਤੇ ਦੀਆਂ ਵੱਡੀਆਂ ਸੱਨਅਤਾਂ ਵਿਚ ਖਣਿਜ ਆਧਾਰਿਤ, ਰਸਾਇਣ ਅਤੇ ਪਲਾਸਟਿਕ ਆਧਾਰਿਤ, ਜੰਗਲ ਆਧਾਰਿਤ, ਕੱਪੜਾ, ਇੰਜਨੀਅਰਿੰਗ ਅਤੇ ਗ਼ੈਰ-ਰਵਾਇਤੀ ਉਦਯੋਗ ਅਤੇ ਸੇਵਾਵਾਂ ਸ਼ਾਮਿਲ ਹਨ। ਉੱਤਰ-ਪੂਰਬ ਖਿੱਤੇ ਦੇ ਸੰਗਠਿਤ ਉਦਯੋਗਾਂ ਵਿਚ ਚਾਹ, ਪੈਟਰੋਲੀਅਮ, ਕਾਗਜ਼, ਸੀਮਿੰਟ, ਪਲਾਈਵੁੱਡ,, ਕੋਲਾ, ਪਟਸਨ, ਖੰਡ, ਖਾਦਾਂ ਆਦਿ ਸ਼ਾਮਿਲ ਹਨ। ਉੱਤਰ-ਪੂਰਬ ਸੱਨਅਤੀ ਨਿਵੇਸ਼ ਅਤੇ ਉੱਨਤੀ, 2007 ਦੀ ਵਿਆਪਕ ਨੀਤੀ ਜੋ ਸਿਰਫ਼ ਉੱਤਰ-ਪੂਰਬੀ ਰਾਜਾਂ ਲਈ ਹੈ, ਨੇ ਇਸ ਖਿੱਤੇ ਵਿਚ ਤੇਜ਼ ਅਤੇ ਵੱਡੀ ਪੱਧਰ 'ਤੇ ਸੱਨਅਤੀ ਵਿਕਾਸ ਨੂੰ ਹੁਲਾਰਾ ਦਿਤਾ ਹੈ, ਜਿਸ ਵਿਚ ਨਾ ਕੇਵਲ ਵੱਡੇ, ਸਗੋਂ ਛੋਟੇ ਅਤੇ ਦਰਮਿਆਨੇ ਉਦਯੋਗ ਅਤੇ ਸੇਵਾ ਖੇਤਰ, ਜਿਵੇਂ ਪ੍ਰਾਹੁਣਚਾਰੀ ਸੱਨਅਤ ਅਤੇ ਸੈਰ-ਸਪਾਟਾ, ਆਈ ਟੀ, ਆਈ ਟੀ ਈ ਐਸ, ਸਿਹਤ ਸੰਭਾਲ ਖੇਤਰ ਆਦਿ ਵੀ ਸ਼ਾਮਿਲ ਹਨ। ਇਸ ਨੀਤੀ ਵਲੋਂ ਮੁਹੱਈਆ ਕਰਵਾਏ ਕੁਝ ਪ੍ਰਮੁੱਖ ਫ਼ਾਇਦੇ ਹੇਠ ਲਿਖੇ ਅਨੁਸਾਰ ਹਨ :

- ਪਲਾਂਟ ਅਤੇ ਮਸ਼ੀਨਰੀ 30 ਪ੍ਰਤਿਸ਼ਤ ਤੇ ਵਧੀ ਹੋਈ ਪੂੰਜੀ ਨਿਵੇਸ਼ ਸਬਸਿਡੀ ਜੋ ਵੱਧ ਤੋਂ ਵੱਧ 1.5 ਕਰੋੜ ਰੁਪਏ ਹੋ ਸਕਦੀ ਹੈ।
- ਦਰਮਿਆਨੇ ਅਤੇ ਵੱਡੇ ਪ੍ਰਾਜੈਕਟਾਂ ਲਈ ਉੱਚ ਤਾਕਤੀ ਕਮੇਟੀ ਵਲੋਂ ਮਨਜ਼ੂਰੀ ਮਿਲਣ 'ਤੇ 30 ਕਰੋੜ ਰੁਪਏ ਤਕ ਦੀ ਸਬਸਿਡੀ ਜਿਸ ਵਿਚ ਰੁਜ਼ਗਾਰ ਪੈਦਾ ਕਰਨ ਦੀਆਂ ਵੱਡੀਆਂ ਸੰਭਾਵਨਾਵਾਂ ਹਨ।
- ਸੰਚਾਲਿਤ ਪੂੰਜੀ ਵਿਆਜ 'ਤੇ 3.5 ਪ੍ਰਤਿਸ਼ਤ ਸਬਸਿਡੀ।
- ਵਿਆਪਕ ਬੀਮਾ ਨੀਤੀ।
- ਕੇਂਦਰੀ ਮਾਲ ਭਾੜਾ ਸਬਸਿਡੀ ਸਕੀਮ।
- ਆਬਕਾਰੀ ਅਤੇ ਆਮਦਨ ਕਰ 'ਤੇ 10 ਸਾਲਾਂ ਲਈ ਛੋਟ।

ਪਰ, ਇਸ ਨੀਤੀ ਤਹਿਤ ਨਵਾਂ ਪੰਜੀਕਰਨ ਦਸੰਬਰ, 2014 ਤੋਂ ਮੁਅੱਤਲ ਹੈ। ਭਾਰਤ ਸਰਕਾਰ ਤੋਂ ਇਕ ਪੁਨਰਗਠਿਤ ਨੀਤੀ ਲੈ ਕੇ ਆਉਣ ਦੀ ਆਸ ਹੈ ਤਾਂ ਕਿ ਚੋਰ ਮੋਰੀਆਂ ਨੂੰ ਭਰਿਆ ਜਾ ਸਕੇ। ਭਾਵੇਂ ਕਿ ਇਸ ਖਿੱਤੇ ਵਿਚ ਸੱਨਅਤਾਂ ਸਥਾਪਤ ਕਰਨ ਦੀਆਂ ਸੰਭਾਵਨਾਵਾਂ ਮੌਜੂਦ ਹਨ, ਵੱਖ-ਵੱਖ ਕਾਰਨਾਂ ਕਰਕੇ ਸੱਨਅਤੀਕਰਨ ਹਾਲੇ ਵੀ ਬਹੁਤ ਪਿੱਛੇ ਚੱਲ ਰਿਹਾ ਹੈ। ਇਨ੍ਹਾਂ ਵਿਚੋਂ ਇਕ ਕਾਰਨ ਨਵੀਂ ਸੱਨਅਤ ਸ਼ੁਰੂ ਕਰਨ ਵੇਲੇ ਉੱਦਮੀਆਂ ਨੂੰ ਪੇਸ਼ ਆਉਣ ਵਾਲੀਆਂ ਸਮੱਸਿਆਵਾਂ ਹਨ। ਜ਼ਮੀਨ ਪ੍ਰਾਪਤੀ, ਊਰਜਾ ਦੀ ਉਪਲਬਧਤਾ, ਆਵਾਜਾਈ, ਸਾਜ਼-ਸਾਮਾਨ, ਜ਼ਾਮਨੀ ਮੁਕਤ ਰਿਣ, ਕਰਜ਼ਾ ਵੰਡ, ਹੁਨਰਮੰਦ ਕਾਮੇ, ਬਾਜ਼ਾਰ ਦਾ ਨੈੱਟਵਰਕ ਅਤੇ ਕਰਾਂ ਦੇ ਮੁੱਦਿਆਂ ਦੇ ਰੂਪ ਵਿਚ ਅੜਚਨਾਂ ਪੇਸ਼ ਆਉਂਦੀਆਂ ਹਨ।

ਉੱਤਰ-ਪੂਰਬੀ ਖਿੱਤੇ ਵਿਚ ਸੰਭਾਵਨਾਵਾਂ ਅਤੇ ਮਜਬੂਰੀਆਂ ਦੇ ਮੱਦੇਨਜ਼ਰ ਸੱਨਅਤਾਂ ਸ਼ੁਰੂ ਕਰਨ

ਬਾਰੇ ਸੰਖੇਪ ਜਾਣਕਾਰੀ ਦਿਤੀ ਜਾ ਰਹੀ ਹੈ ਅਤੇ ਕੁਝ ਸੁਝਾਅ ਵੀ ਦਿਤੇ ਗਏ ਹਨ। ਕਿਸੇ ਵੀ ਸੱਨਅਤੀ ਵਰਗ ਵਿਚ ਉਦਯੋਗ ਸ਼ੁਰੂ ਕਰਨਾ ਇਕ ਪ੍ਰਕਿਰਿਆ ਹੈ। ਉੱਤਰ-ਪੂਰਬੀ ਖਿੱਤੇ ਦੇ ਉੱਦਮੀ ਇਸ ਸੰਦਰਭ ਵਿਚ ਮੁੱਖ ਤੌਰ ਤੇ ਇਨ੍ਹਾਂ ਪ੍ਰਮੁੱਖ ਪੱਖਾਂ ਨੂੰ ਧਿਆਨ ਵਿਚ ਰੱਖਦੇ ਹਨ:

- *ਵਪਾਰਕ ਯੋਜਨਾ ਦੀ ਤਿਆਰੀ :* ਵਪਾਰਕ ਯੋਜਨਾ ਆਮ ਤੌਰ ਤੇ ਉੱਦਮੀ ਵਲੋਂ ਖ਼ੁਦ ਤਿਆਰ ਕੀਤੀ ਜਾਣੀ ਚਾਹੀਦੀ ਹੈ। ਇਸ ਯੋਜਨਾ ਵਿਚ : 1) ਪ੍ਰਬੰਧਨ ਦਾ ਰੇਖਾ ਚਿੱਤਰ (ਨਿਵੇਸ਼ਕਾਂ ਦੇ ਨਾਮ, ਯੋਗਤਾ ਅਤੇ ਉਦਯੋਗਿਕ ਤਜਰਬਾ, 2) ਵਪਾਰ ਦੀ ਕਿਸਮ, 3) ਨਵੇਂ ਵਪਾਰ ਦੇ ਛੋਟੇ ਅਤੇ ਲੰਮੇ ਸਮੇਂ ਦੇ ਉਦੇਸ਼, 4) ਮਾਲੀ ਜ਼ਰੂਰਤਾਂ, 5) ਬਜਟ ਵੰਡ, 6) ਬਾਜ਼ਾਰ ਦਾ ਮੁੱਲੰਕਣ (ਬਾਜ਼ਾਰੀਕਰਨ, ਵਿੱਕਰੀ ਦੀ ਪੇਸ਼ੀਨਗੋਈ, ਖੱਪੇ ਦਾ ਮੁੱਲੰਕਣ, ਕੀਮਤਾਂ ਅਤੇ ਨੌਕਰੀ ਮਿਲਣਾ), 7) ਵਾਤਾਵਰਣਿਕ ਪ੍ਰਭਾਵ, 8) ਉਤਪਾਦ/ਸੇਵਾ ਦੀ ਗੁਣਵੱਤਾ ਯਕੀਨੀ ਬਣਾਉਣ ਲਈ ਗੁਣਵੱਤਾ ਨਿਯੰਤ੍ਰਣ ਦੇ ਉਪਾਅ, 9) ਮਾਲੀ ਯੋਜਨਾਵਾਂ ਜਿਨ੍ਹਾਂ ਵਿਚ ਸੰਭਾਵਿਤ ਲਾਭ ਅਤੇ ਨੁਕਸਾਨ ਦੀ ਸਟੇਟਮੈਂਟ ਅਤੇ ਨਗਦੀ ਵੀ ਆਮਦ ਦੀ ਸਟੇਟਮੈਂਟ ਸ਼ਾਮਿਲ ਹੋਣੇ, 10) ਉਪਲਬਧ ਮਨੁੱਖੀ ਸਰੋਤ ਅਤੇ ਸੰਸਥਾ ਦਾ ਚਾਰਟ-ਕੇ ਅਨੁਪਾਤਕ ਮੁੱਲੰਕਣ (ਬੀ ਈ ਪੀ, ਡੀ ਐੱਸ ਸੀ ਆਰ, ਆਈ ਆਰ ਆਰ ਐੱਲ) ਅਤੇ ਸੰਵੇਦਨਸ਼ੀਲ ਮੁੱਲੰਕਣ।

*ਵਪਾਰਕ ਸੰਸਥਾ ਦੀ ਕਿਸਮ ਚੁਣਨਾ*

ਵਪਾਰ ਦੀ ਠੀਕ ਕਿਸਮ ਦੀ ਚੋਣ ਬਹੁਤ ਅਹਿਮ ਹੈ ਕਿਉਂਕਿ ਇਹ ਉੱਦਮੀ ਦੀ ਤਾਕਤ, ਨਿਯੰਤ੍ਰਣ, ਜੋਖ਼ਮ ਅਤੇ ਜ਼ਿੰਮੇਵਾਰੀ ਤੇ ਲਾਭ ਅਤੇ ਹਾਨੀਆਂ ਦੀ ਵੰਡ ਨਿਰਧਾਰਤ ਕਰਦੀ ਹੈ। ਵਪਾਰਕ ਸੰਸਥਾ ਦੀ ਚੋਣ ਮੁੱਖ ਤੌਰ ਤੇ ਵਪਾਰ ਦੀ ਕਿਸਮ, ਸੰਚਾਲਨ ਦੀ ਪੱਧਰ, ਮਾਲਕਾਂ ਦੁਆਰਾ ਇੱਛਤ ਨਿਯੰਤ੍ਰਣ ਦੀ ਮਾਤਰਾ, ਸੰਗਠਨ ਲਈ ਲੋੜੀਂਦੀ ਪੂੰਜੀ ਦੀ ਮਾਤਰਾ ਅਤੇ ਵਪਾਰ ਨੂੰ ਚਲਾਉਣਾ, ਜੋਖ਼ਮ ਅਤੇ ਦੇਣਦਾਰੀਆਂ ਦੀ ਮਾਤਰਾ ਅਤੇ ਮਾਲਕਾਂ ਦੀ ਕਰ ਦੇਣਦਾਰੀ ਨੂੰ ਝੱਲਣ ਦੀ ਇੱਛਾ ਜਿਹੇ ਮੁੱਦਿਆਂ ਨੂੰ ਧਿਆਨ ਵਿਚ ਰੱਖ ਕੇ ਕੀਤੀ ਜਾਂਦੀ ਹੈ। ਦੇਸ਼ ਦੇ ਇਸ ਭਾਗ ਵਿਚ ਵਪਾਰਕ ਸੱਨਅਤਾਂ ਦੀਆਂ ਪ੍ਰਮੁੱਖ ਕਿਸਮਾਂ ਵਿਚ ਇਕੱਲੀ ਮਾਲਕੀ, ਭਾਈਵਾਲੀ, ਸਹਿਕਾਰਤਾ, ਨਿੱਜੀ ਅਤੇ ਜਨਤਕ ਲਿਮਟਿਡ ਕੰਪਨੀ, ਹਿੰਦੂ ਅਣਵੰਡਿਆ ਪਰਿਵਾਰ ਵਪਾਰ (ਐੱਚ ਯੂ ਐੱਫ), ਸੀਮਤ ਦੇਣਦਾਰੀ ਭਾਈਵਾਲੀ (ਐੱਲ ਐੱਲ ਪੀ) ਅਤੇ ਸੋਸਾਇਟੀ ਆਦਿ ਸ਼ਾਮਿਲ ਹਨ।

- *ਵਪਾਰ ਦਾ ਨਾਮਕਰਨ ਤੇ ਪੰਜੀਕਰਨ :* ਕਿਸੇ ਵੀ ਉੱਦਮ ਦਾ ਨਾਮਕਰਨ ਅਤੇ ਪੰਜੀਕਰਨ, ਵਪਾਰਕ ਸੰਸਥਾ ਦੀ ਕਿਸਮ ਨੂੰ ਵੇਖਦਿਆਂ, ਵੱਖ-ਵੱਖ ਐਕਟਾਂ ਤਹਿਤ ਪ੍ਰਚਲਿਤ ਨੇਮਾਂ ਅਤੇ ਕਾਨੂੰਨਾਂ ਤਹਿਤ ਕੀਤਾ ਜਾਂਦਾ ਹੈ।

- *ਉਤਪਾਦ ਜਾਂ ਸੇਵਾ ਦੀ ਚੋਣ ਕਰਨਾ :* ਕਿਸੇ ਉਤਪਾਦ ਜਾਂ ਸੇਵਾ ਦੀ ਚੋਣ ਕਰਨਾ ਇਕ ਹੋਰ ਅਹਿਮ ਫ਼ੈਸਲਾ ਹੈ। ਅਜਿਹਾ ਉਤਪਾਦਾਂ ਵਾਸਤੇ ਬਾਜ਼ਾਰ ਦੇ ਆਕਾਰ ਅਤੇ ਢਾਂਚਾ, ਭਵਿੱਖੀ ਮੰਗ ਪੱਧਤੀ, ਬਾਜ਼ਾਰ ਵਿਚ ਮੁਕਾਬਲੇ ਦੀ ਸਥਿਤੀ, ਹਰੇਕ ਉਤਪਾਦ ਦੇ ਜੀਵਨ ਚੱਕਰ ਦਾ ਰੇਖਾਂਕਨ, ਕੱਚਾ ਮਾਲ ਅਤੇ ਤਕਨਾਲੋਜੀ ਮਿਲਣ ਦੀ ਸੌਖ ਆਦਿ ਪੱਖਾਂ ਨੂੰ ਧਿਆਨ ਵਿਚ ਰੱਖ ਕੇ ਕੀਤਾ ਜਾਂਦਾ ਹੈ।

- *ਉਦਯੋਗ ਵਾਸਤੇ ਸਥਾਨ ਦੀ ਚੋਣ :* ਵਪਾਰ ਦਾ ਸਥਾਨ ਸਭ ਤੋਂ ਅਹਿਮ ਪੱਖ ਹੈ ਜੋ ਇਸ ਦੀ ਸਫਲਤਾ ਜਾਂ ਅਸਫਲਤਾ 'ਤੇ ਅਸਰ ਪਾਉਂਦਾ ਹੈ। ਇਹ ਦੀਰਘਕਾਲੀ ਫ਼ੈਸਲਾ ਹੁੰਦਾ ਹੈ ਜਿਸ ਵਿਚ ਨਾ ਕੇਵਲ ਸੰਸਥਾ ਦੀਆਂ ਮੌਜੂਦਾ ਲੋੜਾਂ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ ਪਰ ਇਸ ਦੇ ਭਵਿੱਖ ਵਿਚ ਫੈਲਾਅ ਦੀਆਂ ਯੋਜਨਾਵਾਂ 'ਤੇ ਵੀ ਗੌਰ ਕੀਤਾ ਜਾਂਦਾ ਹੈ। ਸਥਾਨ ਦੀ ਚੋਣ ਨੂੰ ਪ੍ਰਭਾਵਤ ਕਰਨ ਵਾਲੇ ਕੁਝ ਪੱਖਾਂ ਵਿਚ ਲੋੜੀਂਦੇ ਕੱਚੇ ਮਾਲ ਦੀ ਉਪਲਬਧਤਾ, ਲੋੜੀਂਦੇ ਮਜ਼ਦੂਰਾਂ ਦੀ ਉਪਲਬਧਤਾ, ਉਤਪਾਦ ਬਾਜ਼ਾਰ ਦੀ ਨੇੜਤਾ, ਆਵਾਜਾਈ ਦੀ ਸਹੂਲਤ ਅਤੇ ਸੰਚਾਰ ਸਹੂਲਤਾਂ, ਊਰਜਾ ਅਤੇ ਤੇਲ ਦੀ ਢੁਕਵੀਂ ਪੂਰਤੀ ਅਤੇ ਉਤਪਾਦ ਕਿਸਮਾਂ 'ਤੇ ਆਧਾਰਿਤ ਵਾਤਵਰਣਿਕ ਪੱਖ ਸ਼ਾਮਿਲ ਹਨ।

- *ਢਾਂਚਾ ਸਥਾਪਤ ਕਰਨਾ :* ਵਪਾਰ ਸ਼ੁਰੂ ਕਰਨ ਲਈ ਬੁਨਿਆਦੀ ਢਾਂਚਾ ਸਹੂਲਤਾਂ ਸਥਾਪਤ ਕਰਨਾ ਅਗਲਾ ਅਹਿਮ ਪੜਾਅ ਹੈ। ਸੱਨਅਤ ਦੀ ਸਥਿਰਤਾ ਸਥਾਪਤ ਕੀਤੇ ਗਏ ਢਾਂਚੇ ਦੀ ਗੁਣਵੱਤਾ ਅਤੇ ਅਮਲ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੀ ਹੈ।

- *ਪ੍ਰਕਿਰਿਆ, ਕੱਚਾ ਮਾਲ, ਮਸ਼ੀਨਰੀ ਅਤੇ ਸਾਮਾਨ ਪ੍ਰਾਪਤ ਕਰਨਾ :* ਅਗਲਾ ਮਹੱਤਵਪੂਰਨ ਕਦਮ ਉਤਪਾਦਾਂ ਵਾਸਤੇ ਢੁਕਵੀਂ ਤਕਨਾਲੋਜੀ ਅਤੇ ਸਾਮਾਨ ਦੀ ਚੋਣ ਹੈ। ਇਸ ਦੇ ਨਾਲ ਹੀ, ਕੱਚੇ ਮਾਲ ਦੇ ਸਰੋਤ ਦਾ ਵੀ ਫ਼ੈਸਲਾ ਕਰਨਾ ਹੁੰਦਾ ਹੈ। ਇਹ ਸਾਰੀਆਂ ਜ਼ਰੂਰਤਾਂ ਜਾਂ ਤਾਂ ਘਰੇਲੂ ਸਰੋਤਾਂ ਤੋਂ ਜਾਂ ਫਿਰ ਨਿਰਯਾਤ ਰਾਹੀਂ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ ਜੋ ਸਰਕਾਰ ਦੀਆਂ ਨਿਯਮਨ ਦੀਆਂ ਲੋੜਾਂ ਪੂਰੀਆਂ ਕਰ ਕੇ ਕੀਤੀ ਜਾ ਸਕਦੀ ਹੈ।

- *ਉਤਪਾਦ ਦੀ ਕੀਮਤ ਤੈਅ ਕਰਨਾ :* ਕਿਸੇ ਉਤਪਾਦ ਦੀ ਕੀਮਤ ਨਿਰਧਾਰਤ ਕਰਨਾ ਸਭ ਤੋਂ ਔਖਾ ਕੰਮ ਹੈ ਕਿਉਂਕਿ ਇਹ ਉਤਪਾਦ ਦੀ ਵਿੱਕਰੀ ਦੀ ਮਾਤਰਾ ਅਤੇ ਫਰਮ ਦੇ ਮੁਨਾਫ਼ੇ ਨੂੰ ਪ੍ਰਭਾਵਤ ਕਰਦਾ ਹੈ। ਫਰਮ ਵਲੋਂ ਕੀਮਤ ਨਿਰਧਾਰਨ ਕਰਨ ਵੇਲੇ ਲਾਗਤ, ਮੁਨਾਫ਼ੇ ਦੇ ਟੀਚੇ, ਮੁਕਾਬਲੇਬਾਜ਼ੀ ਅਤੇ ਉਤਪਾਦ ਦੀ ਮੰਨੀ ਗਈ ਕੀਮਤ ਜਿਹੇ ਪੱਖਾਂ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ।

- *ਵਪਾਰ ਵਾਸਤੇ ਵਿੱਤ ਦਾ ਪ੍ਰਬੰਧ :* ਇਕ ਵਿੱਤੀ ਯੋਜਨਾ ਤਿਆਰ ਕੀਤੇ ਜਾਣ ਦੀ ਜ਼ਰੂਰਤ ਹੁੰਦੀ ਹੈ ਜੋ ਵਿੱਤ, ਵਿੱਤ ਪ੍ਰਬੰਧਨ ਦੇ ਸਰੋਤ ਅਤੇ ਫ਼ੰਡ ਦੀ ਵਰਤੋਂ ਦੀਆਂ ਲੋੜਾਂ ਦੀ ਸੂਚਕ ਹੁੰਦੀ ਹੈ। ਵਪਾਰ ਸ਼ੁਰੂ ਕਰਨ ਲਈ ਵਿੱਤੀ ਯੋਜਨਾਬੰਦੀ ਫਰਮ ਨੂੰ ਲੋੜੀਂਦੀ ਕੁੱਲ ਪੂੰਜੀ ਦੀ ਅਨੁਮਾਨ ਨਾਲ ਸ਼ੁਰੂ ਹੁੰਦੀ ਹੈ ਜੋ ਇਸ ਦੀਆਂ ਵੱਖ-ਵੱਖ ਲੋੜਾਂ ਲਈ ਚਾਹੀਦੀ ਹੈ।

- *ਮਨੁੱਖੀ ਸਰੋਤਾਂ ਦਾ ਪ੍ਰਬੰਧਨ :* ਮਨੁੱਖੀ ਸਰੋਤਾਂ ਦਾ ਪ੍ਰਬੰਧਨ ਬਹੁਤ ਅਹਿਮ ਹੈ ਕਿਉਂਕਿ ਇਹ ਕਿਸੇ ਵੀ ਸੱਨਅਤ ਦੇ ਸਭ ਤੋਂ ਮਹੱਤਵਪੂਰਨ ਅਸਾਸੇ ਹੁੰਦੇ ਹਨ। ਜਿਹੜੇ ਮਹੱਤਵਪੂਰਨ ਪੱਖਾਂ ਨੂੰ ਇਸ ਵਾਸਤੇ ਧਿਆਨ ਵਿਚ ਰੱਖਿਆ ਜਾਂਦਾ ਹੈ ਉਨ੍ਹਾਂ ਵਿਚ ਨਵ-ਨਿਯੁਕਤ ਕਰਮਚਾਰੀਆਂ ਵਾਸਤੇ ਦਿਸ਼ਾ-ਨਿਰਦੇਸ਼ ਅਤੇ ਜਾਣ-ਪਛਾਣ ਦਾ ਪ੍ਰੋਗਰਾਮ ਯੋਜਨਾਬਧ ਅਤੇ ਵਿਗਿਆਨਕ ਸਿਖਲਾਈ, ਕਰਮਚਾਰੀਆਂ ਲਈ ਲਾਭ ਅਤੇ ਕੰਮ-ਜੀਵਨ ਦਾ ਸੰਤੁਲਨ ਸ਼ਾਮਿਲ ਹੈ।

## ਉੱਤਰ-ਪੂਰਬੀ ਰਾਜਾਂ ਵਿਚ ਸ਼ੁਰੂਆਤ ਦੀਆਂ ਮਜਬੂਰੀਆਂ

ਭਾਵੇਂ ਕਿ ਅਨੁਦਾਨ ਸਬਸਿਡੀਆਂ ਅਤੇ ਵੰਡ ਦੇ ਰੂਪ ਵਿਚ ਉੱਤਰ-ਪੂਰਬੀ ਖਿੱਤੇ ਵਿਚ ਸ਼ੁਰੂਆਤ ਨੂੰ ਅਸਾਨ ਕਰਨ ਲਈ ਬਹੁਤ ਸਾਰੀਆਂ

ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹਨ, ਭਵਿੱਖੀ ਉੱਦਮੀ ਹਾਲੇ ਵੀ ਵੱਖ-ਵੱਖ ਮੁਸ਼ਕਿਲਾਂ ਕਰਕੇ ਸੱਨਅਤਾਂ ਸ਼ੁਰੂ ਕਰਨ ਵਿਚ ਔਖ ਮਹਿਸੂਸ ਕਰ ਰਹੇ ਹਨ।

• *ਵਪਾਰਕ ਯੋਜਨਾਬੰਦੀ ਅਤੇ ਅਗਵਾਈ-ਲੀਹਾਂ ਸਹੂਲਤਾਂ ਦੀ ਘਾਟ :* ਇਨ੍ਹਾਂ ਵਿਚੋਂ ਸਭ ਤੋਂ ਅਹਿਮ ਇਕ ਚੰਗੀ ਵਪਾਰਕ ਯੋਜਨਾ ਦੀ ਅਸਫਲਤਾ ਹੈ। ਯੋਜਨਾਬੰਦੀ ਕਿਸੇ ਵੀ ਸਫਲ ਉੱਦਮ ਦੇ ਖ਼ਾਕੇ ਵਜੋਂ ਕੰਮ ਕਰਦੀ ਹੈ। ਪਰ, ਇਸ ਖਿੱਤੇ ਦੇ ਉੱਦਮੀਆਂ ਨੂੰ ਇਕ ਚੰਗੀ ਯੋਜਨਾ ਹੱਥ ਨਹੀਂ ਲਗਦੀ ਜਿਸ ਦਾ ਕਾਰਨ ਵਪਾਰਕ ਯੋਜਨਾਬੰਦੀ ਮਾਰਗ-ਦਰਸ਼ਨ ਸਹੂਲਤਾਂ ਦੀ ਘਾਟ ਹੈ।

• *ਵਿੱਤ ਤਕ ਪਹੁੰਚ ਦੀ ਕਮੀ :* ਇਸ ਖਿੱਤੇ ਦੇ ਉੱਦਮੀਆਂ ਦਾ ਕਮਜ਼ੋਰ ਵਿੱਤ ਆਧਾਰ ਉਨ੍ਹਾਂ ਨੂੰ ਸੱਨਅਤਾਂ ਅੱਧ-ਵਿਚਾਲੇ ਛੱਡਣ ਲਈ ਮਜਬੂਰ ਕਰਦਾ ਹੈ। ਅਢੁਕਵੀ ਵਪਾਰਕ ਯੋਜਨਾਬੰਦੀ ਕਰਕੇ ਸਥਿਤੀ ਹੋਰ ਵੀ ਗੰਭੀਰ ਹੋ ਜਾਂਦੀ ਹੈ ਜਿਸ ਨਾਲ ਬੈਂਕਾਂ ਅਤੇ ਦੂਜੇ ਵਿੱਤੀ ਅਦਾਰਿਆਂ ਤੋਂ ਮਾਲੀ ਸਹਾਇਤਾ ਪ੍ਰਾਪਤ ਕਰਨ ਦੇ ਮੌਕੇ ਸੀਮਤ ਹੋ ਜਾਂਦੇ ਹਨ।

• *ਆਮ ਲੋਕਾਂ ਵਿਚਾਲੇ ਉੱਦਮੀ ਜਾਗਰੂਕਤਾ ਅਤੇ ਭਾਵਨਾ ਦੀ ਕਮੀ :* ਇਕ ਦੂਜੀ ਵੱਡੀ ਚੁਣੌਤੀ ਜੋ ਇਸ ਖਿੱਤੇ ਵਿਚ ਸੱਨਅਤਾਂ ਦੀ ਸ਼ੁਰੂਆਤ ਅਤੇ ਵਿਕਾਸ ਵਿਚ ਰੋੜਾ ਅਟਕਾਅ ਰਹੀ ਹੈ, ਉਹ ਹੈ ਆਮ ਲੋਕਾਂ ਵਿਚਾਲੇ ਉੱਦਮੀ ਜਾਗਰੂਕਤਾ ਅਤੇ ਭਾਵਨਾ ਦੀ ਕਮੀ। ਇਸ ਖਿੱਤੇ ਦੇ ਲੋਕਾਂ ਦਾ ਸਰਕਾਰੀ ਨੌਕਰੀਆਂ ਪਿੱਛੇ ਭੱਜਣ ਅਤੇ ਉੱਦਮੀ ਪੇਸ਼ੇ ਨੂੰ ਸਭ ਤੋਂ ਅਖੀਰ ਵਿਚ ਰੱਖਣ ਦਾ ਰੁਝਾਨ ਸਪੱਸ਼ਟ ਹੈ।

• *ਤਕਨਾਲੋਜੀ ਅਤੇ ਪੇਸ਼ਾਵਰ ਹੁਨਰ ਦੇ ਨਾਲ ਆਧੁਨਿਕ ਤਕਨਾਲੋਜੀ ਦੀ ਅਣਹੋਂਦ :* ਤੀਜਾ, ਨਵੀਂ ਤਕਨਾਲੋਜੀ ਦੀ ਅਣਹੋਂਦ ਅਤੇ ਨਾਲ ਹੀ ਤਕਨੀਕੀ ਅਤੇ ਪੇਸ਼ਾਵਰ ਹੁਨਰ ਦੀ ਅਣਹੋਂਦ ਇਸ ਖਿੱਤੇ ਵਿਚ ਸੱਨਅਤੀ ਇਕਾਈਆਂ ਸ਼ੁਰੂ ਕਰਨ ਦੇ ਰਸਤੇ ਵਿਚ ਵੱਡੀ ਰੁਕਾਵਟ ਪੈਦਾ ਕੀਤੀ ਹੈ। ਹੋਰ, ਪਹਾੜਾਂ ਵਿਚ ਸੱਨਅਤਾਂ ਲਈ ਉਪਲਬਧ ਤਕਨਾਲੋਜੀ ਦੀ ਚੋਣ ਬਹੁਤ ਸੀਮਤ ਹੈ। ਵੇਲਾ ਵਿਹਾ ਚੁੱਕੀ ਤਕਨਾਲੋਜੀ ਦੀ ਵਰਤੋਂ ਅਤੇ ਨਿੱਜੀ ਹੁਨਰ 'ਤੇ ਲੋੜ ਤੋਂ ਜ਼ਿਆਦਾ ਨਿਰਭਰਤਾ ਉਦਯੋਗਿਕ ਢਿੱਲੀ ਸਿਹਤ ਲਈ ਮੁੱਖ ਜ਼ਿੰਮੇਵਾਰ ਕਾਰਨ ਹਨ।

• *ਨਾਕਾਫ਼ੀ ਬਾਜ਼ਾਰੀਕਰਨ ਤੰਤਰ :* ਇਸ ਖਿੱਤੇ ਦੀਆਂ ਸੱਨਅਤਾਂ ਦੇ ਬਾਜ਼ਾਰ ਨੂੰ ਪ੍ਰਭਾਵਤ ਕਰਨ ਵਾਲਾ ਨਾਕਾਫ਼ੀ ਬਾਜ਼ਾਰੀਕਰਨ ਤੰਤਰ ਇਕ ਵੱਡਾ ਪੱਖ ਹੈ, ਖ਼ਾਸ ਕਰਕੇ ਐੱਮ ਐੱਸ ਐੱਮ ਈ ਖੇਤਰ ਵਿਚ। ਵਪਾਰ ਅਤੇ ਸੱਨਅਤ ਦੇ ਮੁੱਖ ਕੇਂਦਰਾਂ ਤੋਂ ਇਸ ਖੇਤਰ ਦੀ ਅਲਹਿਦਗੀ, ਮਸ਼ੀਨਾਂ ਨਾਲ ਬਣੀਆਂ ਤਿਆਰ ਵਸਤੂਆਂ ਤੋਂ ਮੁਕਾਬਲੇ-ਬਾਜ਼ੀ, ਨਾਕਾਫ਼ੀ ਆਰਥਿਕ ਤੇ ਭੌਤਿਕ ਢਾਂਚਾ ਅਤੇ ਉੱਦਮੀਆਂ ਦਰਮਿਆਨ ਜਾਗਰੂਕਤਾ ਦੀ ਕਮੀ ਨੇ ਖਿੱਤੇ ਵਿਚ ਐੱਮ ਐੱਸ ਐੱਮ ਈ ਦੇ ਵਿਕਾਸ ਨੂੰ ਖ਼ਤਰੇ ਵਿਚ ਪਾ ਦਿਤਾ ਹੈ।

• *ਨਾਕਾਫ਼ੀ ਸਹਾਇਕ ਤੰਤਰ :* ਅਖ਼ੀਰ ਵਿਚ, ਨਾਕਾਫ਼ੀ ਸਹਾਇਕ ਤੰਤਰ ਇਸ ਖਿੱਤੇ ਵਿਚ ਨਵੇਂ ਉਦਯੋਗ ਸਥਾਪਤ ਕਰਨ ਦੇ ਰਸਤੇ ਵਿਚ ਵੱਡੀ ਰੁਕਾਵਟ ਸਾਬਤ ਹੋਇਆ ਹੈ ਜਿਸ ਦੇ ਸਿੱਟੇ ਵਜੋਂ ਸੱਨਅਤੀ ਵਿਕਾਸ ਵੀ ਪ੍ਰਭਾਵਤ ਹੋਇਆ ਹੈ। ਦੇਸ਼ ਦੇ ਇਸ ਭਾਗ ਵਿਚ ਸੱਨਅਤੀ ਸਹਾਇਤਾ ਤੰਤਰ ਦੀ ਵਿਸ਼ੇਸ਼ਤਾ ਟੂਲ ਰੂਮ, ਮੁਰੰਮਤ ਦੀਆਂ ਦੁਕਾਨਾਂ ਅਤੇ ਗੁਣਵੱਤਾ ਨਿਯੰਤ੍ਰਣ ਪ੍ਰਣਾਲੀਆਂ ਦੀਆਂ ਸਹੂਲਤਾਂ ਦੀ ਘਾਟ ਹੈ। ਇਸ ਕਰਕੇ ਮਾੜੀ ਗੁਣਵੱਤਾ ਵਾਲੇ ਉਤਪਾਦ ਅਤੇ ਸੇਵਾਵਾਂ ਦਾ ਨਿਰਮਾਣ ਹੋ ਰਿਹਾ ਹੈ।

ਇਨ੍ਹਾਂ ਤੋਂ ਬਿਨਾਂ, ਚੰਗੀ ਪ੍ਰਬੰਧਕੀ ਟੀਮ ਦੀ ਕਮੀ ਅਤੇ ਵਪਾਰ ਦੇ ਮਾੜੇ ਨਮੂਨੇ ਦੂਸਰੀਆਂ ਰੁਕਾਵਟਾਂ ਹਨ ਜੋ ਸੱਨਅਤਾਂ ਦੀ ਸਫਲ ਸ਼ੁਰੂਆਤ ਵਿਚ ਰੁਕਾਵਟ ਬਣ ਰਹੀਆਂ ਹਨ।

ਇਸ ਤਰ੍ਹਾਂ, ਸੱਨਅਤੀ ਵਿਕਾਸ ਨੂੰ ਉੱਚ ਉਤਪਾਦਨ ਅਤੇ ਰੁਜ਼ਗਾਰ ਪੈਦਾ ਕਰਨ ਦੇ ਸੰਦਰਭ ਵਿਚ ਵੇਖਿਆ ਜਾਣਾ ਚਾਹੀਦਾ ਹੈ। ਬਹੁ-ਆਯਾਮੀ ਦ੍ਰਿਸ਼ਟੀਕੋਣ, ਸੱਨਅਤੀ ਵਿਕਾਸ ਜਿਸ ਦਾ ਅਹਿਮ ਅੰਗ ਹੈ, ਨੂੰ ਗਰੀਬੀ ਅਤੇ ਪਛੜੇਪਨ ਦੀਆਂ ਸਮੱਸਿਆਵਾਂ ਦੇ ਹੱਲ ਲਈ ਅਪਣਾਏ ਜਾਣ ਦੀ ਲੋੜ ਹੈ।

• *ਖਿੱਤੇ ਵਿਚ ਸੱਨਅਤੀਕਰਨ ਦੀਆਂ ਸੰਭਾਵਨਾਵਾਂ :* ਉੱਤਰ-ਪੂਰਬੀ ਖਿੱਤੇ ਵਿਚ ਸੱਨਅਤੀ ਵਿਕਾਸ ਦੀਆਂ ਅਸੀਮ ਸੰਭਾਵਨਾਵਾਂ ਹਨ। ਸੱਨਅਤੀ ਵਿਕਾਸ ਨੂੰ ਉੱਤਸਾਹਿਤ ਕਰਨ ਲਈ ਇਸ ਖਿੱਤੇ ਕੋਲ ਹੇਠ ਲਿਖੇ ਫ਼ਾਇਦੇ ਹਨ:

1) ਪੇਂਡੂ ਜਨਸੰਖਿਆ ਦਾ ਵੱਡਾ ਭਾਗ।

2) ਆਮਦਨ ਦੇ ਸਰੋਤ ਲਈ ਖੇਤੀਬਾੜੀ 'ਤੇ ਵੱਡੀ ਨਿਰਭਰਤਾ।

3) ਸੰਭਾਵਤ ਸਰਗਰਮੀਆਂ ਜਿਵੇਂ ਚਾਹ ਉਤਪਾਦਨ, ਮੱਛੀ ਪਾਲਣ, ਆਰਥਿਕ ਜੰਗਲਾਤ, ਪਸ਼ੂਧਨ, ਹੱਥ-ਖੱਡੀ ਅਤੇ ਦਸਤਕਾਰੀ ਹਾਲੇ ਵੀ ਬਹੁਤਿਆਂ ਲਈ ਆਰਥਿਕ ਸੁਰੱਖਿਆ ਦੀ ਦੂਜੀ ਰੇਖਾ ਵਜੋਂ ਕੰਮ ਕਰ ਰਹੇ ਹਨ।

ਔਰਤ ਉਦਮੀਆਂ ਤੋਂ ਬਿਨਾਂ ਸੇਵਾ ਖੇਤਰ ਵਿਚ ਵੀ ਹਾਂ-ਪੱਖੀ ਰੁਝਾਨ ਵੇਖਣ ਨੂੰ ਮਿਲਿਆ ਹੈ। ਇਹ ਇਸ ਖਿੱਤੇ ਵਿਚ ਚੱਲ ਰਹੇ ਸਿਹਤ ਸੰਭਾਲ, ਕਲਿਆਣ, ਵਸਤਰ, ਹੋਟਲ ਅਤੇ ਰੈਸਤਰਾਂ, ਮੁਰੰਮਤ ਦੇ ਕੰਮ ਆਦਿ ਸੇਵਾਵਾਂ ਦੀ ਵਧ ਰਹੀ ਗਿਣਤੀ ਤੋਂ ਸਪੱਸ਼ਟ ਹੈ। ਸੈਰ-ਸਪਾਟਾ, ਆਈ ਟੀ, ਆਈ ਟੀ ਈ ਐੱਸ, ਜੈਵਿਕ ਖੇਤੀ, ਬਾਗ਼ਬਾਨੀ, ਰਬੜ, ਮਸਾਲੇ, ਪਾਣੀ, ਪਰਿਵਹਿਨ, ਉਸਾਰੀ, ਪਣ-ਬਿਜਲੀ, ਪ੍ਰਾਹੁਣਚਾਰੀ ਅਤੇ ਸਿਹਤ ਸੰਭਾਲ ਜਿਹੇ ਖੇਤਰਾਂ ਵਿਚ ਤਰੱਕੀ ਦਾ ਰੁਝਾਨ ਹੈ। ਵਿਲੱਖਣ ਸੱਭਿਆਚਾਰਕ ਅਤੇ ਨਸਲੀ ਵਿਭਿੰਨਤਾ ਦੇ ਨਾਲ ਖੇਤਰ ਵਿਚਲੇ ਧੂਹ ਪਾਉਣ ਵਾਲੇ ਸੈਰਸਪਾਟਾ ਸਥਾਨਾਂ ਕਰਕੇ ਸੈਰਸਪਾਟਾ ਖੇਤਰ ਵਿਚ ਆਪਾਰ ਸੰਭਾਵਨਾਵਾਂ ਹਨ। ਇਹ ਖੇਤਰ ਸਮਾਜਿਕ ਅਤੇ ਆਰਥਿਕ ਲਾਭ ਪੈਦਾ ਕਰਨ ਦਾ ਇਕ ਸਰੋਤ ਹੈ। ਇਸ ਖੇਤਰ ਦੇ ਵਿਕਾਸ ਨਾਲ ਹੱਥ-ਖੱਡੀ, ਹਸਤਕਲਾ ਅਤੇ ਰੇਸ਼ਮ ਦੇ ਕੀੜੇ ਪਾਲਣ ਦੇ ਖੇਤਰ ਦੇ ਵਿਕਾਸ ਵਿਚ ਭਰਪੂਰ ਮਦਦ ਮਿਲੇਗੀ ਅਤੇ ਨਾਲ ਹੀ ਆਵਾਜਾਈ ਅਤੇ ਸੰਚਾਰ ਪ੍ਰਣਾਲੀ ਖਿੱਤੇ ਵਿਚ ਬੇਹਤਰ ਹੋ ਜਾਵੇਗੀ। ਹੋਰ, 'ਪੂਰਬ ਵੱਲ ਦੇਖੋ' ਨੀਤੀ ਜਾਰੀ ਹੋਣ ਨਾਲ ਪ੍ਰਾਹੁਣਚਾਰੀ ਅਤੇ ਸਿਹਤ ਸੰਭਾਲ ਖੇਤਰ ਵਿਚ ਵੀ ਉਭਾਰ ਆਵੇਗਾ। ਕੁੱਝ ਛੋਟੇ ਦਰਜੇ ਦੇ ਅਤੇ ਘਰੇਲੂ ਉਦਯੋਗ ਜਿਵੇਂ ਬੈਂਤ ਅਤੇ ਬਾਂਸ ਖੇਤਰ, ਹੱਥ-ਖੱਡੀ ਅਤੇ ਮਿੱਟੀ ਦੇ ਭਾਂਡੇ/ਪੱਕੀ ਮਿੱਟੀ ਦੇ ਬਰਤਨਾਂ ਦੇ ਖੇਤਰ ਵਿਚ, ਸਰਕਾਰ ਅਤੇ ਸੰਬੰਧਿਤ ਏਜੰਸੀਆਂ ਵਲੋਂ ਉਠਾਏ ਕਦਮਾਂ ਨਾਲ ਵਿਕਾਸ ਦਾ ਰੁਝਾਨ ਨਜ਼ਰ ਆ ਰਿਹਾ ਹੈ। ਪਰ, ਜ਼ਿਆਦਾ ਸੱਨਅਤੀ ਅਦਾਰੇ ਮਹਿਸੂਸ ਕਰਦੇ ਹਨ ਕਿ ਕੱਚਾ ਮਾਲ ਮਿਲਣ ਤਕ ਪਹੁੰਚ, ਕੱਚੇ ਮਾਲ ਦੀ ਉੱਚ ਲਾਗਤ, ਤਕਨੀਕ ਅਤੇ ਰੂਪਰੇਖਾ ਵਿਚ ਨਿਵੇਸ਼ ਦੀ ਕਮੀ ਅਤੇ ਬਾਜ਼ਾਰੀਕਰਨ ਦੀ ਕਮੀ ਜਿਹੀਆਂ ਸਮੱਸਿਆਵਾਂ ਨਾਲ ਨਜਿੱਠਣ ਦੀ ਲੋੜ ਹੈ ਤਾਂ ਕਿ

***ਬਾਕੀ ਸਫ਼ਾ 33 ਉੱਤੇ***

## ਦਵਾਈ-ਸਾਖਰਤਾ ਉੱਦਮ ਦੀ ਸ਼ੁਰੂਆਤ

'ਫਾਰਮਾ ਜਨ ਸਮਾਧਾਨ' – ਜੋ ਦਵਾਈਆਂ ਦੀ ਕੀਮਤ ਅਤੇ ਉਪਲਬਧਤਾ ਸੰਬੰਧੀ ਖਪਤਕਾਰਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਇਕ ਵੈੱਬ ਆਧਾਰਿਤ ਪ੍ਰਣਾਲੀ ਹੈ, ਹਾਲ ਹੀ ਵਿਚ ਇਸ ਦੀ ਸ਼ੁਰੂਆਤ ਕੀਤੀ ਗਈ ਹੈ। ਨੈਸ਼ਨਲ ਫਾਰਮਾ-ਸਿਊਟੀਕਲ ਪ੍ਰਾਈਸਿੰਗ ਅਥਾਰਿਟੀ (ਐੱਨ ਪੀ ਵੀ ਏ) ਵਲੋਂ ਬਣਾਈ ਇਸ ਸਕੀਮ ਦਾ ਉਦੇਸ਼ ਦਵਾਈਆਂ ਦੀ ਉਪਲਬਧਤਾ ਅਤੇ ਕੀਮਤ ਸੰਬੰਧੀ ਸ਼ਿਕਾਇਤਾਂ ਦੇ ਨਿਪਟਾਰੇ ਲਈ ਇਕ ਪ੍ਰਭਾਵੀ ਅਤੇ ਤੇਜ਼ੀ ਨਾਲ ਕੰਮ ਕਰਨ ਵਾਲਾ ਤੰਤਰ ਸਥਾਪਤ ਕਰਨਾ ਹੈ। ਇਹ ਡਰੱਗਜ਼ (ਕੀਮਤ ਨਿਯੰਤ੍ਰਣ) ਆਰਡਰ 2013 ਦੇ ਪ੍ਰਭਾਵੀ ਅਮਲ ਨਾਲ ਖਪਤਕਾਰਾਂ ਦੇ ਹਿੱਤਾਂ ਦੀ ਰੱਖਿਆ ਲਈ ਇਕ ਮਜ਼ਬੂਤ ਈ-ਗਵਰਨੈਂਸ ਯੰਤਰ ਵਜੋਂ ਕੰਮ ਕਰੇਗਾ। 'ਫਾਰਮਾ ਜਨ ਸਮਾਧਾਨ' ਖਪਤਕਾਰਾਂ ਅਤੇ ਦੂਜੇ ਲੋਕਾਂ ਨੂੰ ਦਵਾਈਆਂ ਦੀ ਵੱਧ ਕੀਮਤ ਵਸੂਲਣ, ਦਵਾਈਆਂ ਦੀ ਕਮੀ ਜਾਂ ਗ਼ੈਰ-ਉਪਲਬਧਤਾ, ਐੱਨ ਪੀ ਪੀ ਏ ਦੀ ਅਗਾਊਂ ਪ੍ਰਵਾਨਗੀ ਬਿਨਾਂ ਨਵੀਆਂ ਦਵਾਈਆਂ ਦੀ ਵਿੱਕਰੀ ਅਤੇ ਬਿਨਾਂ ਕਿਸੇ ਠੋਸ ਕਾਰਨ ਦੇ ਵਿੱਕਰੀ ਲਈ ਦਵਾਈ ਪੂਰਤੀ ਤੋਂ ਇਨਕਾਰ ਜਿਹੀਆਂ ਸ਼ਿਕਾਇਤਾਂ ਦੇ ਹੱਲ ਲਈ ਆਨ-ਲਾਈਨ ਸਹੂਲਤਾਂ ਪ੍ਰਦਾਨ ਕਰੇਗਾ। ਐੱਨ ਪੀ ਪੀ ਏ ਸ਼ਿਕਾਇਤ ਮਿਲਣ ਦੇ 48 ਘੰਟੇ ਦੇ ਅੰਦਰ ਇਸ 'ਤੇ ਕਾਰਵਾਈ ਆਰੰਭ ਕਰ ਦੇਵੇਗਾ। ਇਹ ਦਵਾਈ ਸਾਖਰਤਾ ਪਹਿਲਕਦਮੀ ਨਿਯਮਨ ਦੀ ਬਜਾਇ ਸਹੂਲਤ ਦੇਣ ਵਾਲੀ ਜ਼ਿਆਦਾ ਹੋਵੇਗੀ ਜੋ ਲੋਕਾਂ ਅੰਦਰ ਜਾਗਰੂਕਤਾ ਪੈਦਾ ਕਰੇਗੀ। ਇਹ ਕਾਲਾਬਾਜ਼ਾਰੀ, ਨਕਲੀ ਦਵਾਈਆਂ ਅਤੇ ਵਧਾਈਆਂ ਹੋਈਆਂ ਕੀਮਤਾਂ ਖ਼ਿਲਾਫ਼ ਰੋਕ ਦਾ ਕੰਮ ਵੀ ਕਰੇਗੀ।

## ਰੋਟਾਵਾਇਰਸ ਲਈ ਦੇਸ਼ ਵਿਚ ਤਿਆਰ ਦਵਾਈ

ਦੇਸ਼ ਵਿਚ ਵਿਕਸਤ ਅਤੇ ਬਣਾਈ ਪਹਿਲੀ ਰੋਟਾਵਾਇਰਸ ਦਵਾਈ 'ਰੋਟਾਵਿਕ' ਨੂੰ ਪ੍ਰਧਾਨ ਮੰਤਰੀ ਵਲੋਂ ਜਾਰੀ ਕੀਤਾ ਗਿਆ। ਇਸ ਦਵਾਈ ਨਾਲ ਦਸਤਾਂ ਨਾਲ ਸੰਬੰਧਿਤ ਬਾਲ ਮੌਤ ਦਰ ਘਟਾਉਣ ਦੀਆਂ ਕੋਸ਼ਿਸ਼ਾਂ ਵਿਚ ਸਫਲਤਾ ਹੋਣ ਦੀ ਆਸ ਹੈ। ਇਹ ਦਵਾਈ ਵਿਗਿਆਨ ਅਤੇ ਤਕਨਾਲੋਜੀ ਮੰਤਰਾਲਾ, ਅਮਰੀਕੀ ਸਰਕਾਰ ਦੇ ਵਿਭਾਗ ਜਿਵੇਂ ਨੈਸ਼ਨਲ ਇੰਸਟੀਚਿਊਟ ਆਫ਼ ਹੈਲਥ, ਵੱਖ-ਵੱਖ ਸਰਕਾਰੀ ਸੰਸਥਾਨ ਜਿਵੇਂ ਭਾਰਤ ਬਾਇਓਟੈਕ ਇੰਡੀਆ ਲਿਮਟਿਡ, ਭਾਰਤ ਵਿਚਲੇ ਗ਼ੈਰ ਸਰਕਾਰੀ ਸੰਗਠਨ ਅਤੇ ਬਿੱਲ ਤੇ ਮਲਿੰਦਾ ਗੇਟਸ ਫਾਊਂਡੇਸ਼ਨ ਦੇ ਵਿਲੱਖਣ, ਜਨਤਕ-ਨਿੱਜੀ ਭਾਈਵਾਲੀ ਨਮੂਨੇ ਤਹਿਤ ਵਿਕਸਤ ਕੀਤੀ ਗਈ ਹੈ। ਗੇਟਸ ਫਾਊਂਡੇਸ਼ਨ ਅਤੇ ਭਾਰਤ ਬਾਇਓਟੈਕ ਇੰਡੀਆ ਲਿਮਟਿਡ ਨੇ ਉਤਪਾਦ ਵਿਕਸਤ ਅਤੇ ਪਰਖਣ ਵਿਚ ਯੋਗਦਾਨ ਪਾਇਆ ਹੈ ਅਤੇ ਇਸ ਨੂੰ ਸਫਲਤਾ ਸਹਿਤ ਜਾਰੀ ਕਰਨ ਪਿੱਛੇ 25 ਸਾਲਾਂ ਦੀਆਂ ਵਿਸ਼ੇਸ਼ ਕੋਸ਼ਿਸ਼ਾਂ ਦਾ ਹੱਥ ਹੈ। ਪ੍ਰਧਾਨ ਮੰਤਰੀ ਨੇ ਇਸ ਪਹਿਲਕਦਮੀ ਨੂੰ ਭਾਰਤ ਦੀ ਉੱਚ ਪੱਧਰੀ ਖੋਜ ਅਤੇ ਵਿਕਾਸ; ਭਾਰਤ ਵਿਚ ਅਤਿ-ਆਧੁਨਿਕ ਦਵਾਈ ਉਤਪਾਦ ਨਿਰਮਾਣ ਜਿਹੀਆਂ ਸਮਰਥਾਵਾਂ ਅਤੇ ਸਮਾਜਿਕ ਚੁਨੌਤੀਆਂ ਦੇ ਵਾਜਬ ਹੱਲ ਲਈ ਪੀ ਪੀ ਪੀ ਦੇ ਪ੍ਰਭਾਵੀ ਮਾਡਲ ਨੂੰ ਵਡਿਆਇਆ। ਪ੍ਰਧਾਨ ਮੰਤਰੀ ਨੇ ਇਸ ਤੱਥ ਨੂੰ ਵੀ ਉਜਾਗਰ ਕੀਤਾ ਕਿ ਇਹ ਦਵਾਈ ਭਾਰਤ-ਅਮਰੀਕੀ ਮੈਡੀਕਲ ਖੋਜ ਖੇਤਰ ਵਿਚ ਸਾਂਝ ਦੀ ਇਕ ਸਫਲ ਉਦਾਹਰਣ ਹੈ ਜਿਸ ਦਾ ਫ਼ਾਇਦਾ ਆਮ ਨਾਗਰਿਕਾਂ ਨੂੰ ਮਿਲੇਗਾ।

## ਭਾਰਤ ਵਿਚ ਲੜਕੀਆਂ ਦੀ ਸਿੱਖਿਆ ਲਈ ਡਿਜ਼ੀਟਲ ਲਿੰਗ ਨਕਸ਼ਾ ਕਿਤਾਬ

ਕੁੜੀਆਂ ਦੀ ਸਿੱਖਿਆ ਨੂੰ ਉਤਸਾਹਿਤ ਕਰਨ ਲਈ ਮਨੁੱਖੀ ਸਰੋਤ ਮੰਤਰਾਲਾ, ਸਕੂਲ ਸਿੱਖਿਆ ਅਤੇ ਸਾਖਰਤਾ ਵਿਭਾਗ ਵਲੋਂ ਹਾਲ ਹੀ ਵਿਚ ਡਿਜ਼ੀਟਲ ਲਿੰਗ ਨਕਸ਼ੇ ਦੀ ਕਿਤਾਬ ਜਾਰੀ ਕੀਤੀ ਗਈ। ਇਹ ਯੰਤਰ, ਜਿਸ ਨੂੰ ਯੂਨੀਸੇਫ ਦੀ ਮਦਦ ਨਾਲ ਵਿਕਸਤ ਕੀਤਾ ਗਿਆ ਹੈ, ਕੁੜੀਆਂ ਵਾਸਤੇ ਨਿਮਨ ਕਾਰਗੁਜ਼ਾਰੀ ਵਾਲੇ ਇਲਾਕਿਆਂ ਦੀ ਪਛਾਣ ਕਰੇਗਾ, ਖ਼ਾਸ ਕਰਕੇ ਅਤਿ ਪਿਛੜੇ ਸਮੂਹ ਜਿਵੇਂ ਅਨੁਸੂਚਿਤ ਜਾਤੀਆਂ, ਜਨਜਾਤੀਆਂ ਅਤੇ ਮੁਸਲਮਾਨ ਘੱਟ ਗਿਣਤੀਆਂ, ਖ਼ਾਸ ਲਿੰਗ ਸੰਬੰਧਿਤ ਸਿੱਖਿਆ ਦੇ ਸੂਚਕ।

ਇਹ ਨਕਸ਼ੇ ਤਿੰਨ ਸਾਲਾਂ ਦੇ ਨਿੱਜੀ ਲਿੰਗ ਸੰਬੰਧਿਤ ਸੂਚਕਾਂ ਦਾ ਤੁਲਨਾਤਮਕ ਮੁੱਲੰਕਣ ਉਪਲਬਧ ਕਰਵਾਉਂਦੇ ਹਨ ਜਿਸ ਨਾਲ ਪਰਿਵਰਤਨ ਦੀ ਸਪੱਸ਼ਟ ਸਮੀਖਿਆ ਹੋ ਸਕਦੀ ਹੈ ਅਤੇ ਸਮਝ ਬਣ ਸਕਦੀ ਹੈ ਕਿ ਕਿਸੇ ਭੂਗੋਲਿਕ ਖੇਤਰ ਵਿਚ ਸ਼ੁਰੂ ਕੀਤੇ ਕੁੱਝ ਦਖ਼ਲ ਕਿਸੇ ਖ਼ਾਸ ਸਮੇਂ ਕੰਮ ਵਿਚ ਆਏ ਹਨ ਜਾਂ ਨਹੀਂ। ਇਹ ਖੁੱਲ੍ਹੇ ਸਰੋਤ ਦੇ ਪਲੇਟਫਾਰਮ 'ਤੇ ਉਸਾਰਿਆ ਹੋਇਆ ਹੈ ਜਿਸ ਵਿਚ ਅਧਿਕਾਰਤ ਵਿਅਕਤੀਆਂ ਵਲੋਂ ਅੰਕੜਿਆਂ ਵਿਚ ਸੋਧ ਕਰਨ ਦੀ ਸੰਭਾਵਨਾ ਪਹਿਲਾਂ ਤੋਂ ਹੀ ਮੌਜੂਦ ਹੈ ਤਾਂ ਕਿ ਇਸ ਦੇ ਗਤੀਸ਼ੀਲ ਚਰਿੱਤਰ ਨੂੰ ਬਣਾਈ ਰੱਖਿਆ ਜਾ ਸਕੇ। ਮੌਜੂਦ ਅੰਕੜੇ, ਜਿਵੇਂ ਏਕੀਕ੍ਰਿਤ ਜ਼ਿਲ੍ਹਾ ਸਕੂਲੀ ਸਿੱਖਿਆ ਸੂਚਨਾ (ਯੂ ਡੀ ਆਈ ਐੱਸ ਈ) ਅੰਕੜੇ (2011-14), ਮਰਦਮਸ਼ੁਮਾਰੀ 2011 ਦੇ ਅੰਕੜੇ ਅਤੇ ਜ਼ਿਲ੍ਹਾ ਪੱਧਰੀ ਸਿਹਤ ਸਰਵੇਖਣ (ਡੀ ਐੱਲ ਐੱਚ ਐੱਸ) 2007-08 ਦੀ ਵਰਤੋਂ ਕਰਦਿਆਂ ਇਹ ਐਟਲਸ ਵਰਤੋਂਕਾਰ ਨੂੰ ਭੂਗੋਲਿਕ ਪ੍ਰਤਿਨਿਧਤਾ ਅਤੇ ਸੰਖਿਅਕ ਅੰਕੜਿਆਂ ਵਿਚਾਲੇ ਰਾਜ, ਜ਼ਿਲ੍ਹਾ ਅਤੇ ਮੰਡਲ ਪੱਧਰ 'ਤੇ ਸੰਚਾਲਨ ਕਰਨ ਦੇ ਸਮਰੱਥ ਬਣਾਉਂਦਾ ਹੈ ਅਤੇ ਕੁੜੀਆਂ ਦੀ ਸਿੱਖਿਆ ਲਈ ਪ੍ਰਾਇਮਰੀ, ਉੱਚ ਪ੍ਰਾਇਮਰੀ ਅਤੇ ਸੈਕੰਡਰੀ ਪੱਧਰ ਦੇ ਪ੍ਰਮੁੱਖ ਸੂਚਕਾਂ ਬਾਰੇ ਜਾਣਕਾਰੀ ਦਿੰਦਾ ਹੈ।

ਇਸ ਲਿੰਗ ਨਕਸ਼ੇ ਦਾ ਉਦੇਸ਼ ਬਰਾਬਰੀ ਵਾਲੀ ਸਿੱਖਿਆ ਦੀ ਪਛਾਣ ਕਰਨਾ ਅਤੇ ਯਕੀਨੀ ਬਣਾਉਣਾ ਹੈ ਜਿਸ ਦੇ ਧਿਆਨ ਦਾ ਕੇਂਦਰ ਕਮਜ਼ੋਰ ਕੁੜੀਆਂ ਹੋਣਗੀਆਂ, ਜਿਸ ਵਿਚ ਅਪੰਗ ਲੜਕੀਆਂ ਵੀ ਸ਼ਾਮਿਲ ਹੋਣਗੀਆਂ। ਇਹ ਯਕੀਨੀ ਬਣਾਉਣ ਲਈ ਕਿ ਅਜਿਹਾ ਸੰਭਵ ਹੋ ਸਕੇ, ਲਿੰਗ ਐਟਲਸ ਨੂੰ ਇਕ ਵਿਹਾਰਕ ਯੰਤਰ ਵਜੋਂ ਵੀ ਵਿਕਸਤ ਕੀਤਾ ਗਿਆ ਹੈ ਤਾਂ ਕਿ ਉਨ੍ਹਾਂ ਖੇਤਰਾਂ ਵਿਚ ਅਹਿਮ ਫ਼ੈਸਲੇ ਲਏ ਜਾ ਸਕਣ। ਜਿਥੇ ਅਜਿਹੇ ਖੱਪਿਆਂ ਨੂੰ ਭਰਨਾ ਜ਼ਰੂਰੀ ਹੈ।

## ਯਾਤਰੀ ਸਹੂਲਤ ਵਾਲੀ ਆਨ ਲਾਈਨ ਸੇਵਾ ਦਾ ਆਰੰਭ

ਰੇਲਵੇ ਵਲੋਂ ਯਾਤਰੀ ਸ਼ਿਕਾਇਤ ਵੈੱਬ ਪੋਰਟਲ ਅਤੇ ਮੋਬਾਇਲ ਐਪਲੀਕੇਸ਼ਨ (ਐਂਡਮਾਇਡ ਵਿੰਡੋ ਆਧਾਰਿਤ ਮੋਬਾਈਲ ਐਪ) ਹਾਲ ਹੀ ਵਿਚ ਜਾਰੀ ਕੀਤਾ ਗਿਆ ਹੈ। ਯਾਤਰੀ ਸ਼ਿਕਾਇਤਾਂ/ਸੁਝਾਅ

ਮੋਬਾਈਲ ਐਪ ਰਾਹੀਂ www.coms.indian railways.gov.in'ਤੇ ਦਰਜ ਕਰਵਾ ਸਕਦੇ ਹਨ। ਯਾਤਰੀ ਆਪਣੀਆਂ ਸ਼ਿਕਾਇਤਾਂ ਦੇ ਉਪਰੋਕਤ ਵੈੱਬ ਪੇਜ 'ਤੇ ਵੀ ਦਰਜ ਕਰਾ ਸਕਦੇ ਹਨ। ਸੁਝਾਅ/ਸ਼ਿਕਾਇਤਾਂ ਮੋਬਾਇਲ ਨੰਬਰ +91-9717630982 'ਤੇ ਐੱਸ ਐੱਮ ਐੱਸ ਭੇਜ ਕੇ ਵੀ ਦਰਜ ਕਰਵਾਈਆਂ ਜਾ ਸਕਦੀਆਂ ਹਨ।

## ਤਰੁੱਟੀ ਰਹਿਤ ਚੋਣ ਸੂਚੀਆਂ

ਭਾਰਤ ਦੇ ਚੋਣ ਕਮਿਸ਼ਨ ਵਲੋਂ 'ਰਾਸ਼ਟਰੀ ਚੋਣ ਸੂਚੀ ਸੋਧ ਅਤੇ ਪ੍ਰਮਾਣਿਕਤਾ ਪ੍ਰੋਗਰਾਮ' (ਐੱਨ ਈ ਆਰ ਪੀ ਏ ਪੀ) ਹਾਲ ਹੀ ਵਿਚ ਦੇਸ਼ ਭਰ ਵਿਚ ਸ਼ੁਰੂ ਕੀਤਾ ਗਿਆ ਹੈ। ਇਸ ਪ੍ਰੋਗਰਾਮ ਦੌਰਾਨ, ਚੋਣ ਕਰਤਾਵਾਂ ਦੇ ਈ ਪੀ ਆਈ ਸੀ ਅੰਕੜੇ ਪ੍ਰਮਾਣਿਕਤਾ ਦੇ ਮੰਤਵ ਲਈ ਯੂ ਪੀ ਏ ਆਈ ਦੇ ਆਧਾਰ 'ਤੇ ਭਾਰਤ ਨਾਲ ਜੋੜੇ ਜਾਣਗੇ। ਐੱਨ ਈ ਆਰ ਪੀ ਏ ਪੀ ਦਾ ਮੁੱਖ ਧਿਆਨ ਚੋਣਕਰਤਾਵਾਂ ਦੀਆਂ ਤਸਵੀਰਾਂ ਦੀ ਗੁਣਵੱਤਾ ਨੂੰ ਸੁਧਾਰਨ ਦੇ ਨਾਲ-ਨਾਲ ਗਲਤੀਆਂ ਆਦਿ ਦੀ ਸੁਧਾਈ ਜਿਹੇ ਮੁੱਦਿਆਂ 'ਤੇ ਹੋਵੇਗਾ। ਚੋਣਕਰਤਾਵਾਂ ਨੂੰ ਐੱਸ ਐੱਮ ਐੱਸ, ਈ-ਮੇਲ, ਮੋਬਾਇਲ ਐਪ ਜਾਂ ਨੈਸ਼ਨਲ ਵੋਟਰਜ਼ ਸਰਵਿਸ ਪੋਰਟਲ (ਐੱਨ ਵੀ ਐੱਸ ਪੀ) ਦੁਆਰਾ ਚੋਣ ਕਮਿਸ਼ਨ ਦੀ ਵੈੱਬਸਾਈਟ ਦਾ ਇਸਤੇਮਾਲ ਕਰਕੇ ਆਪਣਾ ਆਧਾਰ ਨੰਬਰ ਭਰ ਸਕਦੇ ਹਨ। ਚੋਣਕਰਤਾ ਰਾਜ ਦੇ ਕਾਲ ਸੈਂਟਰ 'ਤੇ 1950 'ਤੇ ਫ਼ੋਨ ਕਰਕੇ ਜਾਂ ਆਧਾਰ ਨੰਬਰ ਅਤੇ ਈ ਵੀ ਆਈ ਸੀ ਦਾ ਵੇਰਵਾ ਕਾਗ਼ਜ਼ੀ ਰੂਪ ਵਿਚ ਜਮ੍ਹਾਂ ਕਰਵਾ ਕੇ ਵੀ ਆਧਾਰ ਨੰਬਰ ਭਰ ਸਕਦੇ ਹਨ। ਇਸ ਦੇ ਨਾਲ ਹੀ, ਚੋਣ ਪੰਜੀਕਰਨ ਅਫ਼ਸਰ (ਈ ਆਰ ਓ) ਵਲੋਂ, ਵਿਸ਼ੇਸ਼ ਕੈਂਪ ਲਾ ਕੇ, ਵੋਟਰ ਸਹੂਲਤ ਕੇਂਦਰਾਂ, ਈ ਸੇਵਾ ਕੇਂਦਰਾਂ ਅਤੇ ਨਾਗਰਿਕ ਸੇਵਾ ਕੇਂਦਰਾਂ ਰਾਹੀਂ ਵੀ ਆਧਾਰ ਨੰਬਰ ਇਕੱਤਰ ਕਰਕੇ ਭਰੇ ਜਾਣਗੇ। ਬੂਥ ਲੈਵਲ ਅਫ਼ਸਰ (ਬੀ ਐੱਲ ਓ) ਘਰੋ-ਘਰੀ ਸਰਵੇਖਣ ਦੌਰਾਨ ਚੋਣਕਾਰਾਂ ਦੇ ਵੇਰਵੇ ਇਕੱਠੇ ਕਰੇਗਾ। ਚੋਣ ਪੰਜੀਕਰਨ ਅਫ਼ਸਰ ਵਲੋਂ 12.4.2015 ਨੂੰ ਰਾਸ਼ਟਰ ਪੱਧਰ 'ਤੇ ਵਿਸ਼ੇਸ਼ ਕੈਂਪਾਂ ਦਾ ਆਯੋਜਨ ਕੀਤਾ ਜਾਵੇਗਾ। ਐੱਨ ਟੀ ਆਰ ਪੀ ਏ ਪੀ ਤਹਿਤ, ਇਕ ਤੋਂ ਜ਼ਿਆਦਾ ਵੋਟਾਂ ਹੋਣ ਦਾ ਖ਼ੁਲਾਸਾ ਕਰਨ ਦੀ ਸਹੂਲਤ ਪ੍ਰਦਾਨ ਕੀਤੀ ਗਈ ਹੈ। ਇਹ ਯੋਜਨਾ 15 ਅਗਸਤ 2015 ਨੂੰ ਖਤਮ ਹੋ ਜਾਵੇਗੀ।

## ਪੰਜਾਬ ਬਜਟ 2015-16 ਦੀਆਂ ਵਿਸ਼ੇਸ਼ ਝਲਕੀਆਂ

- ਆਤਮ ਹੱਤਿਆਵਾਂ ਤੋਂ ਪੀੜਤ ਕਿਸਾਨ ਪਰਿਵਾਰਾਂ ਲਈ 20 ਕਰੋੜ ਰੁਪਏ।
- 600 ਕਰੋੜ ਰੁਪਏ ਵਾਲੀ ਮੁੱਖ ਮੰਤਰੀ ਦਿਹਾਤੀ ਵਿਕਾਸ ਯੋਜਨਾ ਲਈ।
- ਗੰਨਾ ਉਤਪਾਦਕ ਕਿਸਾਨਾਂ ਲਈ 600 ਕਰੋੜ ਰੁਪਏ।
- ਪੀ ਏ ਯੂ ਲਈ 300 ਕਰੋੜ ਰੁਪਏ।
- ਮੁਸਲਿਮ ਤੇ ਈਸਾਈ ਵਰਗ ਦੇ ਕਬਰਸਤਾਨਾਂ ਲਈ 10 ਕਰੋੜ ਰੁਪਏ।
- ਲਾਵਾਰਿਸ ਗਊਆਂ ਲਈ ਜ਼ਿਲ੍ਹਾ ਪੱਧਰੀ ਗਊਸ਼ਾਲਾਵਾਂ।
- ਬਿਜਲੀ ਸਬਸਿਡੀ ਲਈ 5484 ਕਰੋੜ ਰੁਪਏ।
- ਬੁਢਾਪਾ ਪੈਨਸ਼ਨ ਵਿਚ ਕੋਈ ਵਾਧਾ ਨਹੀਂ ਕੀਤਾ ਗਿਆ ਤੇ ਇਹ 250 ਰੁਪਏ ਹੀ ਰਹੇਗੀ।

### ਅੰਕੜੇ ਬੋਲਦੇ ਹਨ

- ਕੁੱਲ ਬਜਟ 79314 ਕਰੋੜ ਰੁਪਏ (ਯੋਜਨਾ ਤੇ ਗ਼ੈਰ ਯੋਜਨਾਬੱਧ)।
- ਮਾਲੀ ਪ੍ਰਾਪਤੀਆਂ : 46229.24 ਕਰੋੜ ਰੁਪਏ।
- ਮਾਲੀ ਖਰਚ : 52623.20 ਕਰੋੜ ਰੁਪਏ।
- ਆਮਦਨ ਤੇ ਖਰਚ ਵਿਚਲਾ ਖੱਪਾ : 6393.96 ਕਰੋੜ ਰੁਪਏ।
- ਪੰਜਾਬ ਸਰਕਾਰ ਦਾ ਕੁੱਲ ਵਿੱਤੀ ਘਾਟਾ 11895.15 ਕਰੋੜ ਰੁਪਏ।
- ਕੇਂਦਰੀ ਗਰਾਂਟਾਂ ਦਾ ਹਿੱਸਾ : 5075.45 ਕਰੋੜ ਰੁਪਏ।

*ਸਫ਼ਾ 31 ਦੀ ਬਾਕੀ*

ਇਨ੍ਹਾਂ ਸੱਨਅਤਾਂ ਦਾ ਵਿਕਾਸ ਲੀਹ 'ਤੇ ਆ ਸਕੇ। ਇਨ੍ਹਾਂ ਖੇਤਰਾਂ ਲਈ ਫੌਰੀ ਤੌਰ ਤੇ ਕਰਜ਼ੇ ਦੀ ਸਹੂਲਤ ਪ੍ਰਦਾਨ ਕਰਨ ਦੀ ਲੋੜ ਹੈ। ਸਮਰਪਿਤ ਉੱਦਮ ਪੂੰਜੀ ਕੋਸ਼, ਬੈਂਕਾਂ ਅਤੇ ਦੂਜੇ ਵਿੱਤੀ ਸੰਸਥਾਨਾਂ ਤੋਂ ਜ਼ਾਮਨੀ ਰਹਿਤ ਸਮਾਂਬਧ ਕਰਜ਼ਾ ਮਿਲਣ ਅਤੇ ਉੱਦਮੀਆਂ ਵਿਚ ਵਿੱਤੀ ਸਾਖਰਤਾ ਨੂੰ ਵਧਾਉਣ ਜਿਹੀਆਂ ਪਹਿਲਕਦਮੀਆਂ ਵੇਲੇ ਦੀ ਲੋੜ ਹਨ। ਸਸਤਾ ਕੱਚਾ ਮਾਲ ਮੁਹੱਈਆ ਕਰਵਾਉਣਾ, ਕੱਚੇ ਮਾਲ ਦੇ ਭੰਡਾਰ ਸਥਾਪਤ ਕਰਨ ਲਈ ਵੀ ਦਖ਼ਲ ਦੇਣ ਦੀ ਜ਼ਰੂਰਤ ਹੈ। ਵੱਖ-ਵੱਖ ਉਤਪਾਦ, ਰੂਪਰੇਖਾ ਅਤੇ ਆਧੁਨਿਕ ਯੰਤਰਾਂ ਦੀ ਵਰਤੋਂ ਵਿਚ ਲੱਗੇ ਵਰਤਮਾਨ ਕਾਮਿਆਂ ਦੇ ਹੁਨਰ ਦਾ ਵਿਕਾਸ ਇਸ ਖੇਤਰ ਦੀ ਬੇਹਤਰ ਉਤਪਾਦਿਕਤਾ ਯਕੀਨੀ ਬਣਾਉਣਾ ਵੀ ਜ਼ਰੂਰੀ ਹੈ।

ਤਕਨਾਲੋਜੀ ਅਤੇ ਰੂਪਰੇਖਾ ਵਿਚ ਸੁਧਾਰ ਅਤੇ ਬਾਜ਼ਾਰ ਨੂੰ ਵੱਡੀਆਂ ਪ੍ਰਚੂਨ ਲੜੀਆਂ ਨਾਲ ਜੋੜਨ ਨਾਲ ਉਤਪਾਦਿਕਤਾ ਅਤੇ ਖੇਤਰ ਦੀ ਆਮਦਨ 'ਤੇ ਹਾਂ-ਪੱਖੀ ਪ੍ਰਭਾਵ ਪੈ ਸਕਦਾ ਹੈ।

## ਕੁਝ ਨੀਤੀਗਤ ਲੋੜਾਂ

ਇਸ ਵਿਚ ਕੋਈ ਸ਼ੱਕ ਨਹੀਂ ਕਿ ਉੱਤਰ ਪੂਰਬ ਦੀ ਆਰਥਿਕਤਾ ਸੱਨਅਤਾਂ ਦੇ ਵਿਕਾਸ ਦੇ ਪ੍ਰਮੁੱਖ ਧੁਰੇ ਵਜੋਂ ਉੱਭਰ ਰਹੀ ਹੈ, ਜਿਸ ਨਾਲ ਖੇਤਰ ਦੀ ਆਰਥਿਕਤਾ ਵਿਚ ਵੱਡੀ ਹਿੱਸੇਦਾਰੀ ਦਾ ਸ਼ੁਮਾਰ ਹੋਵੇਗਾ। ਖੇਤਰ ਦੀਆਂ ਭੂਗੋਲਿਕ ਅਤੇ ਜਨਸੰਖਿਆ ਸੰਬੰਧੀ ਵਿਸ਼ੇਸ਼ਤਾਈਆਂ ਅਤੇ ਇਸ ਦੇ ਨਾਲ ਹੀ ਖੇਤਰ ਵਿਚ ਉਦਯੋਗਿਕ ਵਿਕਾਸ ਲਈ ਚੁੱਕੇ ਨੀਤੀਗਤ ਕਦਮਾਂ ਦੇ ਫ਼ਾਇਦੇ ਅਸੀਮ ਸੰਭਾਵਨਾਵਾਂ ਪੇਸ਼ ਕਰਦੇ ਹਨ। ਪਰ, ਸਮੇਂ ਦੀ ਲੋੜ ਵਰਤਮਾਨ ਅਤੇ ਨਵੀਆਂ ਸੱਨਅਤਾਂ ਨੂੰ ਪੇਸ਼ ਚੁਣੌਤੀਆਂ 'ਤੇ ਧਿਆਨ ਕੇਂਦਰਿਤ ਕਰਨ ਦੀ ਹੈ। ਨੀਤੀਗਤ ਪਹਿਲਕਦੀਆਂ ਨੂੰ ਮੁੱਖ ਜ਼ਰੂਰਤਾਂ, ਜਿਵੇਂ ਵਪਾਰਕ ਯੋਜਨਾ ਬਣਾਉਣ ਲਈ ਸੰਸਥਾਗਤ ਸਹਾਇਤਾ ਅਤੇ ਸ਼ੁਰੂਆਤ ਸਮੇਂ ਹੱਥ ਫੜਨ, ਸ਼ੁਰੂਆਤ ਸਮੇਂ ਮਿੱਤਰਤਾਪੂਰਨ ਪੂੰਜੀ ਅਤੇ ਸਮਰਥਨ ਦੇਣਾ, ਢੁਕਵੀਂ ਬਾਜ਼ਾਰ ਸਹੂਲਤ ਅਤੇ ਜਾਗਰੂਕਤਾ ਪੈਦਾ ਕਰਨਾ, ਨਵੀਂ ਤਕਨਾਲੋਜੀ ਲਿਆਉਣ ਲਈ ਅਸਾਨ ਸਹੂਲਤਾਂ ਅਤੇ ਤਕਨਾਲੋਜੀ ਤੇ ਪੇਸ਼ਾਵਰ ਹੁਨਰ ਨੂੰ ਵਿਕਸਤ ਕਰਨ ਲਈ ਸਿਖਲਾਈ ਸਹਾਇਤਾ ਆਦਿ ਨੂੰ ਉਜਾਗਰ ਕਰਨ ਦੀ ਲੋੜ ਹੈ।

*(ਲੇਖਕ ਡਾਇਰੈਕਟਰ, ਇੰਡੀਅਨ ਇੰਸਟੀਚਿਊਟ ਆਫ਼ ਐਂਟਰਪਰਿਨਿਉਰਿਸ਼ਿਪ, ਗੁਹਾਟੀ ਹੈ।)*

*e-mail :dasmk2k@gmail.com*

# ਉੱਦਮਸ਼ੀਲਤਾ ਅਤੇ ਰੁਜ਼ਗਾਰ - ਕੁੱਝ ਚੁਨੌਤੀਆਂ

ਜਸਵੰਤ ਸਿੰਘ ਸੈਣੀ

ਅੰਗਰੇਜ਼ੀ ਸ਼ਬਦ ਐਂਟਰਪਰਿਨਿਊਰ ਅਤੇ ਐਂਟਰਪਰਿਨਿਊਰਸ਼ਿਪ ਦਿਮਾਗ਼ ਵਿਚ ਇਕ ਵੱਖਰੀ ਤਰ੍ਹਾਂ ਦੇ ਵਿਅਕਤੀ ਦੀ ਤਸਵੀਰ ਪੇਸ਼ ਕਰਦੇ ਹਨ। ਪੰਜਾਬੀ ਦਾ ਕੋਈ ਵੀ ਸ਼ਬਦ ਉਹੋ ਜਿਹੀ ਪ੍ਰਭਾਵੀ ਤਸਵੀਰ ਪੇਸ਼ ਨਹੀਂ ਕਰਦਾ। ਡਿਕਸ਼ਨਰੀ ਵਿਚ ਇਸ ਸ਼ਬਦ ਦੇ ਤਿੰਨ ਅਰਥ ਦਿਤੇ ਗਏ ਹਨ - ਉੱਦਮਕਰਤਾ, ਉਦਯੋਗਪਤੀ ਅਤੇ ਕਾਰਖ਼ਾਨੇਦਾਰ। ਇਨ੍ਹਾਂ ਤਿੰਨਾਂ ਵਿਚੋਂ ਤਾਂ ਉੱਦਮਕਰਤਾ ਹੀ ਸਭ ਤੋਂ ਢੁੱਕਵਾਂ ਹੈ। ਇਸੇ ਤਰ੍ਹਾਂ ਐਂਟਰਪਰਿਨਿਊਰਸ਼ਿਪ ਦਾ ਅਰਥ 'ਉੱਦਮ' ਉਹ ਸੰਕਲਪ ਪੇਸ਼ ਨਹੀਂ ਕਰਦਾ ਜਿਸ ਦੀ ਸੰਭਾਵਨਾ ਅੰਗਰੇਜ਼ੀ ਸ਼ਬਦ ਵਿਚ ਹੈ। ਸਾਡੀ ਜਾਚੇ ਉੱਦਮ ਨਾਲੋਂ 'ਉੱਦਮਸ਼ੀਲਤਾ' ਜ਼ਿਆਦਾ ਪ੍ਰਭਾਵੀ ਅਤੇ ਸਮਾਵੇਸ਼ੀ ਹੈ।

ਉੱਦਮਕਰਤਾ ਕੌਣ ਹੋ ਸਕਦਾ ਹੈ? ਉੱਦਮਕਰਤਾ ਉਹ ਵਿਅਕਤੀ ਹੈ ਜੋ ਕਿਸੇ ਵਪਾਰਕ ਅਦਾਰੇ ਦੀ ਸਥਾਪਨਾ ਕਰਦਾ (ਉਦਯੋਗ, ਵਪਾਰ ਜਾਂ ਸੇਵਾ ਕੇਂਦਰਿਤ) ਹੈ ਅਤੇ ਉਸ ਵਿਚਲੇ ਖ਼ਤਰੇ ਲਈ ਜ਼ਿੰਮੇਵਾਰੀ ਲੈਂਦਾ ਹੈ। ਸਪੱਸ਼ਟ ਹੋਵੇ ਕਿ 'ਖ਼ਤਰੇ ਦੀ ਜ਼ਿੰਮੇਵਾਰੀ ਲੈਣਾ' 'ਉੱਦਮਕਰਤਾ' ਨੂੰ ਹੋਰ ਕੰਮ ਕਰਨ ਵਾਲਿਆਂ ਤੋਂ ਵੱਖਰਿਆਉਂਦਾ ਹੈ। ਸਾਫ਼ ਹੈ ਕਿ ਹਰ ਕੋਈ ਉੱਦਮਕਰਤਾ ਨਹੀਂ ਹੋ ਸਕਦਾ। ਇਸੇ ਲਈ ਜ਼ਿਆਦਾਤਰ ਲੋਕ ਰੁਜ਼ਗਾਰ ਤਾਂ ਚਾਹੁੰਦੇ ਹਨ ਪਰ ਸਵੈ-ਰੁਜ਼ਗਾਰ ਵਿਚ ਕੋਈ-ਕੋਈ ਹੀ ਪੈਣਾ ਚਾਹੁੰਦਾ ਹੈ। ਸਵੈ-ਰੁਜ਼ਗਾਰ ਉੱਦਮਸ਼ੀਲਤਾ ਦਾ ਮੁੱਢਲਾ ਪੜਾਅ ਹੈ।

ਉੱਦਮਕਰਤਾ ਦੀ ਪਰਿਭਾਸ਼ਾ ਤੋਂ ਹੀ ਅਸੀਂ ਉੱਦਮਸ਼ੀਲਤਾ ਦਾ ਸੰਕਲਪ ਵਿਕਸਤ ਕਰ ਸਕਦੇ ਹਾਂ। ਉੱਦਮਸ਼ੀਲਤਾ ਉਹ ਪ੍ਰਕਿਰਿਆ ਹੈ ਜੋ ਕਿਸੇ ਵਿਚਾਰ ਨੂੰ ਆਰਥਿਕ ਉਪਯੋਗਤਾ ਵਿਚ ਬਦਲਣ ਦੀ ਸਮਰੱਥਾ ਰਖਦੀ ਹੈ। ਅਸਲ ਵਿਚ, ਵਿਚਾਰ ਨੂੰ ਬਦਲਣ ਦੀ ਇਹ ਸਮਰੱਥਾ ਹੀ ਉੱਦਮਸ਼ੀਲਤਾ ਦਾ ਧੁਰਾ ਹੈ। ਉੱਦਮਸ਼ੀਲਤਾ ਸੁਧਾਰ ਅਤੇ ਪਰਿਵਰਤਨ ਦਾ ਉਹ ਸਰੋਤ ਹੈ ਜੋ ਉਤਪਾਦਿਕਤਾ ਅਤੇ ਆਰਥਿਕ ਮੁਕਾਬਲੇਬਾਜ਼ੀ ਵਿਚ ਸੁਧਾਰ ਲਿਆਉਂਦੀ ਹੈ।

ਸਪੱਸ਼ਟ ਹੈ ਕਿ ਕਿਸੇ ਵੀ ਅਰਥਵਿਵਸਥਾ ਦੇ ਵਿਕਾਸ ਲਈ ਉੱਦਮਕਰਤਾ ਅਤੇ ਉਸ ਦੀ ਉੱਦਮਸ਼ੀਲਤਾ ਪਹਿਲੀ ਸ਼ਰਤ ਹੈ। ਉੱਦਮਸ਼ੀਲਤਾ ਅਤੇ ਰੁਜ਼ਗਾਰ ਦਾ ਆਪਸ ਵਿਚ ਗੂੜ੍ਹਾ ਅਤੇ ਅਨਿੱਖੜਵਾਂ ਰਿਸ਼ਤਾ ਹੈ। ਵਿਕਸਤ ਜਾਂ ਵਿਕਾਸਸ਼ੀਲ ਅਰਥਵਿਵਸਥਾ, ਦੋਵਾਂ ਵਿਚ ਇਨ੍ਹਾਂ ਦਾ ਇਕੋ ਜਿਹਾ ਮਹੱਤਵ ਹੈ। ਸ਼ਾਇਦ ਇਸੇ ਲਈ ਸੰਯੁਕਤ ਰਾਸ਼ਟਰ ਦੇ ਉੱਦਮ ਨਾਲ ਜੂਨ 2012 ਵਿਚ ਇਕ ਅੰਤਰਰਾਸ਼ਟਰੀ ਕਿਰਤ ਕਾਨਫ਼ਰੰਸ ਦਾ ਆਯੋਜਨ ਕੀਤਾ ਗਿਆ ਜਿਸ ਵਿਚ 185 ਦੇਸ਼ਾਂ ਦੇ ਪ੍ਰਤਿਨਿਧਾਂ ਨੇ ਭਾਗ ਲਿਆ, ਸਰਕਾਰ ਸਮੇਤ ਹੋਰ ਸੰਬੰਧਿਤ ਲੋਕਾਂ ਨੇ ਵੀ ਹਿੱਸਾ ਲਿਆ ਜਿਵੇਂ ਕਿ ਉਦਯੋਗਪਤੀ, ਵਪਾਰੀ ਅਤੇ ਮਜ਼ਦੂਰ ਸੰਗਠਨ ਆਦਿ। ਇਸ ਕਾਨਫ਼ਰੰਸ ਵਿਚ ਇਹ ਸਹਿਮਤੀ ਹੋਈ ਕਿ ਨੌਜਵਾਨਾਂ ਵਿਚ ਰੁਜ਼ਗਾਰ ਦੀ ਸਮੱਸਿਆ ਨਾਲ ਨਜਿੱਠਣ ਲਈ ਇਕ ਸੰਗਠਿਤ ਪਹੁੰਚ ਅਪਣਾਉਣਾ ਉੱਦਮ ਕਾਰਜਨੀਤੀ ਹੋਵੇਗੀ। ਇਹੋ ਜਿਹੀ ਪਹੁੰਚ ਜੋ ਸੰਤੁਲਤ ਹੋਣ ਕਾਰਨ ਨਿਸ਼ਚਤ ਬਹੁਪੱਖੀ ਹੋਵੇ ਅਤੇ ਵੱਖ-ਵੱਖ ਦੇਸ਼ਾਂ ਦੀ ਵਿਭਿੰਨਤਾ ਨੂੰ ਧਿਆਨ ਵਿਚ ਰੱਖ ਕੇ ਬਣਾਈ ਗਈ ਹੋਵੇ। ਅਜਿਹੀ ਆਰਥਿਕਤਾ ਭਾਵ ਵਾਲੀ ਨੀਤੀ ਲਈ ਸਿੱਖਿਆ ਅਤੇ ਸਿਖਲਾਈ ਅਤੇ ਮਹਾਰਤ ਦੇ ਨਾਲ-ਨਾਲ ਕਿਰਤ ਮੰਡੀ ਲਈ ਨੀਤੀਆਂ, ਉੱਦਮਸ਼ੀਲਤਾ ਅਤੇ ਸਵੈ-ਰੁਜ਼ਗਾਰ ਨੂੰ ਉਤਸ਼ਾਹ ਅਤੇ ਨੌਜਵਾਨਾਂ ਦੇ ਹੱਕਾਂ ਦਾ ਨਿਰਧਾਰਨ ਜ਼ਰੂਰੀ ਹੋਵੇਗਾ।

2013 ਵਿਚ ਵਿਸ਼ਵ ਪੱਧਰ ਉਤੇ 202 ਮਿਲੀਅਨ ਬੇਰੁਜ਼ਗਾਰ ਹਨ ਅਤੇ ਆਉਣ ਵਾਲੇ 10 ਸਾਲਾਂ ਵਿਚ 600 ਮਿਲੀਅਨ ਨਵੇਂ ਰੁਜ਼ਗਾਰ/ਨੌਕਰੀਆਂ ਦੀ ਵਿਵਸਥਾ ਕਰਨੀ ਪਵੇਗੀ। ਇਸ ਵਿਚ ਉਹ 238 ਮਿਲੀਅਨ 'ਮਜ਼ਦੂਰ' ਸ਼ਾਮਿਲ ਨਹੀਂ ਹਨ ਜੋ ਰੋਜ਼ਾਨਾ ਦੋ ਡਾਲਰ (ਭਾਵ ਲਗਭਗ 120 ਰੁਪਏ) ਤੋਂ ਵੀ ਘੱਟ ਕਮਾਉਂਦੇ ਹਨ। 2007-08 ਦੀ ਵਿਸ਼ਵੀ ਮੰਦੀ ਨੇ ਸਮੱਸਿਆ ਹੋਰ ਵੀ ਉਲਝਾ ਦਿਤੀ ਹੈ। ਇਸ ਮੰਦੀ ਕਾਰਨ (1) ਬੇਰੁਜ਼ਗਾਰੀ ਵਧੀ ਹੈ; (2) ਜਿਨ੍ਹਾਂ ਨੂੰ ਰੁਜ਼ਗਾਰ ਮਿਲ ਵੀ ਜਾਂਦਾ ਹੈ ਉਸ ਦੀ ਗੁਣਵੱਤਾ ਘਟੀ ਹੈ; (3) ਕਿਰਤ ਮੰਡੀ ਵਿਚ ਅਸੰਤੁਲਨ ਵਧਿਆ ਹੈ; (4) ਸਕੂਲ ਤੋਂ ਰੁਜ਼ਗਾਰ ਵਿਚ ਪਰਿਵਰਤਨ ਲੰਮਾ ਅਤੇ ਜ਼ਿਆਦਾ ਅਨਿਸ਼ਚਿਤ ਹੋ ਗਿਆ ਹੈ ਭਾਵ ਸਿੱਖਿਅਤ ਨੌਜਵਾਨਾਂ ਨੂੰ ਵੀ ਰੁਜ਼ਗਾਰ ਦੀ ਕੋਈ ਜ਼ਾਮਨੀ ਨਹੀਂ ਰਹੀ।

ਉੱਦਮਸ਼ੀਲਤਾ ਅਤੇ ਸਵੈਰੁਜ਼ਗਾਰ ਅਪਣਾਉਣ ਲਈ ਪ੍ਰੇਰਨਾ ਰੁਜ਼ਗਾਰ ਪੈਦਾ ਕਰਨ ਵਿਚ ਬਹੁਤ ਹੀ ਮਹੱਤਵਪੂਰਨ ਭੂਮਿਕਾ ਰੱਖਦੇ ਹਨ। ਪਰ ਅਜੋਕੀ ਉੱਦਮਸ਼ੀਲਤਾ ਨੂੰ ਕਈ ਚੁਨੌਤੀਆਂ ਨਾਲ ਸਿੱਝਣਾ ਪੈ ਰਿਹਾ ਹੈ ਜਿਵੇਂ :

- ਜਟਿਲ/ਗੁੰਝਲਦਾਰ ਕਰ ਢਾਂਚਾ
- ਸਿੱਧਾ ਵਿਦੇਸ਼ੀ ਨਿਵੇਸ਼ (ਅਤੇ ਇਸ ਦੀ ਘਾਟ)।
- ਨਿਵੇਸ਼ ਲਈ ਉਤਸ਼ਾਹ ਅਤੇ ਪ੍ਰੇਰਨਾ ਦੀ ਘਾਟ।
- ਜਟਿਲ ਕੰਪਨੀ ਕਾਨੂੰਨ।
- ਲਾਇਸੰਸ, ਸਵੀਕ੍ਰਿਤੀਆਂ ਅਤੇ ਪਾਲਨਾਵਾਂ ਵਿਚ ਗੁੰਝਲਾਂ।
- ਵੈਂਚਰ ਕੈਪੀਟਲ ਲਈ ਸਵੀਕ੍ਰਿਤੀ ਲਈ ਮੁਸ਼ਕਿਲਾਂ।
- ਉੱਦਮਕਰਤਾਵਾਂ ਲਈ ਢੁੱਕਵੇਂ ਬੁਨਿਆਦੀ ਢਾਂਚੇ ਦੀ ਘਾਟ।

● ਬਾਹਰ ਨਿਕਲਣ ਲਈ ਗੁੰਝਲਦਾਰ/ਜਟਿਲ ਕਿਸਮ।

ਉੱਦਮਸ਼ੀਲਤਾ ਇਕ ਵਿਸ਼ੇਸ਼ ਤਰ੍ਹਾਂ ਦਾ ਰੁਜ਼ਗਾਰ ਹੀ ਹੈ ਜੋ :

1) ਵਿਕਾਸਸ਼ੀਲ ਦੇਸ਼ਾਂ ਦੀ ਆਰਥਿਕ ਵਿਵਸਥਾ ਦੇ ਵਿਕਾਸ ਲਈ ਜ਼ਰੂਰੀ ਲੋੜ ਹੈ।

2) ਗਰੀਬੀ ਹਟਾਉਣ ਅਤੇ ਨਵੇਂ ਰੁਜ਼ਗਾਰ ਪੈਦਾ ਕਰਨ ਵਿਚ ਸਹਾਇਕ ਹੈ।

3) ਨਵੀਂ ਸੋਚ ਲਈ ਮਾਹੌਲ ਪੈਦਾ ਕਰਦੀ ਹੈ।

4) ਪ੍ਰਮਾਣਿਤ ਹੈ ਕਿ ਉੱਦਮਕਰਤਾ ਦੂਜਿਆਂ ਨਾਲੋਂ ਵੱਧ ਨੌਕਰੀਆਂ ਪੈਦਾ ਕਰਦੇ ਹਨ।

ਨੌਜਵਾਨਾਂ ਨੂੰ ਸਿਖਲਾਈ ਦੇ ਕੇ ਉੱਦਮਸ਼ੀਲਤਾ ਲਈ ਪ੍ਰੇਰਿਆ ਜਾ ਸਕਦਾ ਹੈ ਕਿਉਂਕਿ ਇਸ ਲਈ ਸਿਰਜਣਸ਼ੀਲਤਾ, ਸਮੱਸਿਆ ਸੁਲਝਾਉਣ ਅਤੇ ਪ੍ਰਭਾਵੀ ਸੰਚਾਰ ਵਰਗੀਆਂ ਵਿਸ਼ੇਸ਼ ਮਹਾਰਤਾਂ ਦੀ ਲੋੜ ਹੁੰਦੀ ਹੈ। ਇਤਿਹਾਸਕ ਪਰਿਪੇਖ ਵਿਚ ਭਾਰਤ ਵਿਚ ਨੌਕਰੀ ਕਰਨ ਵਾਲਿਆਂ ਨਾਲੋਂ ਸਵੈ-ਰੁਜ਼ਗਾਰ ਵਾਲੇ ਲੋਕ ਜ਼ਿਆਦਾ ਰਹੇ ਹਨ। ਇਹ ਕਹਾਵਤ ਇਸ ਸਚਾਈ ਦਾ ਪ੍ਰਤੱਖ ਸਬੂਤ ਹੈ ਕਿ 'ਉੱਤਮ ਖੇਤੀ, ਮੱਧਮ ਵਪਾਰ, ਨਖਿੱਧ ਚਾਕਰੀ ਭੀਖ ਦੁਆਰ।

## ਰੁਜ਼ਗਾਰ ਵਧਾਉਣ ਵਿਚ ਉੱਦਮਸ਼ੀਲਤਾ ਦੀ ਭੂਮਿਕਾ

ਰੁਜ਼ਗਾਰ ਵਧਾਉਣ ਅਤੇ ਉੱਦਮਸ਼ੀਲਤਾ ਵਧਾਉਣ ਲਈ ਚੁੱਕੇ ਜਾਣ ਵਾਲੇ ਕਦਮਾਂ ਵਿਚ ਬਹੁਤ ਕੁਝ ਸਾਂਝਾ ਹੈ। ਸਰਕਾਰੀ ਨੌਕਰੀਆਂ ਰੁਜ਼ਗਾਰ ਦਾ ਇਕ ਛੋਟਾ ਜਿਹਾ ਹਿੱਸਾ ਹਨ। ਵਿਕਾਸਸ਼ੀਲ ਦੇਸ਼ਾਂ ਵਿਚ ਆਰਥਿਕ ਵਿਕਾਸ ਲਈ ਉੱਦਮਸ਼ੀਲਤਾ ਇਕ ਮਹੱਤਵਪੂਰਨ ਸਾਧਨ ਸਿੱਧ ਹੋਈ ਹੈ। ਇਹ ਇਸ਼ਾਰਾ ਕਰਦੇ ਸਬੂਤ ਵੀ ਹਨ ਕਿ ਉੱਦਮਕਰਤਾ ਹੋਰਨਾਂ ਨਾਲੋਂ ਵੱਧ ਰੁਜ਼ਗਾਰ ਪੈਦਾ ਕਰਦੇ ਹਨ। ਉੱਦਮਸ਼ੀਲ ਕਾਰਜ ਨਵੀਆਂ ਇਕਾਈਆਂ ਦੇ ਵਿਕਾਸ ਨੂੰ ਉਤਸ਼ਾਹਤ ਕਰਦੇ ਹਨ ਜਿਸ ਨਾਲ ਛੋਟੀਆਂ ਅਤੇ ਦਰਮਿਆਨੀਆਂ ਇਕਾਈਆਂ (ਐੱਸ ਐੱਮ ਈ ਐੱਸ) ਦਾ ਵਿਕਾਸ ਹੁੰਦਾ ਹੈ ਜੋ ਰੁਜ਼ਗਾਰ ਪੈਦਾ ਕਰਨ ਵਿਚ ਸਹਾਈ ਹੁੰਦਾ ਹੈ। ਵਿਕਾਸਸ਼ੀਲ ਦੇਸ਼ਾਂ ਵਿਚ ਐੱਸ ਐੱਮ ਈ ਐੱਸ ਵੱਡੀ ਗਿਣਤੀ ਵਿਚ ਰਸਮੀ ਨੌਕਰੀਆਂ ਪੈਦਾ ਕਰਨ ਲਈ ਜ਼ਿੰਮੇਵਾਰ ਹਨ। ਇਨ੍ਹਾਂ ਇਕਾਈਆਂ ਦੀ ਖੁੱਲ੍ਹਣ ਵਿਚ ਮਦਦ ਕਰਨਾ ਅਤੇ ਇਨ੍ਹਾਂ ਦੀ ਵੱਡੇ ਅਦਾਰਿਆਂ/ਉਦਯੋਗਾਂ ਵਿਚ ਵਿਕਸਤ ਹੋਣ ਦੀ ਯੋਗਤਾ ਨੂੰ ਵਧਾਉਣ ਨਾਲ ਪ੍ਰਭਾਵੀ ਢੰਗ ਨਾਲ ਨਵੀਆਂ ਨੌਕਰੀਆਂ ਪੈਦਾ ਕੀਤੀਆਂ ਜਾ ਸਕਦੀਆਂ ਹਨ।

ਵਿਕਾਸਸ਼ੀਲ ਦੇਸ਼ਾਂ ਦੀ ਆਰਥਿਕਤਾ ਨੂੰ ਸੁਧਾਰਨ ਲਈ ਇਕ ਮਹੱਤਵਪੂਰਨ ਨੁਕਤਾ ਹੈ ਨਵੀਆਂ ਖੋਜਾਂ ਅਤੇ ਤਕਨੀਕਾਂ ਦਾ ਵਿਕਾਸ। ਨਵੀਆਂ ਖੋਜਾਂ/ਤਕਨੀਕਾਂ ਜ਼ਰੂਰੀ ਹਨ ਕਿਉਂਕਿ ਇਹ ਉਤਪਾਦਿਕਤਾ ਵਧਾਉਣ ਅਤੇ ਗੁਣਵੱਤਾ ਸੁਧਾਰਨ ਵਿਚ ਸਹਾਈ ਹੁੰਦੀਆਂ ਹਨ। ਇਸ ਗੱਲ ਦੇ ਪੁਖਤਾ ਸਬੂਤ ਹਨ ਕਿ ਉੱਦਮਸ਼ੀਲਤਾ ਨਵੀਆਂ ਕਾਢਾਂ ਨੂੰ ਉਤਸ਼ਾਹਤ ਕਰਦੀ ਹੈ। ਇਸ ਦਾ ਮੁੱਖ ਕਾਰਨ ਸ਼ਾਇਦ ਇਹ ਹੀ ਹੋਵੇ ਕਿ ਉੱਦਮਕਰਤਾ ਆਮ ਤੌਰ ਤੇ ਨੌਜਵਾਨ ਹੋਣ ਕਾਰਨ ਪਰਿਵਰਤਨ ਲਈ ਉਤਸ਼ਾਹਤ ਹੁੰਦੇ ਹਨ। ਉਹ ਅੱਗੇ ਵਧਣ ਦੇ ਨਵੇਂ ਰਾਹ ਲੱਭਦੇ ਹਨ ਅਤੇ ਖ਼ਤਰੇ ਸਹੇੜਨ ਲਈ ਵੀ ਤਿਆਰ ਹੁੰਦੇ ਹਨ। ਇਸ ਤਰ੍ਹਾਂ ਉੱਦਮਸ਼ੀਲਤਾ ਵਿਕਾਸਸ਼ੀਲ ਦੇਸ਼ਾਂ ਦੀ ਆਰਥਿਕਤਾ ਨੂੰ ਕੁਦਰਤੀ ਸਰੋਤਾਂ ਅਤੇ ਸਿਖਲਾਈ ਰਹਿਤ ਕਾਮਿਆਂ ਦੀ ਪਕੜ ਵਿਚੋਂ ਕੱਢ ਕੇ ਪਰਿਵਰਤਨਸ਼ੀਲ ਆਰਥਿਕਤਾ ਵਿਚ ਬਦਲਣ ਦੀ ਪ੍ਰਕਿਰਿਆ ਦਾ ਹਿੱਸਾ ਬਣੀ ਹੈ ਜੋ ਨਵੇਂ ਉਤਪਾਦ ਅਤੇ ਸੇਵਾਵਾਂ ਪੈਦਾ ਕਰ ਸਕਦੀਆਂ ਹਨ।

ਉੱਦਮਕਰਤਾ ਦੇ ਸਫਲ ਹੋਣ ਲਈ ਜਿਨ੍ਹਾਂ ਮਹਾਰਤਾਂ ਦਾ ਉੱਪਰ ਜ਼ਿਕਰ ਕੀਤਾ ਗਿਆ ਹੈ – ਸਿਰਜਣਸ਼ੀਲਤਾ, ਸਮੱਸਿਆ ਸੁਲਝਾਉਣ ਦੀ ਯੋਗਤਾ ਅਤੇ ਪ੍ਰਭਾਵੀ ਸੰਚਾਰ – ਉਹ ਜ਼ਿਆਦਾਤਰ ਤਜਰਬੇ ਤੋਂ ਹਾਸਲ ਹੁੰਦੀਆਂ ਹਨ। ਅਸਫਲਤਾ ਹੀ ਸਫਲਤਾ ਦਾ ਰਾਹ ਦੱਸਦੀ ਹੈ। ਪਰ ਇਹ ਰਸਮੀ ਸਿਖਲਾਈ ਪ੍ਰੋਗਰਾਮਾਂ ਰਾਹੀਂ ਵੀ ਸਿੱਖੀਆਂ ਜਾ ਸਕਦੀਆਂ ਹਨ ਪਰ ਸ਼ਰਤ ਇਹ ਹੈ ਕਿ ਇਹ ਪ੍ਰੋਗਰਾਮ ਉੱਦਮਕਰਤਾਵਾਂ ਅਤੇ ਮਾਲਕਾਂ ਲਈ ਹੀ ਰੱਖੇ ਜਾਣ ਅਤੇ ਉਹ ਨਵੇਂ ਗੁਣ ਗ੍ਰਹਿਣ ਕਰਨ ਲਈ ਤਿਆਰ ਹੋਣ। ਵਿਦਿਆਰਥੀਆਂ ਨੂੰ ਇਹ ਯੋਗਤਾਵਾਂ ਸਕੂਲ, ਕਾਲਜ ਪੱਧਰ ਤੋਂ ਵੀ ਸਿਖਾਈਆਂ ਜਾ ਸਕਦੀਆਂ ਹਨ। ਇਸ ਦੇ ਨਾਲ ਹੀ ਉਨ੍ਹਾਂ ਨੂੰ ਲੇਖਾਕਾਰੀ ਅਤੇ ਵਿੱਤੀ ਪ੍ਰਬੰਧਨ ਵਰਗੇ ਵਿਸ਼ਿਆਂ 'ਤੇ ਵੀ ਜਾਣਕਾਰੀ ਦਿਤੀ ਜਾਣੀ ਚਾਹੀਦੀ ਹੈ। ਅਜਿਹੇ ਪ੍ਰੋਗਰਾਮ ਉਤਸ਼ਾਹਤ ਉੱਦਮੀਆਂ ਦੇ ਆਪਸੀ ਮੇਲ-ਮਿਲਾਪ ਦਾ ਪਲੇਟਫਾਰਮ ਵੀ ਬਣਦੇ ਹਨ ਜੋ ਉੱਦਮਸ਼ੀਲ ਮਾਹੌਲ ਉਸਾਰਨ ਵਿਚ ਸਹਾਇਕ ਹੋ ਸਕਦੇ ਹਨ। ਉੱਦਮਸ਼ੀਲਤਾ ਸਿਖਲਾਈ ਦੌਰਾਨ ਹਾਸਲ ਕੀਤੀਆਂ ਮਹਾਰਤਾਂ ਰਸਮੀ ਨੌਕਰੀਆਂ ਲਈ ਵੀ ਉਨੀਆਂ ਹੀ ਲਾਭਦਾਇਕ ਹੋ ਸਕਦੀਆਂ ਹਨ ਜਿੰਨੀਆਂ ਸਵੈ-ਰੁਜ਼ਗਾਰੀ ਉੱਦਮਸ਼ੀਲਤਾ ਵਿਚ। ਇਸ ਲਈ ਜ਼ਰੂਰੀ ਹੈ ਕਿ ਸ਼ੁਰੂ ਤੋਂ ਹੀ ਵਿੱਦਿਅਕ ਢਾਂਚੇ ਦੀ ਉਸਾਰੀ ਇਸ ਤਰ੍ਹਾਂ ਦੀ ਹੋਵੇ ਜਿਸ ਨਾਲ ਵਿਦਿਆਰਥੀ ਅਜਿਹੀਆਂ ਮਹਾਰਤਾਂ ਹਾਸਲ ਕਰਨ ਦੇ ਯੋਗ ਹੋ ਸਕਣ।

ਉੱਦਮਸ਼ੀਲ ਲੋਕ ਕਿਸੇ ਵੀ ਦੇਸ਼ ਦੀ ਆਰਥਿਕਤਾ ਲਈ ਰੀੜ੍ਹ ਦੀ ਹੱਡੀ ਹੁੰਦੇ ਹਨ ਪਰ ਅਫ਼ਸੋਸ ਹੈ ਕਿ ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਵਿਚ ਕਈ ਪੱਧਰਾਂ ਉਤੇ ਕਈ ਰੁਕਾਵਟਾਂ ਹਨ। ਚਾਹ ਬਣਾਉਣ ਵਾਲੇ ਤੋਂ ਲੈ ਕੇ ਵੱਡੇ-ਵੱਡੇ ਉਦਯੋਗਪਤੀ ਸਾਰੇ ਹੀ ਉੱਦਮਸ਼ੀਲਤਾ ਦੀ ਸ਼੍ਰੇਣੀ ਵਿਚ ਆਉਂਦੇ ਹਨ ਪਰ ਇਹ ਸਾਰੇ ਅਨੁਸ਼ਾਸਨੀ ਢਾਂਚੇ ਅੱਗੇ ਜਵਾਬਦੇਹ ਹਨ। ਹੋਰ ਵੀ ਬਹੁਤ ਸਾਰੀਆਂ ਸਮੱਸਿਆਵਾਂ ਹਨ ਜਿਨ੍ਹਾਂ ਨੂੰ ਦੂਰ ਕਰਨ ਉਪਰੰਤ ਭਾਰਤ 21ਵੀਂ ਸਦੀ ਵਿਚ ਵਿਸ਼ਵ ਦੀ ਸੁਪਰ ਤਾਕਤ ਬਣਨ ਦੇ ਸਮਰੱਥ ਹੋਵੇਗਾ।

ਉਂਜ ਤਾਂ ਸਰਕਾਰਾਂ ਹਮੇਸ਼ਾ ਹੀ ਇਸ ਸਮੱਸਿਆ ਪ੍ਰਤਿ ਜਾਗਰੂਕ ਰਹੀਆਂ ਹਨ ਪਰ ਪ੍ਰਧਾਨ ਮੰਤਰੀ ਨੇ ਇਸ ਸਮੱਸਿਆ ਪ੍ਰਤਿ ਆਪਣੀ ਪ੍ਰਤਿਬੱਧਤਾ ਸਪੱਸ਼ਟ ਕਰ ਦਿਤੀ ਹੈ। ਕੇਂਦਰ ਵਿਚ ਇਕ ਨਵਾਂ ਮੰਤਰਾਲਾ ਬਣਾਇਆ ਗਿਆ ਜੋ ਭਾਰਤ ਵਿਚ ਜ਼ਿਆਦਾ ਉੱਦਮਕਰਤਾ ਅਤੇ ਵਪਾਰੀ ਪੈਦਾ ਕਰਨ ਵਿਚ ਮਦਦ ਕਰੇਗਾ। ਇਸ ਲਈ ਸਰਕਾਰ ਨੇ ਪੀ ਪੀ ਪੀ ਮਾਡਲ ਨੂੰ ਅਪਣਾਉਣ ਅਤੇ ਉਤਸ਼ਾਹਤ ਕਰਨ ਦਾ ਵੀ ਨਿਰਣਾ ਲਿਆ ਹੈ। 2022 ਤਕ 500 ਮਿਲੀਅਨ ਲੋਕਾਂ ਨੂੰ ਅਜਿਹੀਆਂ ਮਹਾਰਤਾਂ ਸਿਖਾਉਣ ਦਾ ਟੀਚਾ ਮਿਥਿਆ ਗਿਆ ਹੈ ਜਿਸ ਨਾਲ ਉਹ ਆਪਣਾ ਵਪਾਰ ਆਰੰਭ ਕਰਨ ਦੇ ਯੋਗ ਹੋ ਸਕਣ। ਨਵੇਂ ਮਹਾਰਤ ਵਿਕਾਸ ਵੱਲ ਜ਼ਿਆਦਾ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ। ਪਰ ਜੋ ਗੱਲ ਯਕੀਨੀ ਬਣਾਉਣ ਦੀ ਲੋੜ ਹੈ ਉਹ ਹੈ ਕਿ ਇਹ ਸਭ ਕੁੱਝ ਕਿਤੇ 'ਨੀਤੀ ਨਿਰਧਾਰਨ' ਦੀ ਪੱਧਰ 'ਤੇ ਹੀ ਨਾ ਰਹਿ ਜਾਵੇ। ਮਜ਼ਬੂਤ ਰਾਜਸੀ ਇੱਛਾ ਸ਼ਕਤੀ ਨਾਲ ਹੀ ਇਹ ਸਭ ਕੁਝ ਪ੍ਰਾਪਤ ਕੀਤਾ ਜਾ ਸਕਦਾ ਹੈ।

*(ਲੇਖਕ ਸੁਤੰਤਰ ਪੱਤਰਕਾਰ ਹੈ।)*

*e-mail :jaswantsinghaman@yahoo.com*

# ਭਾਰਤ 'ਚ ਉਤਪਾਦਨ ਉੱਦਮਾਂ ਦੀ ਰੁਜ਼ਗਾਰ ਵਧਾਉਣ ਵਿਚ ਮਹੱਤਤਾ

ਗੁਰਮੀਤ ਕੌਰ

ਕਿਸੇ ਦੇਸ਼ ਦੀ ਆਰਥਿਕਤਾ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ। ਪਹਿਲਾ ਹੈ ਖੇਤ, ਜਿਸ ਵਿਚ ਖੇਤੀ ਅਤੇ ਜੰਗਲ ਆਦਿ ਆਉਂਦੇ ਹਨ, ਦੂਸਰਾ ਹੈ ਉਦਯੋਗਿਕ ਖੇਤਰ ਅਤੇ ਤੀਸਰਾ ਸੇਵਾਵਾਂ ਜਿਵੇਂ ਆਵਾਜਾਈ, ਹੋਟਲ, ਬੈਂਕ ਆਦਿ। ਉਦਯੋਗਿਕ ਖੇਤਰ ਵਿਚ ਕਾਰਖ਼ਾਨੇ, ਘਰੇਲੂ ਅਤੇ ਛੋਟੀਆਂ ਉਦਯੋਗਿਕ ਇਕਾਈਆਂ ਆਉਂਦੀਆਂ ਹਨ। ਕਾਰਖ਼ਾਨਿਆਂ ਦੇ ਸ਼ਬਦ ਦੇ ਅਰਥ ਹਨ; ਨਵੀਆਂ ਵਸਤੂਆਂ ਨੂੰ ਕਿਰਤ ਸ਼ਕਤੀ ਦੀ ਵਰਤੋਂ ਕਰਕੇ ਵੱਡੇ ਪੈਮਾਨੇ 'ਤੇ ਬਣਾਉਣਾ। ਇਨ੍ਹਾਂ ਵਸਤੂਆਂ ਲਈ ਕੱਚਾ ਮਾਲ ਲੈ ਕੇ, ਉਸ 'ਤੇ ਪੂੰਜੀ ਅਤੇ ਕਿਰਤ ਦੀ ਵਰਤੋਂ ਕਰਕੇ, ਉਨ੍ਹਾਂ ਵਸਤੂਆਂ ਦੇ ਮੁੱਲ ਵਿਚ ਵਾਧਾ ਕੀਤਾ ਜਾਂਦਾ ਹੈ। ਕਾਰਖ਼ਾਨਿਆਂ ਦਾ ਵਿਕਾਸ, ਦੇਸ਼ ਦੀ ਆਰਥਿਕਤਾ ਦੇ ਵਿਕਾਸ ਨਾਲ ਜੁੜਿਆ ਹੋਇਆ ਹੈ। ਦੁਨੀਆਂ ਦੇ ਵਿਕਸਤ ਦੇਸ਼ਾਂ ਵਿਚ ਉਦਯੋਗਿਕ ਖੇਤਰ ਵਿਚ ਜ਼ਿਆਦਾਤਰ ਵੱਡੇ ਪੈਮਾਨੇ ਦੇ ਕਾਰਖ਼ਾਨੇ ਹਨ ਅਤੇ ਬਹੁਤ ਘੱਟ ਇਕਾਈਆਂ ਛੋਟੇ ਪੈਮਾਨੇ ਦੀਆਂ ਹਨ, ਜਦ ਕਿ ਦੂਸਰੀ ਤਰਫ਼ ਵਿਕਾਸ ਕਰ ਰਹੇ ਦੇਸ਼ਾਂ ਜਿਵੇਂ ਭਾਰਤ ਵਿਚ ਜ਼ਿਆਦਾਤਰ ਛੋਟੇ ਪੈਮਾਨੇ 'ਤੇ ਅਤੇ ਘਰੇਲੂ ਉਦਯੋਗਿਕ ਇਕਾਈਆਂ ਹਨ ਜਦ ਕਿ ਬਹੁਤ ਘੱਟ ਵੱਡੇ ਪੈਮਾਨੇ ਦੀਆਂ ਇਕਾਈਆਂ ਹਨ। ਪਰ ਵੱਡੇ ਪੈਮਾਨੇ ਦੇ ਕਾਰਖ਼ਾਨਿਆਂ ਵਿਚ ਕੰਮ ਕਰਨ ਵਾਲੇ ਕਿਰਤੀਆਂ ਅਤੇ ਉਨ੍ਹਾਂ ਦਾ ਉਤਪਾਦਨ ਹਰ ਸਾਲ ਹੀ ਵਧ ਰਿਹਾ ਹੈ।

ਭਾਰਤ ਦੇ ਕੁਲ ਘਰੇਲੂ ਉਤਪਾਦਨ ਵਿਚ ਵੱਡੇ ਕਾਰਖ਼ਾਨਿਆਂ ਵਿਚ ਯੋਗਦਾਨ 15.8 ਪ੍ਰਤਿਸ਼ਤ ਹੈ ਜਦ ਕਿ ਘਰੇਲੂ, ਛੋਟੇ ਅਤੇ ਦਰਮਿਆਨੇ ਦਰਜੇ ਦੀਆਂ ਉਦਯੋਗਿਕ ਇਕਾਈਆਂ ਦਾ ਯੋਗਦਾਨ 12.1 ਪ੍ਰਤਿਸ਼ਤ ਹੈ। ਪਰ ਭਾਰਤ ਵਿਚ ਖੇਤੀਬਾੜੀ ਦਾ ਯੋਗਦਾਨ ਘਟ ਕੇ 14 ਪ੍ਰਤਿਸ਼ਤ ਤੋਂ ਵੀ ਘੱਟ ਹੈ ਜਦ ਕਿ ਸੇਵਾਵਾਂ ਦਾ ਯੋਗਦਾਨ 57.7 ਪ੍ਰਤਿਸ਼ਤ ਹੈ। ਇਹ ਵੀ ਬੜੀ ਦਿਲਚਸਪ ਸਥਿਤੀ ਹੈ ਕਿ ਭਾਰਤ ਅੰਦਰ ਖੇਤੀ ਵਿਚ ਅਜੇ ਵੀ 58.2 ਪ੍ਰਤਿਸ਼ਤ ਲੋਕ ਕੰਮ ਕਰਦੇ ਹਨ ਪਰ ਉਨ੍ਹਾਂ ਦੀ ਆਮਦਨ 14 ਪ੍ਰਤਿਸ਼ਤ ਤੋਂ ਘੱਟ ਹੈ ਜਦ ਕਿ ਵੱਡੇ ਕਾਰਖ਼ਾਨਿਆਂ ਵਿਚ 11.4 ਪ੍ਰਤਿਸ਼ਤ ਲੋਕ ਕੰਮ ਕਰਦੇ ਹਨ ਪਰ ਉਨ੍ਹਾਂ ਦਾ ਕੁਲ ਆਮਦਨ ਵਿਚ ਹਿੱਸਾ 15.9 ਪ੍ਰਤਿਸ਼ਤ ਹੈ ਜਦ ਕਿ ਸੇਵਾਵਾਂ ਦੇ ਖੇਤਰ ਵਿਚ ਜਿਥੇ ਸਿਰਫ਼ 19.9 ਪ੍ਰਤਿਸ਼ਤ ਲੋਕ ਕੰਮ ਕਰਦੇ ਹਨ ਉਨ੍ਹਾਂ ਦਾ ਕੁੱਲ ਉਤਪਾਦਨ ਵਿਚ 57.7 ਪ੍ਰਤਿਸ਼ਤ ਹਿੱਸਾ ਹੈ ਜੋ ਕਿ ਉਨ੍ਹਾਂ ਦੀ ਵਸੋਂ ਤੋਂ ਤਿੰਨ ਗੁਣਾ ਜ਼ਿਆਦਾ ਹੈ, ਦੂਸਰੀ ਤਰਫ਼ ਘਰੇਲੂ, ਛੋਟੇ ਅਤੇ ਦਰਮਿਆਨੇ ਦਰਜੇ ਦੀਆਂ ਉਦਯੋਗਿਕ ਇਕਾਈਆਂ ਵਿਚ ਭਾਵੇਂ 10.5 ਪ੍ਰਤਿਸ਼ਤ ਲੋਕ ਕੰਮ ਕਰਦੇ ਹਨ ਪਰ ਉਨ੍ਹਾਂ ਦਾ ਕੁੱਲ ਉਤਪਾਦਨ ਵਿਚ 12.1 ਪ੍ਰਤਿਸ਼ਤ ਹਿੱਸਾ ਹੈ। ਇਸ ਦਾ ਅਰਥ ਹੈ ਕਿ ਛੋਟੇ ਪੈਮਾਨੇ ਜਾਂ ਵੱਡੇ ਪੈਮਾਨੇ ਦੀਆਂ ਇਕਾਈਆਂ ਹਨ ਉਨ੍ਹਾਂ ਵਿਚ ਜਿੰਨੀ ਪ੍ਰਤਿਸ਼ਤ ਵਸੋਂ ਲੱਗੀ ਹੋਈ ਹੈ, ਉਨ੍ਹਾਂ ਦੀ ਆਮਦਨ ਦੀ ਪ੍ਰਤਿਸ਼ਤ ਉਸ ਤੋਂ ਜ਼ਿਆਦਾ ਹੈ ਪਰ ਸੇਵਾਵਾਂ ਦੇ ਖੇਤਰ ਦੀ ਵਸੋਂ ਦੀ ਆਮਦਨ ਸਭ ਤੋਂ ਜ਼ਿਆਦਾ ਹੈ ਜਦ ਕਿ ਖੇਤੀ ਦੇ ਖੇਤਰ ਦੀ ਔਸਤ ਆਮਦਨ ਬਹੁਤ ਘੱਟ ਹੈ।

ਦੇਸ਼ ਦਾ ਵਿਕਾਸ ਹੋਣ ਨਾਲ, ਉਦਯੋਗਿਕ ਖੇਤਰ ਵਿਚ ਵਾਧਾ ਹੁੰਦਾ ਹੈ, ਖੇਤੀ ਵਿਚ ਲੱਗੀ ਹੋਈ ਵਸੋਂ ਬਦਲ ਕੇ ਉਦਯੋਗਾਂ ਵਲ ਲਗਦੀ ਜਾਂਦੀ ਹੈ। ਜੇ ਦੁਨੀਆਂ ਦੇ ਵੱਖ-ਵੱਖ ਵਿਕਸਤ ਦੇਸ਼ਾਂ ਦੇ ਵਿਕਾਸ ਦੇ ਇਤਿਹਾਸ ਵਲ ਵੇਖੀਏ ਤਾਂ ਸਭ ਤੋਂ ਪਹਿਲਾਂ ਵੱਡੀ ਵਸੋਂ ਖੇਤੀ ਵਿਚ ਹੀ ਲੱਗੀ ਹੁੰਦੀ ਹੈ, ਫਿਰ ਖੇਤੀ ਵਿਚ ਵਿਕਾਸ ਹੋਣ ਨਾਲ, ਉਦਯੋਗਿਕ ਵਿਕਾਸ ਸ਼ੁਰੂ ਹੁੰਦਾ ਹੈ ਅਤੇ ਵਸੋਂ ਖੇਤੀ ਤੋਂ ਬਦਲ ਕੇ ਉਦਯੋਗਾਂ ਵਿਚ ਲਗਦੀ ਜਾਂਦੀ ਹੈ। ਇਹੋ ਵਜ੍ਹਾ ਹੈ ਕਿ ਦੁਨੀਆਂ ਦੇ ਸਾਰੇ ਹੀ ਵਿਕਸਤ ਦੇਸ਼ਾਂ ਵਿਚ ਸਭ ਤੋਂ ਜ਼ਿਆਦਾ ਵਸੋਂ ਉਦਯੋਗਾਂ ਵਿਚ ਅਤੇ ਫਿਰ ਸੇਵਾਵਾਂ ਵਿਚ ਲੱਗੀ ਹੋਈ ਹੈ ਅਤੇ ਖੇਤੀ ਵਿਚ ਵਿਕਸਤ ਦੇਸ਼ਾਂ ਵਿਚ ਸਿਰਫ਼ 5 ਪ੍ਰਤਿਸ਼ਤ ਅਤੇ ਇਸ ਤੋਂ ਵੀ ਘੱਟ ਵਸੋਂ ਲੱਗੀ ਹੋਈ ਹੈ। ਉਨ੍ਹਾਂ ਦੇਸ਼ਾਂ ਵਿਚ ਰੁਜ਼ਗਾਰ ਲਈ ਵੱਡੇ ਪੈਮਾਨੇ ਦੀਆਂ ਉਦਯੋਗਿਕ ਇਕਾਈਆਂ ਹੀ ਮੁੱਖ ਖੇਤਰ ਹਨ ਅਤੇ ਇਨ੍ਹਾਂ ਸਾਰੀਆਂ ਇਕਾਈਆਂ ਵਿਚ ਵੱਡੀ ਪੱਧਰ ਦੀ ਸਮਾਜਿਕ ਸੁਰੱਖਿਆ ਮਿਲਦੀ ਹੈ।

ਭਾਰਤ ਵਿਚ ਵੱਡੇ ਪੈਮਾਨੇ ਦੇ ਖੇਤਰ ਵਿਚ 1 ਕਰੋੜ 20 ਲੱਖ ਲੋਕ ਲੱਗੇ ਹੋਏ ਹਨ ਜਿਹੜੇ 1981-82 ਵਿਚ 90 ਲੱਖ ਦੇ ਬਰਾਬਰ ਸਨ ਜਿਸ ਦਾ ਅਰਥ ਹੈ ਕਿ ਇਨ੍ਹਾਂ 35 ਸਾਲਾਂ ਦੇ ਸਮੇਂ ਵਿਚ ਵੱਡੇ ਪੈਮਾਨੇ ਦੀਆਂ ਉਦਯੋਗਿਕ ਇਕਾਈਆਂ ਵਿਚ ਰੁਜ਼ਗਾਰ ਦੇਣ ਲਈ ਘੱਟ ਮੌਕੇ ਬਣੇ ਹਨ ਇਸ ਦੀ ਵੱਡੀ ਵਜ੍ਹਾ ਇਹ ਰਹੀ ਹੈ ਕਿ ਵੱਡੇ ਪੈਮਾਨੇ ਦੀਆਂ ਇਕਾਈਆਂ ਵਿਚ ਮੁੱਖ ਜ਼ੋਰ ਪੂੰਜੀ ਵਿਚ ਵਾਧਾ ਕਰਕੇ, ਚੰਗੀਆਂ ਤਕਨੀਕਾਂ ਦੀ ਵਰਤੋਂ ਕਰਕੇ ਇਹ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ ਕਿ ਲਾਗਤ ਨੂੰ ਘਟਾਇਆ ਜਾਵੇ ਜਿਸ ਵਿਚ ਕਿਰਤੀਆਂ ਦੀ ਗਿਣਤੀ ਵੀ ਘਟਾਈ ਜਾਂਦੀ ਹੈ। ਕਿਰਤੀਆਂ ਦੀ ਜਗ੍ਹਾ ਜ਼ਿਆਦਾ ਪੂੰਜੀ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ। ਇਸ ਦਾ ਇਕ ਵੱਡਾ ਕਾਰਨ ਇਹ ਵੀ ਸੀ ਕਿ 1991 ਤੋਂ ਬਾਅਦ ਜਦੋਂ ਦੁਨੀਆਂ ਭਰ ਵਿਚ ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ ਦਾ ਰੁਝਾਨ ਵਧਿਆ ਅਤੇ 1995 ਤੋਂ ਬਾਅਦ ਜਦੋਂ ਵਿਸ਼ਵ ਵਪਾਰ ਸੰਸਥਾ ਦੀਆਂ ਸਾਰੀਆਂ ਮੱਦਾਂ ਲਾਗੂ ਹੋ ਗਈਆਂ ਅਤੇ ਖੁੱਲ੍ਹੇ ਵਪਾਰ ਨੂੰ ਉਤਸ਼ਾਹ ਮਿਲਿਆ ਤਾਂ ਹਰ ਉਦਯੋਗਿਕ ਇਕਾਈ ਵਲੋਂ ਅੰਤਰਰਾਸ਼ਟਰੀ ਮੁਕਾਬਲੇ ਦਾ ਸਾਹਮਣਾ ਕਰਨ ਲਈ, ਇਹ ਕੋਸ਼ਿਸ਼ ਕੀਤੀ

ਗਈ ਕਿ ਉਸ ਦੀਆਂ ਵਸਤੂਆਂ ਦੀ ਮੰਡੀ ਵਿਚ ਮੰਗ ਵਧੇ ਜਿਸ ਲਈ ਜ਼ਰੂਰੀ ਸੀ ਕਿ ਉਨ੍ਹਾਂ ਇਕਾਈਆਂ ਦੀਆਂ ਬਣੀਆਂ ਵਸਤੂਆਂ ਚੰਗੇ ਗੁਣਾਂ ਵਾਲੀਆਂ ਹੋਣ ਅਤੇ ਉਨ੍ਹਾਂ ਦੀ ਕੀਮਤ ਜਾਂ ਲਾਗਤ ਘੱਟ ਹੋਵੇ।

ਦੂਸਰੀ ਤਰਫ਼ ਘਰੇਲੂ, ਛੋਟੇ ਪੈਮਾਨੇ ਅਤੇ ਦਰਮਿਆਨੇ ਦਰਜੇ ਦੀਆਂ ਉਦਯੋਗਿਕ ਇਕਾਈਆਂ ਵਿਚ ਜੋ ਕਿ ਇਸ ਵਕਤ ਤਕਰੀਬਨ 3.1 ਕਰੋੜ ਦੇ ਬਰਾਬਰ ਹਨ, ਵਿਚ 7.3 ਕਰੋੜ ਲੋਕ ਕੰਮ ਕਰ ਰਹੇ ਹਨ ਜਦ ਕਿ ਉਨ੍ਹਾਂ ਦਾ ਸਾਲਾਨਾ ਉਤਪਾਦ 11000 ਅਰਬ ਰੁਪਏ ਦੇ ਬਰਾਬਰ ਹੈ। ਇਨ੍ਹਾਂ ਛੋਟੀਆਂ ਇਕਾਈਆਂ ਵਲੋਂ 6000 ਤੋਂ ਵੱਧ ਵਸਤੂਆਂ ਦੇ ਮੁੱਲਾਂ ਵਿਚ ਵਾਧਾ ਕਰਕੇ, ਉਪਭੋਗੀਆਂ ਦੀ ਵਰਤੋਂ ਲਈ ਪੇਸ਼ ਕੀਤੀਆਂ ਜਾਂਦੀਆਂ ਹਨ ਜਿਨ੍ਹਾਂ ਵਿਚ ਸੂਤੀ ਅਤੇ ਗਰਮ ਕੱਪੜੇ ਅਤੇ ਸੀਤੇ-ਸਿਲਾਏ ਕੱਪੜੇ ਆਦਿ ਸਭ ਤੋਂ ਵੱਧ ਮੁੱਲ ਦੇ ਤਿਆਰ ਕੀਤੇ ਜਾਂਦੇ ਹਨ ਜੋ ਕੁੱਲ ਮੁੱਲ ਦੇ ਲਗਭਗ 20.5 ਪ੍ਰਤਿਸ਼ਤ ਦੇ ਬਰਾਬਰ ਬਣਦੇ ਹਨ ਅਤੇ ਉਸ ਤੋਂ ਬਾਅਦ ਆਉਂਦੀਆਂ ਹਨ ਖੁਰਾਕ ਵਸਤੂਆਂ ਜਿਹੜੀਆਂ 14.3 ਪ੍ਰਤਿਸ਼ਤ ਦੇ ਬਰਾਬਰ ਬਣਦੀਆਂ ਹਨ, ਧਾਤਾਂ 'ਤੇ ਆਧਾਰਿਤ ਛੋਟੀਆਂ ਉਦਯੋਗਿਕ ਇਕਾਈਆਂ ਵਿਚ ਬਣੀਆਂ ਵਸਤੂਆਂ ਦਾ ਮੁੱਲ 9.0 ਪ੍ਰਤਿਸ਼ਤ ਦੇ ਬਰਾਬਰ ਹੈ ਜਦੋਂ ਕਿ 8.5 ਪ੍ਰਤਿਸ਼ਤ ਮੁੱਲ ਦੀਆਂ ਉਹ ਵਸਤੂਆਂ ਬਣਦੀਆਂ ਹਨ ਜਿਨ੍ਹਾਂ ਦੀ ਘਰਾਂ ਵਿਚ ਵਰਤੋਂ ਕੀਤੀ ਜਾਂਦੀ ਹੈ। ਲੱਕੜੀ ਦਾ ਫਰਨੀਚਰ ਅਤੇ ਲੱਕੜੀ ਨਾਲ ਸੰਬੰਧਿਤ ਵਸਤੂਆਂ 9.9 ਪ੍ਰਤਿਸ਼ਤ ਦੇ ਬਰਾਬਰ ਦੇ ਮੁੱਲ ਦੀਆਂ ਮਸ਼ੀਨਾਂ ਅਤੇ ਹੋਰ ਪੁਰਜ਼ੇ ਆਦਿ 4.7 ਪ੍ਰਤਿਸ਼ਤ ਜਦ ਕਿ ਗ਼ੈਰ ਧਾਤਾਂ 'ਤੇ ਆਧਾਰਿਤ ਮੁੱਲ ਵਾਲੇ ਦੀਆਂ ਵਸਤੂਆਂ 3.8 ਪ੍ਰਤਿਸ਼ਤ ਅਤੇ ਇਸ ਤੋਂ ਇਲਾਵਾ ਇਸ ਲੰਮੀ ਸੂਚੀ ਵਿਚ 29.5 ਪ੍ਰਤਿਸ਼ਤ ਮੁੱਲ ਦੀਆਂ ਹੋਰ ਵਸਤੂਆਂ ਬਣਦੀਆਂ ਹਨ।

ਵੱਡੇ ਪੈਮਾਨੇ ਦੇ ਉਦਯੋਗ ਦੇ ਮੁਕਾਬਲੇ ਘਰੇਲੂ, ਛੋਟੇ ਪੈਮਾਨੇ ਅਤੇ ਦਰਮਿਆਨੇ ਦਰਜੇ ਦੀਆਂ ਉਦਯੋਗਿਕ ਇਕਾਈਆਂ ਵਿਚ ਰੁਜ਼ਗਾਰ ਦੇ ਜ਼ਿਆਦਾ ਮੌਕੇ ਮਿਲੇ ਹਨ। ਪਿਛਲੇ ਸਾਲਾਂ ਵਿਚ ਇਨ੍ਹਾਂ ਇਕਾਈਆਂ ਵਿਚ ਰੁਜ਼ਗਾਰ ਵਧਿਆ ਹੈ ਭਾਵੇਂ ਕਿ ਇਨ੍ਹਾਂ ਇਕਾਈਆਂ ਨੂੰ ਵੱਡੇ ਪੈਮਾਨੇ ਦੀਆਂ, ਦੇਸ਼ ਦੇ ਅੰਦਰ ਅਤੇ ਵਿਦੇਸ਼ਾਂ ਦੀਆਂ ਬਹੁਦੇਸ਼ੀ ਕੰਪਨੀਆਂ ਦਾ ਮੁਕਾਬਲਾ ਵੀ ਕਰਨਾ ਪੈਂਦਾ ਹੈ। ਖ਼ਾਸ ਕਰਕੇ 2001 ਤੋਂ ਲੈ ਕੇ 2011 ਤਕ ਦੇ 11 ਸਾਲਾਂ ਵਿਚ ਇਨ੍ਹਾਂ ਇਕਾਈਆਂ ਵਿਚ ਰੁਜ਼ਗਾਰ ਦੇ ਮੌਕੇ 5 ਗੁਣਾ ਦੇ ਬਰਾਬਰ ਵਧੇ ਹਨ। 2001 ਵਿਚ ਇਨ੍ਹਾਂ ਇਕਾਈਆਂ ਵਿਚ ਸਿਰਫ਼ 2 ਕਰੋੜ ਲੋਕ ਰੁਜ਼ਗਾਰ ਪ੍ਰਾਪਤ ਕਰ ਰਹੇ ਸਨ ਜਿਨ੍ਹਾਂ ਵਿਚ ਵਾਧਾ ਹੋ ਕੇ 2006 ਵਿਚ ਉਹ 3.00 ਕਰੋੜ ਦੇ ਬਰਾਬਰ ਹੋ ਗਏ, ਪਰ 2011 ਵਿਚ ਇਹ 10.5 ਕਰੋੜ ਹੋ ਗਏ ਜਾਂ ਇਕਦਮ ਤਿੰਨ ਗੁਣਾ ਵਾਧਾ ਹੋਇਆ। ਰੁਜ਼ਗਾਰ ਵਿਚ ਇੰਨਾ ਵਾਧਾ ਵੱਡੇ ਪੈਮਾਨੇ ਦੀਆਂ ਇਕਾਈਆਂ ਵਿਚ ਹੀ ਨਹੀਂ ਹੋਇਆ ਸਗੋਂ ਉਨ੍ਹਾਂ ਇਕਾਈਆਂ ਵਿਚ ਵਸਤੂਆਂ ਵਿਚ ਮੁਕਾਬਲੇ ਦੀ ਯੋਗਤਾ ਪੈਦਾ ਕਰਨ ਦੀ ਦੌੜ ਵਿਚ ਕੁਝ ਸਾਲਾਂ ਵਿਚ ਰੁਜ਼ਗਾਰ ਵਿਚ ਬਿਲਕੁਲ ਹੀ ਕੋਈ ਵਾਧਾ ਨਾ ਹੋਇਆ।

ਸਮੁੱਚੇ ਭਾਰਤ ਵਿਚ ਰਜਿਸਟਡ ਫੈਕਟਰੀਆਂ ਦੀ ਗਿਣਤੀ 2010-11 ਵਿਚ ਵਧ ਕੇ 2 ਲੱਖ 11 ਹਜ਼ਾਰ 660 ਹੋ ਗਈ ਜਿਨ੍ਹਾਂ ਵਿਚ 160.70 ਖਰਬ ਰੁਪਏ ਸਥਿਰ ਪੂੰਜੀ ਵਜੋਂ ਲੱਗੇ ਹੋਏ ਸਨ ਜਿਨ੍ਹਾਂ ਵਿਚ 62.03 ਅਰਬ ਰੁਪਏ ਦੀ ਚਾਲੂ ਪੂੰਜੀ ਲੱਗੀ ਹੋਈ ਸੀ। ਇਨ੍ਹਾਂ ਇਕਾਈਆਂ ਦੇ ਜ਼ਿੰਮੇ 82.56 ਅਰਬ ਰੁਪਏ ਦਾ ਕਰਜ਼ਾ ਸੀ ਪਰ ਇਨ੍ਹਾਂ ਵਿਚ ਰੁਜ਼ਗਾਰ ਸਿਰਫ਼ 99 ਲੱਖ 1 ਹਜ਼ਾਰ 970 ਵਿਅਕਤੀਆਂ ਦਾ ਸੀ, ਜਦ ਕਿ ਹੋਰ ਕਰਮਚਾਰੀ ਅਤੇ ਇਨ੍ਹਾਂ ਨਾਲ ਸੰਬੰਧਿਤ ਕੁਲ ਵਿਅਕਤੀਆਂ ਦੀ ਗਿਣਤੀ 1 ਕਰੋੜ 26 ਲੱਖ ਵਿਅਕਤੀ ਬਣਦੀ ਹੈ ਜਿਨ੍ਹਾਂ ਨੂੰ 212.90 ਖਰਬ ਰੁਪਏ ਸਾਲਾਨਾ ਤਨਖ਼ਾਹ ਦੇ ਰੂਪ ਵਿਚ ਮਿਲਦੇ ਹਨ। ਇਨ੍ਹਾਂ ਵੱਡੀਆਂ ਫੈਕਟਰੀਆਂ ਵਲੋਂ ਸਾਲਾਨਾ 467 ਅਰਬ ਰੁਪਏ ਦਾ ਮਾਲ ਪੈਦਾ ਕੀਤਾ ਜਾਂਦਾ ਹੈ। ਇਥੇ ਇਹ ਗੱਲ ਵਰਨਣ ਯੋਗ ਹੈ ਕਿ ਵੱਡੇ ਪੈਮਾਨੇ ਦੀਆਂ ਫੈਕਟਰੀਆਂ ਵਿਚ ਪੂੰਜੀ ਜ਼ਿਆਦਾ ਲੱਗੀ ਹੋਈ ਹੈ, ਉਤਪਾਦਨ ਵੀ ਜ਼ਿਆਦਾ ਕੀਤਾ ਜਾਂਦਾ ਹੈ, ਪਰ ਪੂੰਜੀ ਨੂੰ ਕਿਰਤੀਆਂ ਦੀ ਜਗ੍ਹਾ 'ਤੇ ਵਰਤਣ ਕਰਕੇ, ਰੁਜ਼ਗਾਰ ਘੱਟ ਹੈ, ਜਦ ਕਿ ਛੋਟੇ ਪੈਮਾਨੇ ਦੀਆਂ ਇਕਾਈਆਂ ਵਿਚ ਪੂੰਜੀ ਵੀ ਘੱਟ ਲੱਗੀ ਹੈ, ਉਤਪਾਦਨ ਵੀ ਘੱਟ ਹੈ ਪਰ ਰੁਜ਼ਗਾਰ ਜ਼ਿਆਦਾ ਹੈ।

ਵਿਕਾਸ ਦੌਰਾਨ ਖੇਤੀ ਆਧਾਰਿਤ ਵਸੋਂ ਬਦਲ ਕੇ ਉਦਯੋਗਾਂ ਵਿਚ ਲਗਦੀ ਜਾਂਦੀ ਹੈ। ਕਿਸੇ ਵੀ ਖ਼ੁਸ਼ਹਾਲ ਅਤੇ ਵਿਕਸਤ ਆਰਥਿਕਤਾ ਦੀ ਇਹ ਸ਼ਰਤ ਹੈ ਕਿ ਉਥੋਂ ਦੇ ਉਦਯੋਗ ਵਿਕਸਤ ਹੋਣ ਅਤੇ ਪੂਰਨ ਰੁਜ਼ਗਾਰ ਹੋਵੇ। ਭਾਰਤ ਵਿਚ ਪੰਜਾਬ ਖੇਤੀ ਵਿਚ ਸਭ ਤੋਂ ਵਿਕਸਤ ਰਾਜ ਹੈ ਜਿਥੇ ਪ੍ਰਤਿ ਏਕੜ ਉਪਜ ਇਸ ਵੇਲੇ ਆਪਣੇ ਸਿਖ਼ਰ 'ਤੇ ਪਹੁੰਚ ਚੁੱਕੀ ਹੈ ਜਿਥੇ ਹੋਰ ਵਾਧਾ ਕਰਨਾ ਬਹੁਤ ਮੁਸ਼ਕਿਲ ਜਾਪਦਾ ਹੈ ਪਰ ਖੇਤੀ ਦੇ ਇੰਨਾ ਵਿਕਸਤ ਹੋਣ ਦੇ ਬਾਵਜੂਦ ਰੁਜ਼ਗਾਰ ਲਈ ਅਜੇ ਵੀ ਖੇਤੀ ਹੀ ਮੁੱਖ ਪੇਸ਼ਾ ਹੈ। ਇਹ ਇਸ ਲਈ ਨਹੀਂ ਕਿ ਖੇਤੀ ਇਕ ਲਾਹੇਵੰਦ ਪੇਸ਼ਾ ਹੈ ਸਗੋਂ ਇਸ ਲਈ ਕਿ ਖੇਤੀ ਤੋਂ ਇਲਾਵਾ ਰੁਜ਼ਗਾਰ ਦੇ ਹੋਰ ਮੌਕੇ ਘੱਟ ਹਨ ਖ਼ਾਸ ਕਰਕੇ ਉਦਯੋਗ ਘੱਟ ਵਧੇ ਹਨ।

ਨਿਰਮਾਣ ਉਦਯੋਗਾਂ ਅਤੇ ਛੋਟੇ ਪੈਮਾਨੇ ਦੇ ਉਦਯੋਗਾਂ ਦਾ ਬਹੁਤ ਹੀ ਚੰਗਾ ਮੁਕਾਬਲਾ ਪੰਜਾਬ ਤੋਂ ਪੇਸ਼ ਕੀਤਾ ਜਾ ਸਕਦਾ ਹੈ ਜੋ ਸਾਰੇ ਭਾਰਤ ਦੇ ਰਾਜਾਂ ਬਾਰੇ, ਉਦਯੋਗਾਂ ਅਤੇ ਰੁਜ਼ਗਾਰ ਦੀ ਤਸਵੀਰ ਨੂੰ ਸਪੱਸ਼ਟ ਕਰਦਾ ਹੈ। ਪੰਜਾਬ ਵਿਚ ਵੱਡੇ ਪੈਮਾਨੇ ਅਤੇ ਦਰਮਿਆਨੇ ਦਰਜੇ ਦੀਆਂ ਇਕਾਈਆਂ ਦੀ ਕੁੱਲ ਗਿਣਤੀ ਸਿਰਫ਼ 380 ਹੈ ਜਿਨ੍ਹਾਂ ਵਿਚ 50175.89 ਕਰੋੜ ਰੁਪਏ ਦੀ ਪੂੰਜੀ ਲੱਗੀ ਹੋਈ ਹੈ ਜਦ ਕਿ ਇਨ੍ਹਾਂ ਇਕਾਈਆਂ ਵਿਚ ਸਿਰਫ਼ 2 ਲੱਖ 38 ਹਜ਼ਾਰ 589 ਕਿਰਤੀ ਕੰਮ ਕਰਦੇ ਹਨ ਤੇ ਉਨ੍ਹਾਂ ਇਕਾਈਆਂ ਵਲੋਂ 9239.83 ਕਰੋੜ ਰੁਪਏ ਦਾ ਸਾਲਾਨਾ ਉਤਪਾਦਨ ਕੀਤਾ ਜਾਂਦਾ ਹੈ। ਛੋਟੇ ਪੈਮਾਨੇ ਦੀਆਂ ਇਕਾਈਆਂ ਦੀ ਗਿਣਤੀ 1 ਲੱਖ 54 ਹਜ਼ਾਰ 421 ਹੈ ਜਿਨ੍ਹਾਂ ਵਿਚ ਸਿਰਫ਼ 11459.15 ਕਰੋੜ ਰੁਪਏ ਦੀ ਸਥਿਰ ਪੂੰਜੀ ਲੱਗੀ ਹੋਈ ਹੈ ਪਰ ਇਨ੍ਹਾਂ ਇਕਾਈਆਂ ਵਿਚ 10 ਲੱਖ 77 ਹਜ਼ਾਰ 616 ਕਿਰਤੀ ਕੰਮ ਕਰਦੇ ਹਨ ਜੋ ਸਾਲਾਨਾ 6291.25 ਕਰੋੜ ਰੁਪਏ ਦਾ ਮਾਲ ਤਿਆਰ ਕਰਦੇ ਹਨ। ਇਸ ਤੋਂ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਵੱਡੇ ਅਤੇ ਦਰਮਿਆਨੇ ਦਰਜੇ ਵਿਚ 4 ਗੁਣਾ ਜ਼ਿਆਦਾ ਪੂੰਜੀ ਲੱਗੀ ਹੋਈ ਹੇ ਜੋ 9239.83 ਕਰੋੜ ਦਾ ਸਾਲਾਨਾ ਉਤਪਾਦਨ ਕਰਦੇ ਹਨ ਜਾਂ ਇਹ ਕਿ ਛੋਟੇ ਪੈਮਾਨੇ ਦੀਆਂ ਇਕਾਈਆਂ ਤੋਂ ਡੇਢ ਗੁਣਾ ਦੇ ਬਰਾਬਰ ਉਤਪਾਦਨ ਲੈਣ ਲਈ 4 ਗੁਣਾ ਤੋਂ ਵੱਧ ਪੂੰਜੀ ਲਾਈ ਗਈ ਹੈ ਜਦ ਕਿ ਦੂਸਰੀ ਤਰਫ਼ ਛੋਟੇ ਪੈਮਾਨੇ ਦੀਆਂ ਇਕਾਈਆਂ ਵਿਚ ਭਾਵੇਂ ਪੂੰਜੀ ਤਾਂ ਚਾਰ ਗੁਣਾ ਘੱਟ ਲੱਗੀ ਹੋਈ ਹੈ ਪਰ ਰੁਜ਼ਗਾਰ 6 ਗੁਣਾ ਤੋਂ ਵੱਧ ਪੈਦਾ ਕੀਤਾ ਗਿਆ ਹੈ ਜਿਸ ਦਾ ਅਰਥ ਹੈ ਕਿ ਛੋਟੇ ਪੈਮਾਨੇ

ਦੀਆਂ ਇਕਾਈਆਂ ਵਿਚ ਰੁਜ਼ਗਾਰ ਪੈਦਾ ਕਰਨ ਦੇ ਜ਼ਿਆਦਾ ਮੌਕੇ ਹਨ। ਇਸ ਦੇ ਮੁਕਾਬਲੇ ਜੇ ਹੋਰ ਵੱਡੇ ਉਦਯੋਗ ਜਿਹੜੇ ਨਿਰਮਾਣ ਉਦਯੋਗ ਵਿਚ ਆਉਂਦੇ ਹਨ, ਨਾਲ ਤੁਲਨਾ ਕਰੀਏ ਤਾਂ ਪਤਾ ਲਗਦਾ ਹੈ ਕਿ ਉਨ੍ਹਾਂ ਵਿਚ ਪੂੰਜੀ ਹੋਰ ਜ਼ਿਆਦਾ ਲੱਗੀ ਹੋਈ ਹੈ, ਉਤਪਾਦਨ ਵੀ ਜ਼ਿਆਦਾ ਹੈ ਪਰ ਵਿਸ਼ੇਸ਼ ਮਸ਼ੀਨਾਂ ਅਤੇ ਉੱਨਤ ਤਕਨਾਲੋਜੀ ਕਰਕੇ, ਉਨ੍ਹਾਂ ਵਿਚ ਰੁਜ਼ਗਾਰ ਹੋਰ ਘੱਟ ਹੈ ਜਿਸ ਤਰ੍ਹਾਂ ਪੰਜਾਬ ਵਿਚ ਇਸ ਕਿਸਮ ਦੇ ਵੱਡੇ ਉਦਯੋਗ ਵਿਚ ਹੈ, ਇਸ ਤਰ੍ਹਾਂ ਹੀ ਦੇਸ਼ ਭਰ ਦੇ ਹੋਰ ਰਾਜਾਂ ਵਿਚ ਵੀ ਹੈ।

ਉੱਪਰ ਦਿਤੇ ਤੱਥਾਂ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਦੇਸ਼ ਦੇ ਵਿਕਾਸ, ਰੁਜ਼ਗਾਰ ਪ੍ਰਾਪਤੀ ਅਤੇ ਖ਼ੁਸ਼ਹਾਲੀ ਲਈ ਉਦਯੋਗਾਂ ਦਾ ਵਿਕਸਤ ਹੋਣਾ ਕਿੰਨਾ ਜ਼ਰੂਰੀ ਹੈ, ਖ਼ਾਸ ਕਰਕੇ ਰੁਜ਼ਗਾਰ ਵਧਾਉਣ ਲਈ ਕਿਉਂਕਿ ਜੋ ਖੇਤੀਬਾੜੀ ਇਕ ਸੀਮਾ ਤੋਂ ਬਾਅਦ ਹੋਰ ਰੁਜ਼ਗਾਰ ਮੌਕੇ ਪੈਦਾ ਨਹੀਂ ਕਰ ਸਕਦੀ। ਆਮ ਤੌਰ ਤੇ 20 ਤੋਂ 50 ਸਾਲ ਦੀ ਉਮਰ ਵਿਚਾਲੇ ਦੇ ਲੋਕਾਂ ਨੂੰ ਰੁਜ਼ਗਾਰ ਪ੍ਰਾਪਤ ਕਰਨ ਵਾਲੀ ਵਸੋਂ ਗਿਣਿਆ ਜਾਂਦਾ ਹੈ। ਇਕ ਅੰਦਾਜ਼ੇ ਅਨੁਸਾਰ 2007 ਤਕ ਭਾਰਤ ਵਿਚ ਇਸ ਉਮਰ ਵਰਗ ਦੀ ਵਸੋਂ ਕੁੱਲ ਵਸੋਂ ਦਾ 60 ਪ੍ਰਤਿਸ਼ਤ ਸੀ ਅਤੇ ਇਹ ਅੰਦਾਜ਼ਾ ਲਾਇਆ ਗਿਆ ਕਿ 2002 ਤਕ ਇਹ ਗਿਣਤੀ ਵਧ ਕੇ 63 ਪ੍ਰਤਿਸ਼ਤ ਹੋ ਜਾਵੇਗੀ ਅਤੇ ਇਸ 3 ਪ੍ਰਤਿਸ਼ਤ ਦੇ ਵਾਧੇ ਨਾਲ 47 ਮਿਲੀਅਨ ਹੋਰ ਵਸੋਂ ਨੂੰ ਰੁਜ਼ਗਾਰ ਪ੍ਰਾਪਤੀ ਦੀ ਲੋੜ ਹੋਵੇਗੀ। ਇਸ ਤਰ੍ਹਾਂ ਜਿਥੇ ਪਹਿਲਾਂ ਹੀ ਵੱਡੀ ਬੇਰੁਜ਼ਗਾਰ ਵਸੋਂ ਲਈ ਸਾਲਾਨਾ 1.20 ਕਰੋੜ ਨਵੀਆਂ ਨੌਕਰੀਆਂ ਪੈਦਾ ਕਰਨ ਦੀ ਲੋੜ ਹੈ ਉਥੇ ਵਧੀ ਹੋਈ ਵਸੋਂ ਕਰਕੇ, ਨੌਕਰੀਆਂ ਵਿਚ ਹੋਰ ਵੱਡੇ ਵਾਧੇ ਕਰਨ ਦੀ ਲੋੜ ਪਵੇਗੀ ਜਿਸ ਲਈ ਖੇਤੀ ਅਤੇ ਸੇਵਾਵਾਂ ਦੇ ਖੇਤਰ ਹੀ ਨਹੀ ਸਗੋਂ ਉਦਯੋਗਿਕ ਖੇਤਰ ਹੀ ਮਦਦ ਕਰ ਸਕਦਾ ਹੈ। ਇਥੇ ਇਹ ਗੱਲ ਵੀ ਵਰਨਣਯੋਗ ਹੈ ਕਿ ਅੰਤਰਰਾਸ਼ਟਰੀ ਕਿਰਤ ਸੰਸਥਾ ਦੇ ਅਨੁਸਾਰ ਭਾਰਤ ਵਿਚ 60 ਸਾਲਾਂ ਤੋਂ ਵੱਧ ਵਿਅਕਤੀਆਂ ਦੀ ਗਿਣਤੀ ਘੱਟ ਹੈ ਜਦ ਕਿ ਅਮਰੀਕਾ ਵਿਚ 65 ਸਾਲਾਂ ਤੋਂ ਵੱਧ ਵਿਅਕਤੀ ਕੁੱਲ ਵਸੋਂ ਦਾ 39 ਪ੍ਰਤਿਸ਼ਤ ਸੀ, ਜਰਮਨੀ ਵਿਚ 53 ਪ੍ਰਤਿਸ਼ਤ ਅਤੇ ਜਪਾਨ ਵਿਚ 67 ਪ੍ਰਤਿਸ਼ਤ ਹੋ ਜਾਣਗੇ। ਭਾਰਤ ਵਿਚ 60 ਸਾਲਾਂ ਤੋਂ ਵੱਧ ਵਿਅਕਤੀਆਂ ਦੀ ਗਿਣਤੀ ਸਿਰਫ਼ 19 ਪ੍ਰਤਿਸ਼ਤ ਹੀ ਹੋਵੇਗੀ। ਇਸ ਦਾ ਅਰਥ ਇਹ ਵੀ ਹੈ ਕਿ ਔਸਤ ਉਮਰ ਘੱਟ ਹੋਣ ਕਰਕੇ, ਜ਼ਿਆਦਾਤਰ ਵਸੋਂ ਉਹ ਨਹੀਂ ਜਿਹੜੀ ਨਿਰਭਰ ਕਰਦੀ ਹੋਵੇ ਪਰ ਇਸ ਦਾ ਅਰਥ ਇਹ ਵੀ ਹੈ ਕਿ ਜ਼ਿਆਦਾਤਰ ਵਸੋਂ ਉਹ ਹੈ ਜੋ ਕੰਮ ਕਰਨਾ ਚਾਹੁੰਦੀ ਹੈ ਅਤੇ ਕੰਮ ਵਾਲੀ ਵਸੋਂ ਗਿਣੀ ਜਾਂਦੀ ਹੈ। ਪਰ ਜ਼ਿਆਦਾ ਬੇਰੁਜ਼ਗਾਰੀ ਹੋਣ ਕਰਕੇ ਇਹ ਮਨੁੱਖੀ ਸਾਧਨਾਂ ਦਾ ਵੱਡਾ ਨੁਕਸਾਨ ਹੈ ਕਿਉਂਕਿ ਜੋ ਕਿਰਤ ਜਿਹੜੀ ਅੱਜ ਨਹੀਂ ਕੀਤੀ ਗਈ, ਉਸ ਨੂੰ ਕੱਲ੍ਹ ਤਕ ਬਚਾ ਕੇ ਤਾਂ ਵਰਤਿਆ ਨਹੀਂ ਜਾ ਸਕਦਾ।

ਸਰਕਾਰ ਵਲੋਂ ਜਿਹੜੀ ਰਾਸ਼ਟਰੀ ਨਿਰਮਾਣ ਨੀਤੀ 2011 ਐਲਾਨੀ ਗਈ ਸੀ ਉਸ ਦੇ ਉਦੇਸ਼ ਸਨ ਉਦਯੋਗਿਕ ਖੇਤਰ ਵਿਚ 10 ਕਰੋੜ ਨਵੀਆਂ ਨੌਕਰੀਆਂ ਪੈਦਾ ਕਰਕੇ, ਉਦਯੋਗਿਕ ਖੇਤਰ ਦਾ ਕੁੱਲ ਘਰੇਲੂ ਉਤਪਾਦਨ ਵਿਚ 2022 ਤਕ ਹਿੱਸਾ ਵਧਾ ਕੇ 25 ਪ੍ਰਤਿਸ਼ਤ ਕਰ ਦੇਣਾ। ਇਸ ਨੀਤੀ ਵਿਚ ਇਕ ਰਾਸ਼ਟਰੀ ਨਿਵੇਸ਼ ਅਤੇ ਨਿਰਮਾਣਸਾਜ਼ੀ ਖਿੱਤਾ ਵਿਕਸਤ ਕਰਨਾ ਸੀ ਜਿਸ ਵਿਚ ਸੰਗਠਿਤ ਉਦਯੋਗਿਕ ਸ਼ਹਿਰ ਸਥਾਪਤ ਕੀਤੇ ਜਾਣ। ਇਹ ਚੀਨ ਵਲੋਂ ਵੱਡੇ ਉਦਯੋਗਿਕ ਖਿੱਤੇ ਬਣਾਉਣ ਵਾਲੀ ਨੀਤੀ ਦੇ ਸਮਰੂਪ ਸੀ ਅਤੇ ਇਸ ਲਈ ਤਜਵੀਜ਼ ਸੀ ਕਿ 5000 ਹੈਕਟਰ ਭੂਮੀ 'ਤੇ ਇਸ ਤਰ੍ਹਾਂ ਦੇ ਸੰਗਠਿਤ ਉਦਯੋਗਿਕ ਖਿੱਤੇ ਬਣਾਏ ਜਾਣ ਜੋ ਵੱਖ-ਵੱਖ ਥਾਵਾਂ 'ਤੇ ਸਥਾਪਤ ਕੀਤੇ ਜਾਣ।

ਸਰਕਾਰ ਵਲੋਂ ਉਦਯੋਗਿਕ ਖੇਤਰ ਨੂੰ ਰੁਜ਼ਗਾਰ ਦੇ ਮੌਕੇ ਵਧਾਉਣ ਲਈ ਜਿਹੜੀ ਨੀਤੀ ਅਪਨਾਈ ਗਈ ਹੈ ਉਸ ਵਿਚ ਜ਼ਿਆਦਾ ਧਿਆਨ ਛੋਟੇ ਅਤੇ ਦਰਮਿਆਨੇ ਦਰਜੇ ਦੀਆਂ ਇਕਾਈਆਂ 'ਤੇ ਦਿਤਾ ਗਿਆ ਹੈ ਕਿਉਂਕਿ ਇਨ੍ਹਾਂ ਵਿਚ ਰੁਜ਼ਗਾਰ ਦੇ ਜ਼ਿਆਦਾ ਮੌਕੇ ਹਨ। ਕੁਝ ਉਦਯੋਗਿਕ ਇਕਾਈਆਂ ਜਿਸ ਤਰ੍ਹਾਂ ਖੁਰਾਕ ਵਸਤੂਆਂ ਦੇ ਉਦਯੋਗ ਛੋਟੇ ਜਾਂ ਵੱਡੇ ਪੈਮਾਨੇ 'ਤੇ ਇਕਸਾਰ ਯੋਗਤਾ ਨਾਲ ਖੋਲ੍ਹੇ ਜਾ ਸਕਦੇ ਹਨ, ਜਾਂ ਇਨ੍ਹਾਂ ਵਸਤੂਆਂ ਲਈ ਵੱਡੇ ਪੈਮਾਨੇ ਦੀਆਂ ਇਕਾਈਆਂ ਦੇ ਉਨ੍ਹਾਂ ਲਾਭਾਂ ਦੀ ਖ਼ਾਸ ਮਹੱਤਤਾ ਨਹੀਂ ਹੈ ਜਿਸ ਲਈ ਉਨ੍ਹਾਂ ਇਕਾਈਆਂ ਦੀ ਪਛਾਣ ਕਰਨ ਦੀ ਲੋੜ ਹੈ ਜਿਹੜੀ ਘੱਟ ਪੂੰਜੀ ਨਾਲ, ਪਰ ਜ਼ਿਆਦਾ ਯੋਗਤਾ ਨਾਲ ਛੋਟੇ ਪੈਮਾਨੇ 'ਤੇ ਚਲਾਈਆਂ ਜਾ ਸਕਦੀਆਂ ਹਨ ਤਾਂ ਕਿ ਰੁਜ਼ਗਾਰ ਵਿਚ ਵੱਡਾ ਵਾਧਾ ਕੀਤਾ ਜਾ ਸਕੇ। ਨਵੀਂ ਨੀਤੀ ਵਿਚ ਇਸ ਗੱਲ 'ਤੇ ਵੀ ਧਿਆਨ ਦੇਣ ਦੀ ਲੋੜ ਹੈ ਕਿ ਵੱਖ-ਵੱਖ ਖੇਤਰਾਂ ਵਿਚ ਉਥੋਂ ਦੇ ਮਿਲਦੇ ਕੱਚੇ ਮਾਲ 'ਤੇ ਆਧਾਰਿਤ ਇਕਾਈਆਂ ਸਥਾਪਤ ਕੀਤੀਆਂ ਜਾਣ ਜਿਨ੍ਹਾਂ ਨੂੰ ਉਨ੍ਹਾਂ ਦੇ ਘਰਾਂ ਦੇ ਕੋਲ ਹੀ ਰੁਜ਼ਗਾਰ ਮਿਲ ਸਕੇ।

ਨਵੀਂ ਨੀਤੀ ਵਿਚ ਇਸ ਗੱਲ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ ਕਿ ਉਨ੍ਹਾਂ ਇਕਾਈਆਂ ਨੂੰ ਪਹਿਲ ਦਿਤੀ ਜਾਵੇ, ਕਰਜ਼ੇ ਦੀ ਸਹੂਲਤ ਦਿਤੀ ਜਾਵੇ ਅਤੇ ਹੋਰ ਸਹੂਲਤਾਂ ਦਿਤੀਆਂ ਜਾਣ ਜਿਨ੍ਹਾਂ ਵਿਚ ਜ਼ਿਆਦਾ ਕਿਰਤ ਘਣਤਾ ਰੱਖਦੀਆਂ ਹਨ। ਉਦਯੋਗਿਕ ਖੇਤਰ ਵਿਚ ਕੰਮ ਕਰਨ ਵਾਲੇ ਕਿਰਤੀ ਜ਼ਿਆਦਾ ਕੁਸ਼ਲ ਕਿਰਤੀ ਹੋਣਗੇ, ਉਨ੍ਹਾਂ ਦੀ ਉਤਪਾਦਿਕਤਾ ਵੀ ਜ਼ਿਆਦਾ ਹੋਵੇਗੀ ਅਤੇ ਉਨ੍ਹਾਂ ਦੀ ਕਮਾਈ ਵੀ ਜ਼ਿਆਦਾ ਹੋਵੇਗੀ, ਜਿਸ ਨਾਲ ਦੇਸ਼ ਵਿਚ ਖ਼ੁਸ਼ਹਾਲੀ ਦਾ ਮਹੌਲ ਪੈਦਾ ਹੋਵੇਗਾ। ਕੁਸ਼ਲ ਕਿਰਤੀ ਪੈਦਾ ਕਰਨ ਲਈ ਜਿਨ੍ਹਾਂ ਨੂੰ ਆਸਾਨੀ ਨਾਲ ਉਦਯੋਗਾਂ ਵਿਚ ਰੁਜ਼ਗਾਰ ਮਿਲ ਸਕੇ ਤਿਆਰ ਕਰਨ ਲਈ ਵੱਖ-ਵੱਖ ਖੇਤਰਾਂ ਵਿਚ ਸ਼ਹਿਰਾਂ ਅਤੇ ਪਿੰਡਾਂ ਵਿਚ ਉਦਯੋਗਿਕ ਸਿਖਲਾਈ ਸੰਸਥਾਵਾਂ ਖੋਲ੍ਹ ਕੇ, ਉਨ੍ਹਾਂ ਉਦਯੋਗਿਕ ਇਕਾਈਆਂ ਦੀਆਂ ਲੋੜਾਂ ਅਨੁਸਾਰ ਕਿਰਤੀ ਤਿਆਰ ਕੀਤੇ ਜਾਣ। ਉਦਯੋਗਿਕ ਕਿਰਤੀ ਦੀ ਮਹੱਤਤਾ ਨੂੰ ਸਮਝਦਿਆਂ ਹੋਇਆਂ ਇਹ ਵੀ ਜ਼ਰੂਰੀ ਹੈ ਕਿ ਸਕੂਲਾਂ, ਕਾਲਜਾਂ 'ਚ ਲੋੜ ਅਨੁਸਾਰ ਪੇਸ਼ਾਵਰ ਕੋਰਸਾਂ ਨੂੰ ਹੋਰ ਵਿੱਦਿਆ ਦੇ ਨਾਲ ਸ਼ੁਰੂ ਕੀਤਾ ਜਾਵੇ।

ਅੱਜ ਦੇ ਵਿਸ਼ਵ ਮੁਕਾਬਲੇ ਵਿਚ ਵਸਤੂਆਂ ਨੂੰ ਮੁਕਾਬਲੇਯੋਗ ਬਣਾਉਣ ਲਈ ਭਾਵੇਂ ਕਿ ਵੱਡੇ ਪੈਮਾਨੇ ਦੀਆਂ ਇਕਾਈਆਂ ਦੀ ਮਹੱਤਤਾ ਵਧ ਗਈ ਹੈ ਪਰ ਮੁੱਖ ਗੱਲ ਹੈ, ਥੋੜ੍ਹੀ ਪੂੰਜੀ ਲਾ ਕੇ, ਜ਼ਿਆਦਾ ਅਤੇ ਚੰਗਾ ਉਤਪਾਦਨ ਪੈਦਾ ਕਰਨ ਦੀ। ਇਨ੍ਹਾਂ ਲਈ ਕੁਸ਼ਲ ਕਿਰਤੀਆਂ, ਨਵੀਆਂ ਤਕਨੀਕਾਂ ਅਤੇ ਆਧੁਨਿਕ ਮਸ਼ੀਨਰੀ ਵੀ ਬਰਾਬਰ ਦੀ ਮਹੱਤਤਾ ਰੱਖਦੀਆਂ ਹਨ। ਭਾਰਤ ਵਿਚ ਜਿਸ ਵਿਦੇਸ਼ੀ ਪੂੰਜੀ ਦੇ ਨਿਵੇਸ਼ ਲਈ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਉਨ੍ਹਾਂ ਵਿਚ ਸਭ ਤੋਂ ਉੱਚੀ ਤਰਜੀਹ ਉਸ ਨਿਵੇਸ਼ ਲਈ ਹੋਣੀ ਚਾਹੀਦੀ ਹੈ ਜਿਹੜੀ ਉਦਯੋਗਿਕ ਨਿਵੇਸ਼ ਨੂੰ ਵਧਾਵੇ ਤਾਂ ਕਿ ਰੁਜ਼ਗਾਰ ਵਿਚ ਵਾਧਾ ਹੋ ਸਕੇ, ਅਤੇ ਰੁਜ਼ਗਾਰ ਦੇ ਵਾਧੇ ਲਈ ਤੇਜ਼ ਉਦਯੋਗਿਕ ਵਿਕਾਸ ਦੀ ਬਹੁਤ ਮਹੱਤਤਾ ਹੈ।

*(ਲੇਖਿਕਾ ਸੁਤੰਤਰ ਪੱਤਰਕਾਰ ਹੈ।)*

# ਰੱਖਿਆ ਖੇਤਰ ਵਿਚ ਮੇਕ ਇਨ ਇੰਡੀਆ

ਰੱਖਿਆ ਖੇਤਰ ਵਿਚ ਵਿਦੇਸ਼ਾਂ ਉੱਪਰ ਨਿਰਭਰਤਾ ਘੱਟ ਕਰਨਾ ਅਤੇ ਸਵੈ-ਨਿਰਭਰਤਾ ਪ੍ਰਾਪਤ ਕਰਨਾ ਅੱਜ ਵਿਕਲਪ ਦੀ ਬਜਾਇ ਇਕ ਲੋੜ ਹੈ। ਸਰਕਾਰ ਨੇ ਇਸ ਦੇ ਪਿਛੋਕੜ ਵਿਚ ਹਥਿਆਰਬੰਦ ਲੋੜਾਂ ਨੂੰ ਪੂਰਾ ਕਰਨ ਲਈ ਸੱਨਅਤ ਅਤੇ ਜਨਤਕ ਖੇਤਰ ਦੇ ਅਦਾਰਿਆਂ ਦੇ ਰੂਪ ਵਿਚ ਉਤਪਾਦਨ ਸਮਰੱਥਾ ਦਾ ਨਿਰਮਾਣ ਕੀਤਾ ਹੈ। ਹਾਲਾਂਕਿ, ਵੱਖ-ਵੱਖ ਰੱਖਿਆ ਅਦਾਰਿਆਂ ਦੇ ਉਤਪਾਦਨ ਦੀ ਸਮਰੱਥਾ ਨੂੰ ਵਿਕਸਤ ਕਰਨ ਲਈ ਭਾਰਤ ਵਿਚ ਨਿੱਜੀ ਖੇਤਰ ਦੀ ਭੂਮਿਕਾ ਵਧਾਉਣ 'ਤੇ ਜ਼ੋਰ ਦੇਣ ਦੀ ਲੋੜ ਹੈ। ਪ੍ਰਧਾਨ ਮੰਤਰੀ ਨੇ ਦੇਸ਼ ਵਿਚ ਵੱਖ-ਵੱਖ ਵਸਤੂਆਂ ਦੇ ਨਿਰਮਾਣ ਨੂੰ ਵਧਾਉਣ ਲਈ 'ਮੇਕ ਇਨ ਇੰਡੀਆ' ਇਕ ਮਹੱਤਵਪੂਰਨ ਪਹਿਲ ਕੀਤੀ ਹੈ। ਹੋਰ ਵਸਤੂਆਂ ਮੁਤਾਬਿਕ ਰੱਖਿਆ ਉਪਕਰਨਾਂ ਦੇ ਘਰੇਲੂ ਉਤਪਾਦਨ ਦੀ ਬਹੁਤ ਲੋੜ ਹੈ, ਕਿਉਂਕਿ ਇਨ੍ਹਾਂ ਤੋਂ ਨਾ ਕੇਵਲ ਕੀਮਤੀ ਵਿਦੇਸ਼ੀ ਮੁਦਰਾ ਦੀ ਬਚਤ ਹੋਵੇਗੀ, ਸਗੋਂ ਰਾਸ਼ਟਰੀ ਸੁਰੱਖਿਆ ਚਿੰਤਾਵਾਂ ਨੂੰ ਵੀ ਦੂਰ ਕੀਤਾ ਜਾ ਸਕੇਗਾ।

ਰੱਖਿਆ ਖੇਤਰ ਵਿਚ ਸਰਕਾਰ ਹੀ ਇਕ ਮਾਤਰ ਉਪਭੋਗਤਾ ਹੈ ਅਤੇ 'ਮੇਕ ਇਨ ਇੰਡੀਆ' ਸਾਡੀ ਖਰੀਦ ਨੀਤੀ ਵਲੋਂ ਸੰਚਾਲਿਤ ਹੋਵੇਗੀ। ਸਰਕਾਰ ਦੀ ਘਰੇਲੂ ਰੱਖਿਆ ਉਦਯੋਗ ਨੂੰ ਉਤਸ਼ਾਹ ਦੇਣ ਦੀ ਨੀਤੀ, ਰੱਖਿਆ ਖਰੀਦ ਨੀਤੀ ਵਿਚ ਚੰਗੀ ਤਰ੍ਹਾਂ ਪ੍ਰਤਿਬਿੰਬਿਤ ਹੁੰਦੀ ਹੈ। ਜਿਥੇ 'ਬਾਈ ਇੰਡੀਅਨ' ਅਤੇ 'ਬਾਈ ਐਂਡ ਮੇਕ ਇੰਡੀਅਨ' ਸ਼੍ਰੇਣੀਆਂ ਦਾ ਬਾਈ ਗਲੋਬਲ ਤੋਂ ਪਹਿਲਾਂ ਸਥਾਨ ਆਉਂਦਾ ਹੈ। ਆਉਣ ਵਾਲੇ ਸਮੇਂ ਵਿਚ ਦਰਾਮਦ ਦੁਰਲੱਭ ਹੁੰਦਾ ਜਾਵੇਗਾ ਅਤੇ ਜ਼ਰੂਰੀ ਵਿਵਸਥਾ ਦੇ ਨਿਰਮਾਣ ਅਤੇ ਵਿਕਾਸ ਲਈ ਪਹਿਲੀ ਵਾਰ ਅਕਸਰ ਭਾਰਤੀ ਉਦਯੋਗ ਨੂੰ ਪ੍ਰਾਪਤ ਹੋਵੇਗਾ। ਭਲੇ ਹੀ ਭਾਰਤੀ ਕੰਪਨੀਆਂ ਦੀ ਵਰਤਮਾਨ ਵਿਚ ਤਕਨਾਲੋਜੀ ਦੇ ਮਾਮਲੇ ਵਿਚ ਪ੍ਰਾਪਤ ਸਮਰਥਾ ਨਾ ਹੋਵੇ, ਉਨ੍ਹਾਂ ਵਿਦੇਸ਼ੀ ਕੰਪਨੀਆਂ ਨਾਲ ਸੰਯੁਕਤ ਉੱਦਮ, ਤਕਨਾਲੋਜੀ ਤਬਾਦਲਾ ਦੀ ਵਿਵਸਥਾ ਤੇ ਗਠਬੰਧਨ ਲਈ ਪ੍ਰੋਤਸਾਹਿਤ ਕੀਤਾ ਜਾਂਦਾ ਹੈ।

ਪਿਛਲੇ ਕੁਝ ਮਹੀਨਿਆਂ ਵਿਚ, ਰੱਖਿਆ ਖਰੀਦ ਕਮੇਟੀ ਵਲੋਂ ਮਨਜ਼ੂਰ ਲੋੜ ਦੀ ਮਨਜ਼ੂਰੀ ਵੇਰਵਿਆਂ ਉੱਪਰ ਨਜ਼ਰ ਮਾਰੀਏ ਤਾਂ 'ਬਾਈ ਇੰਡੀਅਨ' ਅਤੇ 'ਬਾਈ ਐਂਡ ਮੇਕ ਇੰਡੀਅਨ' ਸ਼੍ਰੇਣੀਆਂ ਤਹਿਤ 65 ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਦੇ ਪ੍ਰਸਤਾਵ ਆਏ ਹਨ। ਭਵਿੱਖ ਵਿਚ ਘਰੇਲੂ ਉਦਯੋਗਾਂ ਤੋਂ ਰੱਖਿਆ ਖਰੀਦ ਪ੍ਰਕਿਰਿਆ ਅੱਗੇ ਵੀ ਜਾਰੀ ਰਹੇਗੀ। ਖਰੀਦ ਪ੍ਰਕਿਰਿਆ ਨੂੰ ਵੱਧ ਕੁਸ਼ਲ, ਸਮਾਂਬਧ ਅਤੇ ਉਮੀਦ ਮੁਤਾਬਿਕ ਬਣਾਇਆ ਜਾਵੇਗਾ ਤਾਂ ਕਿ ਉਦਯੋਗ, ਸਾਡੇ ਹਥਿਆਰਬੰਦ ਬਲਾਂ ਦੀਆਂ ਲੋੜਾਂ ਦੀਆਂ ਪੂਰਤੀ ਲਈ ਅਗਾਂਹਵਧੂ ਖੋਜ ਅਤੇ ਵਿਕਾਸ ਅਤੇ ਨਿਵੇਸ਼ ਯੋਜਨਾ ਬਣਾ ਸਕੇ।

ਹੁਣ ਤਕ ਰੱਖਿਆ ਖੇਤਰ ਵਿਚ ਘਰੇਲੂ ਉਦਯੋਗ ਦੇ ਪ੍ਰਵੇਸ਼ ਲਈ ਲਾਇਸੰਸ ਅਤੇ ਸਿੱਧੇ ਵਿਦੇਸ਼ੀ ਨਿਵੇਸ਼ ਪਾਬੰਦੀ ਆਦਿ ਨੂੰ ਲੈ ਕੇ ਕਈ ਮੁਸ਼ਕਿਲਾਂ ਸਨ। ਪਿਛਲੇ 6 ਮਹੀਨਿਆਂ ਵਿਚ ਸਰਕਾਰ ਨੇ ਰੱਖਿਆ ਨਿਰਮਾਣ ਖੇਤਰ ਵਿਚ ਨਿਵੇਸ਼ ਦੀ ਪ੍ਰਕਿਰਿਆ ਨੂੰ ਆਸਾਨ ਬਣਾਉਣ ਲਈ ਕਈ ਨੀਤੀਆਂ ਨੂੰ ਉਦਾਰ ਬਣਾਇਆ ਹੈ। ਸਭ ਤੋਂ ਮਹੱਤਵਪੂਰਨ ਰੱਖਿਆ ਖੇਤਰ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਉਤਸ਼ਾਹ ਦੇਣ ਲਈ ਐਫ ਡੀ ਆਈ ਨੀਤੀ ਨੂੰ ਉਦਾਰ ਬਣਾਇਆ ਗਿਆ ਹੈ। ਹੁਣ ਸਰਕਾਰੀ ਮਾਧਿਅਮ ਨਾਲ ਐਫ ਆਈ ਪੀ ਬੀ ਦੀ ਮਨਜ਼ੂਰੀ ਨਾਲ 49 ਪ੍ਰਤਿਸ਼ਤ ਸਿੱਧੇ ਵਿਦੇਸ਼ੀ ਨਿਵੇਸ਼ ਨੂੰ ਮਨਜ਼ੂਰੀ ਦਿਤੀ ਗਈ ਹੈ। ਜਿਥੇ ਕਿਤੇ ਵੀ ਆਧੁਨਿਕ ਅਤੇ ਨਵੀਨਤਮ ਤਕਨਾਲੋਜੀ ਮਿਲਦੀ ਹੈ ਉਥੇ ਸੁਰੱਖਿਆ ਸੰਬੰਧੀ ਕੈਬਨਿਟ ਕਮੇਟੀ ਦੀ ਮਨਜ਼ੂਰੀ ਨਾਲ ਮਾਮਲੇ ਦਰ ਮਾਮਲੇ ਵਿਚ 49 ਪ੍ਰਤਿਸ਼ਤ ਸਿੱਧਾ ਵਿਦੇਸ਼ੀ ਨਿਵੇਸ਼ ਨੂੰ ਵੀ ਮਨਜ਼ੂਰੀ ਦਿਤੀ ਗਈ ਹੈ। ਰੱਖਿਆ ਖਰੀਦ ਨੀਤੀ ਵਿਚ ਪਹਿਲਾਂ ਤੋਂ ਮੌਜੂਦ ਸੰਸਥਾਗਤ ਨਿਵੇਸ਼ ਅਤੇ ਬਹੁਮਤ ਹਿੱਸੇਦਾਰੀ ਵਾਲੀ ਭਾਰਤੀ ਸ਼ੇਅਰ ਧਾਰਕ ਸੰਬੰਧੀ ਪਾਬੰਦੀਆਂ ਵੀ ਹਟਾ ਲਏ ਗਏ ਹਨ।

ਭਾਵੇਂ ਕਿ ਆਈ ਡੀ ਆਰ ਕਾਨੂੰਨ ਤਹਿਤ ਸੱਨਅਤੀ ਲਾਇਸੰਸ ਪ੍ਰਾਪਤ ਕਰਨ ਤੋਂ ਬਾਅਦ ਸਾਲ 2001 ਤੋਂ ਨਿੱਜੀ ਖੇਤਰ ਦੇ ਉਦਯੋਗ ਨੂੰ ਰੱਖਿਆ ਉਤਪਾਦਨ ਦੇ ਖੇਤਰ ਵਿਚ ਮਨਜ਼ੂਰੀ ਦਿਤੀ ਗਈ ਸੀ ਪਰ ਸੱਨਅਤੀ ਲਾਇਸੰਸ ਪ੍ਰਾਪਤ ਕਰਨਾ ਇਕ ਬਹੁਤ ਜਟਿਲ ਪ੍ਰਕਿਰਿਆ ਸੀ ਜੋ ਕਿ ਉਪ-ਅਸੈਂਬਲੀ, ਉਪ-ਪ੍ਰਣਾਲੀ, ਅਤੇ ਹਿੱਸੇ-ਪੁਰਜ਼ੇ ਬਣਾਉਣ ਵਾਲੇ ਵਿਅਕਤੀਆਂ ਲਈ, ਖ਼ਾਸ ਕਰਕੇ ਲਘੂ ਅਤੇ ਦਰਮਿਆਨੇ ਉਦਯੋਗਾਂ ਲਈ, ਇਕ ਪ੍ਰਮੁੱਖ ਅੜਚਣ ਸੀ। ਸਰਕਾਰ ਨੇ ਲਾਇਸੰਸ ਨੀਤੀ ਨੂੰ ਉਦਾਰ ਬਣਾਇਆ ਹੈ ਅਤੇ ਹੁਣ ਹਿੱਸੇ-ਪੁਰਜ਼ੇ, ਕੱਚਾ ਮਾਲ, ਸਿੱਖਿਆ ਉਪਕਰਨ, ਉਤਪਾਦਨ ਮਸ਼ੀਨਰੀ, ਕਾਸਟਿੰਗ ਅਤੇ ਫੋਰਜਿੰਗ ਆਦਿ ਨੂੰ ਲਾਇਸੰਸ ਦੇ ਦਾਇਰੇ ਤੋਂ ਬਾਹਰ ਰੱਖਿਆ ਗਿਆ ਹੈ। ਜੋ ਕੰਪਨੀਆਂ ਇਸ ਤਰ੍ਹਾਂ ਦੀਆਂ ਵਸਤੂਆਂ ਦਾ ਉਤਪਾਦਨ ਕਰਨਾ ਚਾਹੁੰਦੀਆਂ ਹਨ, ਹੁਣ ਉਨ੍ਹਾਂ ਨੂੰ ਲਾਇਸੰਸ ਦੀ ਲੋੜ ਨਹੀ ਹੋਵੇਗੀ ਅਤੇ ਨਾ ਹੀ ਉਨ੍ਹਾਂ ਉੱਪਰ 49 ਪ੍ਰਤਿਸ਼ਤ ਐਫ ਡੀ ਆਈ ਦੀ ਸੀਮਾ ਦੀ ਪਾਬੰਦੀ ਹੋਵੇਗੀ। ਵੱਖ-ਵੱਖ ਸ਼੍ਰੇਣੀਆਂ ਦੇ ਉਦਯੋਗਾਂ ਦੇ ਪਾਲਣ ਲਈ ਇਕ ਵਿਆਪਕ ਸੁਰੱਖਿਆ ਮੈਨੂਅਲ ਤਿਆਰ ਕੀਤਾ ਗਿਆ ਹੈ ਤਾਂ ਕਿ ਕੰਪਨੀਆਂ ਦੀ ਇਸ ਤਕ ਆਸਾਨ ਪਹੁੰਚ ਹੋਵੇ ਅਤੇ ਉਸ ਮੁਤਾਬਕ ਇਸ ਦਾ ਪਾਲਨ ਕੀਤਾ ਜਾ ਸਕੇ। ਸੱਨਅਤੀ ਲਾਇਸੰਸ ਦੀ ਸ਼ੁਰੂਆਤੀ ਮਿਆਦ 2 ਤੋਂ ਵਧਾ ਕੇ 3 ਸਾਲ ਕਰ ਦਿਤੀ ਗਈ ਹੈ।

ਪਹਿਲੀ ਵਾਰ, ਇਕ ਰੱਖਿਆ ਬਰਾਮਦ ਨੀਤੀ ਤਿਆਰ ਕੀਤੀ ਗਈ ਹੈ, ਜਿਸ ਨੂੰ ਪਬਲਿਕ ਡੋਮੇਨ ਵਿਚ ਰੱਖਿਆ ਗਿਆ ਹੈ। ਇਸ ਨੀਤੀ ਨੂੰ ਰੱਖਿਆ ਉਤਪਾਦਾਂ ਦੇ ਨਿਰਯਾਤ ਨੂੰ ਉਤਸ਼ਾਹ ਦੇਣ ਲਈ ਸਰਕਾਰ ਵਲੋਂ ਕੀਤੇ ਜਾਣ ਵਾਲੇ ਖ਼ਾਸ ਉਪਾਵਾਂ ਦੀ ਰੂਪ-ਰੇਖਾ ਦਿਤੀ ਗਈ। ਇਸ ਨੀਤੀ ਵਿਚ ਘਰੇਲੂ ਉਦਯੋਗ ਨੂੰ ਲੰਮੇਂ ਸਮੇਂ ਵਿਚ ਜ਼ਿਆਦਾ ਟਿਕਾਊ ਬਣਾਉਣ ਦਾ ਉਦੇਸ਼ ਨਿਹਿਤ ਹੈ ਕਿਉਂਕਿ ਇਹ ਉਦਯੋਗ ਸ਼ੁੱਧ ਰੂਪ ਨਾਲ ਘਰੇਲੂ ਮੰਗ ਉੱਪਰ ਨਿਰਭਰ ਨਹੀ

*ਬਾਕੀ ਸਫ਼ਾ 52 ਉੱਤੇ*

# ਊਰਜਾ ਦੇ ਬੁਨਿਆਦੀ ਢਾਂਚੇ ਦੇ ਵਿਕਾਸ 'ਤੇ ਜ਼ੋਰ

ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਨੇ ਦੇਸ਼ ਵਿਚ ਪ੍ਰਦੂਸ਼ਨ ਰਹਿਤ ਊਰਜਾ ਨੂੰ ਹੱਲਾਸ਼ੇਰੀ ਦੇਣ ਲਈ ਕਈ ਫ਼ੈਸਲੇ ਲਏ ਹਨ। ਇਸ ਵਿਚ ਸੌਰ ਫੋਟੋ ਵੋਲਟਿਕ ਪਾਵਰ ਪ੍ਰਾਜੈਕਟਾਂ ਨਾਲ ਜੁੜੇ ਇਕ ਹਜ਼ਾਰ ਤੋਂ ਵੱਧ ਮੈਗਾਵਾਟ ਸਮਰੱਥਾ ਵਾਲੇ ਗਰਿੱਡ ਸਥਾਪਤ ਕਰਨ ਲਈ ਕੇਂਦਰੀ ਜਨਤਕ ਖੇਤਰ ਦੀਆਂ ਇਕਾਈਆਂ ਲਈ ਇਕ ਹਜ਼ਾਰ ਕਰੋੜ ਰੁਪਏ ਦੀ ਵਿੱਤੀ ਸਹਾਇਤਾ ਸ਼ਾਮਿਲ ਹੈ। 500 ਮੈਗਾਵਾਟ ਦੀ ਸਮਰੱਥਾ ਵਾਲੇ 25 ਸੌਰ ਪਾਰਕਾਂ ਦੀ ਸਥਾਪਨਾ ਲਈ ਕੇਂਦਰ ਤੋਂ 4 ਹਜ਼ਾਰ 50 ਕਰੋੜ ਰੁਪਏ ਵਿੱਤੀ ਸਹਾਇਤਾ ਦੀ ਲੋੜ ਹੈ। ਰੱਖਿਆ ਤੇ ਨੀਮ-ਫੌਜੀ ਅਦਾਰਿਆਂ ਵੱਲੋਂ 300 ਤੋਂ ਵੱਧ ਮੈਗਾਵਾਟ ਦੀ ਸਮਰੱਥਾ ਵਾਲੇ ਸੋਲਰ ਪਾਵਰ ਪ੍ਰਾਜੈਕਟਾਂ ਦੀ ਸਥਾਪਨਾ ਵੀ ਸ਼ਾਮਿਲ ਹੈ। ਇਨ੍ਹਾਂ ਫ਼ੈਸਲਿਆਂ ਨਾਲ ਭਾਰਤ ਦੁਨੀਆਂ ਵਿਚ ਮੁੱਖ ਸੋਲਰ ਬਿਜਲੀ ਉਤਪਾਦਨ ਕਰਨ ਵਾਲਾ ਦੇਸ਼ ਬਣ ਜਾਵੇਗਾ। ਕਿਉਂਕਿ ਇੰਨੇ ਵੱਡੇ ਪੱਧਰ ਉਤੇ ਦੁਨੀਆਂ ਵਿਚ ਕਿਤੇ ਵੀ ਸੌਰ ਪਾਵਰ ਪ੍ਰਾਜੈਕਟ ਵਿਕਸਤ ਨਹੀਂ ਕੀਤੇ ਜਾ ਰਹੇ ਹਨ।

ਕੇਂਦਰੀ ਬਜਟ 2014 ਅਨੁਸਾਰ ਵਿਕਾਸਕਾਰਾਂ ਨੂੰ ਰਾਹਤ ਦੇਣ ਅਤੇ ਉਤਪਾਦਨ ਦੇ ਰੈਂਪਅੱਪ ਨੂੰ ਯਕੀਨੀ ਬਣਾਉਣ ਲਈ ਬਹੁਤ ਕੁਝ ਕਰਨ ਦੀ ਲੋੜ ਹੈ। ਇਹ ਤੇਜ਼ੀ ਨਾਲ ਸ਼ੁਰੂ ਅਤੇ ਪੌਣ ਸਮਰੱਥਾ ਨੂੰ ਵਧਾਉਣ ਦੇ ਸਮਰੱਥ ਹੋਵੇਗੀ। ਮੇਕ ਇੰਨ ਇੰਡੀਆ ਪ੍ਰੋਗਰਾਮ ਦੀ ਲਾਈਨ ਨਾਲ ਭਾਰਤ ਵਿਚ ਸੌਰ ਨਿਰਮਾਣ ਹੱਬ ਬਣਾਉਣ ਨੂੰ ਤਰਜੀਹ ਦੇਣ ਲਈ ਇਹ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ। ਇਨ੍ਹਾਂ ਪਹਿਲਾਂ ਨਾਲ ਘਰੇਲੂ ਨਿਰਮਾਤਾਵਾਂ ਦੀ ਆਰਡਰ ਕਿਤਾਬ ਉਤੇ ਵੱਡੀ ਦਿੱਖ ਹੋਵੇਗੀ। ਤਕਨਾਲੋਜੀ ਨੂੰ ਉਚਿਆਉਣ ਅਤੇ ਲਾਗਤ ਨੂੰ ਘਟਾਉਣ ਦੇ ਯੋਗ ਬਣਾਉਣ ਲਈ ਮੌਕਾ ਹੋਵੇਗਾ।

ਦੇਸ਼ ਵਿਚ ਨਵਿਆਉਣਯੋਗ ਊਰਜਾ, ਬਿਜਲੀ ਉਤਪਾਦਨ ਦੀ ਤੇਜ਼ੀ ਨਾਲ ਵਿਕਾਸ ਦਰ ਦੀ ਸਹੂਲਤ ਲਈ ਨਵੀਨ ਤੇ ਨਵਿਆਉਣਯੋਗ ਮੰਤਰਾਲਾ ਇਕ ਨਵਿਆਉਣਯੋਗ ਊਰਜਾ ਬਿੱਲ ਤਿਆਰ ਕਰ ਰਿਹਾ ਹੈ। ਇਸ ਤੋਂ ਇਲਾਵਾ, ਮੰਤਰਾਲਾ ਆਉਂਦੇ ਪੰਜ ਸਾਲਾਂ ਵਿਚ ਵੱਡੇ ਪੈਮਾਨੇ ਉਤੇ ਯੋਜਨਾ ਵੀ ਤਿਆਰ ਕਰ ਰਿਹਾ ਹੈ।

16ਵੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਸੰਸਦ ਦੇ ਦੋਹਾਂ ਸਦਨਾਂ ਦੇ ਪਹਿਲੇ ਇਜਲਾਸ ਨੂੰ ਸੰਬੋਧਨ ਕਰਦਿਆਂ ਰਾਸ਼ਟਰਪਤੀ ਸ੍ਰੀ ਪ੍ਰਣਬ ਮੁਖਰਜੀ ਨੇ ਊਰਜਾ ਖੇਤਰ ਵਿਚ ਨਵੀਂ ਸਰਕਾਰ ਦੀਆਂ ਪਹਿਲਾਂ ਬਾਰੇ ਕਿਹਾ ਕਿ ਸਰਕਾਰ ਇਕ ਵਿਆਪਕ ਰਾਸ਼ਟਰੀ ਊਰਜਾ ਨੀਤੀ ਲਿਆਵੇਗੀ ਅਤੇ ਊਰਜਾ ਸੰਬੰਧਿਤ ਬੁਨਿਆਦੀ ਢਾਂਚਾ, ਮਨੁੱਖੀ ਸਰੋਤ ਅਤੇ ਤਕਨਾਲੋਜੀ ਦੇ ਵਿਕਾਸ ਉਤੇ ਧਿਆਨ ਦੇਵੇਗੀ। ਸਰਕਾਰ ਦਾ ਉਦੇਸ਼ ਕਾਫ਼ੀ ਰਿਵਾਇਤੀ ਅਤੇ ਗ਼ੈਰ ਰਿਵਾਇਤੀ ਸਰੋਤਾਂ ਦੇ ਉੱਚਿਤ ਤਾਲਮੇਲ ਰਾਹੀਂ ਬਿਜਲੀ ਉਤਪਾਦਨ ਸਮਰੱਥਾ ਵਧਾਉਣ ਦਾ ਹੈ। ਇਹ ਰਾਸ਼ਟਰੀ ਸੌਰ ਮਿਸ਼ਨ ਦਾ ਵਿਸਤਾਰ ਕਰੇਗਾ ਅਤੇ ਗੈਸ ਗਰਿੱਡ ਨਾਲ ਪਰਿਵਾਰਾਂ ਅਤੇ ਸੱਨਅਤਾਂ ਨੂੰ ਜੋੜੇਗਾ।

ਵਿਸ਼ਵ ਪੱਧਰ ਉਤੇ ਭਾਰਤ ਦੀ ਅਕਸ਼ੈ ਊਰਜਾ ਦੀ ਸੰਭਾਵਨਾ ਪੇਸ਼ ਕਰਨ ਲਈ ਐੱਮ ਐੱਨ ਆਰ ਈ, ਭਾਰਤੀ ਨਵਿਆਉਣਯੋਗ ਊਰਜਾ ਵਿਕਾਸ ਏਜੰਸੀ ਲਿਮਟਿਡ, ਭਾਰਤੀ ਸੱਨਅਤ ਸੰਘ (ਸੀ ਆਈ ਆਈ) ਅਤੇ ਵਣਜ ਤੇ ਸੱਨਅਤ ਭਾਰਤੀ ਸੰਗਠਨਾਂ ਦੇ ਸੰਘ (ਫਿੱਕੀ) ਦੇ ਸਹਿਯੋਗ ਨਾਲ ਪ੍ਰਧਾਨ ਮੰਤਰੀ ਵਲੋਂ ਸ਼ੁਰੂ ਕੀਤੀ *ਭਾਰਤ ਵਿਚ ਬਣਾਉ* ਪਹਿਲ ਕਰਨ ਲਈ ਇਕ ਫੈਲੋਅੱਪ ਦੇ ਤੌਰ ਤੇ 15 ਤੋਂ 17 ਫ਼ਰਵਰੀ 2015 ਤਕ ਵਿਸ਼ਵੀ ਨਵਿਆਉਣਯੋਗ ਊਰਜਾ ਨਿਵੇਸ਼ ਪ੍ਰੋਤਸਾਹਨ ਬੈਠਕ ਦਾ ਆਯੋਜਨ ਕਰ ਰਿਹਾ ਹੈ।

ਦੇਸ਼ ਵਿਚ ਸਵੱਛ ਊਰਜਾ ਨੂੰ ਹੱਲਾਸ਼ੇਰੀ ਦੇਣ ਲਈ ਨਵੀਂ ਤੇ ਨਵਿਆਉਣਯੋਗ ਊਰਜਾ ਮੰਤਰਾਲਾ ਦੀਆਂ ਮੁੱਖ ਪਹਿਲਾਂ ਦਾ ਵਿਸਤਾਰ ਸਹਿਤ ਵਰਨਣ ਹੇਠਾਂ ਕੀਤਾ ਗਿਆ ਹੈ :

- *ਸੌਰ ਪਾਰਕਾਂ ਅਤੇ ਅਲਟਰਾ ਮੈਗਾ ਸੌਰ ਊਰਜਾ ਪ੍ਰੋਜੈਕਟਾਂ ਦੇ ਵਿਕਾਸ ਲਈ ਸਕੀਮ :* ਸਰਕਾਰ ਨੇ ਮੌਜੂਦਾ 25 ਸੌਰ ਪਾਰਕਾਂ ਦੀ ਸਥਾਪਨਾ ਲਈ ਇਕ ਸਕੀਮ ਮਨਜ਼ੂਰ ਕੀਤੀ ਹੈ। ਹਰੇਕ ਦੀ 500 ਜਾਂ ਇਸ ਤੋਂ ਵੱਧ ਮੈਗਾਵਾਟ ਦੀ ਸਮਰੱਥਾ ਹੈ। ਆਉਂਦੇ ਪੰਜ ਸਾਲਾਂ ਵਿਚ ਵੱਖ-ਵੱਖ ਰਾਜਾਂ ਵਿਚ ਅਲਟਰਾ ਮੈਗਾ ਊਰਜਾ ਪ੍ਰਾਜੈਕਟਾਂ ਨੂੰ ਵਿਕਸਤ ਕੀਤਾ ਜਾਵੇਗਾ। ਇਸ ਲਈ 4 ਹਜ਼ਾਰ 50 ਕਰੋੜ ਰੁਪਏ ਦੀ ਕੇਂਦਰੀ ਵਿੱਤੀ ਸਹਾਇਤਾ ਦੀ ਲੋੜ ਹੈ। ਇਹ ਪਾਰਕ ਸੌਰ ਊਰਜਾ ਪ੍ਰਾਜੈਕਟਾਂ ਲਈ 20 ਹਜ਼ਾਰ ਮੈਗਾਵਾਟ ਤੋਂ ਵੱਧ ਬਿਜਲੀ ਪੈਦਾ ਕਰਨ ਲਈ ਯੋਗ ਹੋ ਜਾਣਗੇ। 12 ਰਾਜਾਂ ਨੇ ਸੌਰ ਊਰਜਾ ਪਾਰਕਾਂ ਦੀ ਸਥਾਪਨਾ ਲਈ ਆਪਣੀ ਸਹਿਮਤੀ ਦੇ ਦਿਤੀ ਹੈ। ਇਨ੍ਹਾਂ ਵਿਚ ਗੁਜਰਾਤ, ਮੱਧ ਪ੍ਰਦੇਸ਼, ਤੇਲੰਗਾਨਾ, ਆਂਧਰ ਪ੍ਰਦੇਸ਼, ਕਰਨਾਟਕ, ਉੱਤਰ ਪ੍ਰਦੇਸ਼, ਮੇਘਾਲਿਆ, ਜੰਮੂ ਅਤੇ ਕਸ਼ਮੀਰ, ਪੰਜਾਬ, ਰਾਜਸਥਾਨ, ਤਮਿਲਨਾਡੂ ਅਤੇ ਓਡੀਸ਼ਾ ਸ਼ਾਮਿਲ ਹਨ। ਸੌਰ ਪਾਰਕਾਂ ਨੂੰ ਰਾਜ ਸਰਕਾਰਾਂ ਅਤੇ ਏਜੰਸੀਆਂ ਦੇ ਸਹਿਯੋਗ ਨਾਲ ਵਿਕਸਤ ਕੀਤਾ ਜਾਵੇਗਾ।

*ਸੌਰ ਪੀ.ਵੀ. ਪਾਵਰ ਪ੍ਰਾਜੈਕਟਾਂ ਨਾਲ ਜੁੜੇ 300 ਮੈਗਾਵਾਟ ਤੋਂ ਵੱਧ ਬਿਜਲੀ ਪੈਦਾ ਕਰਨ ਵਾਲੇ ਗਰਿੱਡਾਂ ਦੀ ਸਥਾਪਨਾ :* ਆਉਂਦੇ ਪੰਜ ਸਾਲਾਂ 2014-19 ਦੌਰਾਨ ਜਵਾਹਰ ਲਾਲ ਨਹਿਰੂ ਰਾਸ਼ਟਰੀ ਸੌਰ ਮਿਸ਼ਨ ਹੇਠ ਇਕ ਵਿਸ਼ੇਸ਼ ਫ਼ੰਡ ਨਾਲ ਗ੍ਰਹਿ ਮਾਮਲਿਆਂ ਬਾਰੇ ਮੰਤਰਾਲਾ ਹੇਠ ਰੱਖਿਆ ਅਤੇ ਨੀਮ-ਫੌਜੀ ਬਲ ਮੰਤਰਾਲਾ ਦੇ ਰੱਖਿਆ ਅਦਾਰਿਆਂ ਵਲੋਂ ਇਸ ਸਕੀਮ ਹੇਠ ਸੋਲਰ ਪੀ.ਵੀ.ਪਾਵਰ ਪ੍ਰਾਜੈਕਟ ਨਾਲ ਜੁੜੇ 300 ਮੈਗਾਵਾਟ ਦੇ ਗਰਿੱਡ ਅਤੇ ਆਫ਼ ਗਰਿੱਡ ਸਥਾਪਤ ਕੀਤੇ ਜਾਣਗੇ। ਇਸ ਸਕੀਮ ਹੇਠ ਸ਼ਰਤ ਲਾਜ਼ਮੀ ਹੈ ਕਿ ਸਥਾਪਤ ਕੀਤੇ ਜਾਣ ਵਾਲੇ ਸਾਰੇ ਸੋਲਰ ਪਲਾਂਟਾਂ ਵਿਚ ਲੱਗਣ ਵਾਲੇ ਪੀ.ਵੀ. ਸੈੱਲ ਅਤੇ

ਮੈਡਿਊਲ ਭਾਰਤ ਵਿਚ ਹੀ ਬਣਾਏ ਜਾਣਗੇ। ਇਸ ਸਕੀਮ ਨੂੰ ਲਾਗੂ ਕਰਨ ਲਈ ਰਾਸ਼ਟਰੀ ਪ੍ਰਦੂਸ਼ਨ-ਰਹਿਤ ਊਰਜਾ ਫ਼ੰਡ ਤੋਂ ਐੱਮ ਐੱਨ ਆਰ ਈ ਲਈ 750 ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ।

• ਸਕੀਮ ਨੂੰ ਲਾਗੂ ਕਰਨ ਲਈ ਵਿਸ਼ੇਸ਼ ਫੰਡਿੰਗ ਨਾਲ ਕੇਂਦਰੀ ਜਨਤਕ ਖੇਤਰ ਦੀਆਂ ਇਕਾਈਆਂ ਅਤੇ ਭਾਰਤ ਸਰਕਾਰ ਦੇ ਸੰਗਠਨਾਂ ਵਲੋਂ ਸੋਲਰ ਪੀ.ਵੀ. ਪਾਵਰ ਪ੍ਰਾਜੈਕਟਾਂ ਨਾਲ ਜੁੜੇ ਇਕ ਹਜ਼ਾਰ ਮੈਗਾਵਾਟ ਦੇ ਗਿਰੱਡ ਦੀ ਸਥਾਪਨਾ ਸਰਕਾਰ ਨੇ 2015-16 ਤੋਂ 2017-18 ਦੌਰਾਨ ਵੱਖ-ਵੱਖ ਕੇਂਦਰ ਅਤੇ ਰਾਜ ਸਕੀਮਾਂ ਹੇਠ ਕੇਂਦਰੀ ਜਨਤਕ ਖੇਤਰ ਦੀਆਂ ਇਕਾਈਆਂ ਵਲੋਂ ਇਕ ਹਜ਼ਾਰ ਕਰੋੜ ਰੁਪਏ ਦੀ ਫੰਡ ਸਹਾਇਤਾ ਨਾਲ ਸੋਲਰ ਪੀ.ਵੀ. ਪਾਵਰ ਪ੍ਰਾਜੈਕਟਾਂ ਨਾਲ ਜੁੜੇ ਇਕ ਹਜ਼ਾਰ ਮੈਗਾਵਾਟ ਦੇ ਗਰਿੱਡ ਦੀ ਸਥਾਪਨਾ ਲਈ ਸਕੀਮ ਵੀ ਮਨਜ਼ੂਰ ਕਰ ਦਿਤੀ ਹੈ। ਇਸ ਸਕੀਮ ਵਿਚ ਸ਼ਰਤ ਰੱਖੀ ਗਈ ਹੈ ਕਿ ਸੋਲਰ ਪਲਾਂਟ ਸਥਾਪਤ ਕਰਨ ਵਿਚ ਵਰਤੇ ਜਾਣ ਵਾਲੇ ਸਾਰੇ ਪੀ.ਪੀ. ਸੈੱਲ ਅਤੇ ਮੈਡਿਊਲ ਭਾਰਤ ਵਿਚ ਹੀ ਬਣਾਏ ਜਾਣਗੇ। ਕੇਂਦਰੀ ਜਨਤਕ ਖੇਤਰ ਦੀਆਂ ਇਕਾਈਆਂ ਅਤੇ ਭਾਰਤ ਸਰਕਾਰ ਦੇ ਸੰਗਠਨ ਜਿਵੇਂ ਐੱਨ ਟੀ ਪੀ ਸੀ, ਐੱਲ ਐੱਚ ਪੀ ਸੀ, ਸੀ ਆਈ ਐੱਲ, ਆਈ ਆਰ ਈ ਡੀ ਏ, ਭਾਰਤੀ ਰੇਲਵੇ, ਆਦਿ ਸੋਲਰ ਪਾਵਰ ਪ੍ਰਾਜੈਕਟਾਂ ਦੀ ਸਥਾਪਨਾ ਲਈ ਅੱਗੇ ਆ ਰਹੇ ਹਨ।

• *ਨਵਿਆਉਣਯੋਗ ਊਰਜਾ ਪ੍ਰਾਜੈਕਟਾਂ ਦਾ ਵਰਗੀਕਰਨ ਲਾਲ ਤੋਂ ਹਰੇ ਵਰਗ ਵਿਚ :* ਐੱਮ ਐੱਨ ਆਰ ਈ, ਦੀ ਬੇਨਤੀ ਉਤੇ ਵਾਤਾਵਰਨ ਤੇ ਜੰਗਲਾਤ ਮੰਤਰਾਲਾ ਨੇ ਫ਼ੈਸਲਾ ਕੀਤਾ ਹੈ ਕਿ ਕੇਂਦਰੀ ਅਤੇ ਰਾਜ ਪ੍ਰਦੂਸ਼ਨ ਨਿਯੰਤ੍ਰਣ ਬੋਰਡ ਹੇਠ ਸੋਲਰ, ਪੌਣ ਅਤੇ ਛੋਟੇ ਜਲ ਪ੍ਰਾਜੈਕਟਾਂ ਦਾ ਵਰਗੀਕਰਨ ਲਾਲ ਸ਼੍ਰੇਣੀ ਤੋਂ ਬਾਹਰ ਕੱਢ ਕੇ ਹਰੇ ਵਰਗ ਵਿਚ ਰੱਖਿਆ ਜਾਵੇਗਾ। ਕੇਂਦਰੀ ਪ੍ਰਦੂਸ਼ਨ ਨਿਯੰਤ੍ਰਣ ਬੋਰਡ ਨੇ ਸੱਨਅਤਾਂ ਦੇ ਵਰਗਾਂ ਵਿਚ ਸੋਧ ਜਾਰੀ ਕੀਤੀ ਹੈ। ਉਸ ਮੁਤਾਬਿਕ ਸਾਰੀਆਂ ਸਮਰੱਥਾ ਵਾਲੇ ਪੌਣ ਅਤੇ ਸੌਰ ਪਾਵਰ ਪ੍ਰਾਜੈਕਟ ਅਤੇ 25 ਮੈਗਾਵਾਟ ਤੋਂ ਘੱਟ ਸਮਰੱਥਾ ਵਾਲੇ ਛੋਟੇ ਜਲ ਬਿਜਲੀ ਪ੍ਰਾਜੈਕਟਾਂ ਨੂੰ ਹਰੀ ਸ਼੍ਰੇਣੀ ਵਿਚ ਰੱਖਿਆ ਗਿਆ ਹੈ। ਇਨ੍ਹਾਂ ਲਈ ਪ੍ਰਾਜੈਕਟਾਂ ਤੇ ਵਿਕਾਸਕਾਰਾਂ ਨੂੰ ਸ਼ੁਰੂ ਵਿਚ ਹੀ ਇਕ ਵਾਰ ਸਥਾਪਨਾ ਅਤੇ ਉੱਚਿਆਉਣ ਲਈ ਰਾਜ ਪ੍ਰਦੂਸ਼ਨ ਨਿਯੰਤ੍ਰਣ ਬੋਰਡ ਤੋਂ ਪ੍ਰਮਾਣਿਕਤਾ ਹਾਸਲ ਕਰਨੀ ਹੋਵੇਗੀ।

• *12ਵੀਂ ਪੰਜ ਸਾਲਾ ਯੋਜਨਾ ਦੌਰਾਨ ਸਕੀਮਾਂ ਜਾਰੀ ਰਹਿਣਗੀਆਂ :* 12ਵੀਂ ਯੋਜਨਾ ਦੌਰਾਨ ਸਕੀਮਾਂ ਨੂੰ ਜਾਰੀ ਰੱਖਣ ਲਈ ਸਰਕਾਰ ਨੇ ਹੇਠ ਦਿਤੀਆਂ ਸਕੀਮਾਂ ਮਨਜ਼ੂਰ ਕਰ ਦਿਤੀਆਂ ਹਨ :(ੳ) ਨੈਸ਼ਨਲ ਬਾਇਓ ਗੈਸ ਅਤੇ ਖਾਦ ਪ੍ਰਬੰਧਨ ਪ੍ਰੋਗਰਾਮ, (ਅ) ਖੰਡ ਮਿੱਲਾਂ ਅਤੇ ਗਰਿੱਡ ਇਨਟਰਟੈਕਟਿਵ ਬਾਇਓਮਾਸ ਪਾਵਰ ਅਤੇ ਬਾਇਓ ਗੈਸ ਸਹਿ ਉਤਪਾਦਨ ਦੇ ਪ੍ਰੋਤਸਾਹਨ ਦੇ ਸਮਰਥਨ ਲਈ ਸਕੀਮ, (ੲ) ਛੋਟੇ ਜਲ ਬਿਜਲੀ ਦੇ ਵਿਕਾਸ ਲਈ ਪ੍ਰੋਗਰਾਮ ਅਤੇ (ਸ) ਜਵਾਹਰ ਲਾਲ ਨਹਿਰੂ ਰਾਸ਼ਟਰੀ ਸੌਰ ਮਿਸ਼ਨ ਹੇਠ ਆਫ ਗਰਿੱਡ ਅਤੇ ਵਿਕੇਂਦਰੀਕਰਨ, ਸੌਰ ਉਪਰਕਨ।

• ਨਹਿਰਾਂ ਦੇ ਕਿਨਾਰੇ ਅਤੇ ਨਹਿਰਾਂ ਦੇ ਉਪਰ ਸੋਲਰ ਪੀ.ਵੀ. ਪ੍ਰਾਜੈਕਟਾਂ ਨਾਲ ਜੁੜੇ ਗਰਿੱਡ ਦੇ ਵਿਕਾਸ ਲਈ ਸਕੀਮ : ਐੱਮ ਐੱਨ ਆਰ ਈ ਨੇ 12ਵੀਂ ਪੰਜ ਸਾਲਾ ਯੋਜਨਾ ਦੌਰਾਨ 975 ਕਰੋੜ ਰੁਪਏ ਦੀ ਅਨੁਮਾਨਤ ਲਾਗਤ ਨਾਲ ਦੇਸ਼ ਵਿਚ ਨਹਿਰਾਂ ਦੇ ਕਿਨਾਰੇ ਅਤੇ ਨਹਿਰਾਂ ਉਤੇ ਸੋਲਰ ਪੀ.ਵੀ. ਪਲਾਂਟਾਂ ਨਾਲ ਜੁੜੇ ਗਰਿੱਡ ਦੇ ਵਿਕਾਸ ਲਈ ਸਕੀਮ ਸ਼ੁਰੂ ਕੀਤੀ ਹੈ। ਜਿਸ ਵਿਚ ਕੇਂਦਰੀ ਵਿੱਤ ਸਹਾਇਤਾ 228 ਕਰੋੜ ਰੁਪਏ ਸ਼ਾਮਿਲ ਹੈ। ਇਸ ਸਕੀਮ ਦਾ ਉਦੇਸ਼ ਨਹਿਰਾਂ ਦੇ ਉਪਰਲੇ ਗ਼ੈਰ ਇਸਤੇਮਾਲ ਖੇਤਰ ਅਤੇ ਨਹਿਰਾਂ ਦੇ ਕਿਨਾਰੇ ਨਾਲ ਲਗਦੀ ਸਰਕਾਰੀ ਖਾਲੀ ਥਾਂ ਦੀ ਲਾਹੇਵੰਦ ਵਰਤੋਂ ਹਾਸਲ ਕਰਨਾ ਹੈ। ਉਥੇ ਵੀ ਜਿਥੇ ਗਰਿੱਡ ਲਈ ਬਿਜਲੀ ਪੈਦਾ ਕਰਨ ਲਈ ਸੋਲਰ ਪੀ.ਵੀ. ਪਾਵਰ ਉਤਪਾਦਨ, ਪ੍ਰਾਜੈਕਟ ਸਥਾਪਤ ਕਰਨ ਅਤੇ 100 ਮੈਗਾਵਾਟ ਸਮਰੱਥਾ ਵਾਲੇ ਸੋਲਰ ਪੀ.ਵੀ. ਪ੍ਰਾਜੈਕਟਾਂ ਦੀ ਸਥਾਪਨਾ ਲਈ ਥਾਂ ਉਪਲਬਧ ਹੋਵੇ।

• *ਛੱਤਾਂ ਉਤੇ ਸੌਰ ਪੀ.ਵੀ. ਲਈ ਵਿੱਤੀ ਸਹਾਇਤਾ :* ਕੇਂਦਰੀ ਵਿੱਤ ਮੰਤਰਾਲਾ ਹੇਠ ਵਿੱਤੀ ਸੇਵਾਵਾਂ ਵਿਭਾਗ ਨੇ ਸਾਰੇ ਬੈਂਕਾਂ ਨੂੰ ਹਦਾਇਤ ਦਿਤੀ ਹੈ ਕਿ ਉਹ ਘਰ ਦੀ ਛੱਤ ਉਤੇ ਸੋਲਰ ਪੀ.ਵੀ. ਲਗਾਉਣ ਲਈ ਘਰ ਵਾਸਤੇ ਕਰਜ਼ਾ ਲੈਣ ਵਾਲਿਆਂ ਨੂੰ ਹੱਲਾਸ਼ੇਰੀ ਦੇਣ ਅਤੇ ਉਨ੍ਹਾਂ ਦੀਆਂ ਹੋਮ ਲੋਨ ਤਜਵੀਜ਼ਾਂ ਜਿਵੇਂ ਗ਼ੈਰ ਸੌਰ ਰੌਸ਼ਨੀ, ਤਾਰਾਂ ਅਤੇ ਹੋਰ ਅਜਿਹੀਆਂ ਫੀਟਿੰਗ ਦੀਆਂ ਵਸਤਾਂ ਵਿਚ ਉਪਕਰਨਾਂ ਦੀਆਂ ਕੀਮਤਾਂ ਵੀ ਸ਼ਾਮਿਲ ਕਰਨ। ਇਸ ਦੇ ਇਲਾਵਾ ਭਾਰਤੀ ਰਿਜ਼ਰਵ ਬੈਂਕ ਨੇ ਸਾਰੇ ਸੂਚੀਬਧ ਵਪਾਰਕ ਬੈਂਕਾਂ ਤਰਜੀਹ ਕਰਜ਼ਾ ਖੇਤਰ ਹੇਠ ਆਫ਼ ਗਰਿੱਡ ਨਵਿਆਉਣਯੋਗ ਊਰਜਾ ਸਮਾਧਾਨ ਨੂੰ ਕਵਰ ਕਰਨ ਲਈ ਨਿਰਦੇਸ਼ ਜਾਰੀ ਕੀਤੇ ਹਨ।

• *ਸੋਲਰ ਪੰਪਾਂ ਦਾ ਪ੍ਰੋਗਰਾਮ ਵੱਡੇ ਪੱਧਰ ਉਤੇ :* ਸੋਲਰ ਪੰਪਾਂ ਦੇ ਮੌਜੂਦਾ ਪ੍ਰੋਗਰਾਮ ਨੂੰ ਇਕ ਲੱਖ ਸੋਲਰ ਪੰਪਾਂ ਤਕ ਵਧਾ ਦਿਤਾ ਗਿਆ ਹੈ। ਇਸ ਨੂੰ ਪ੍ਰਭਾਵੀ ਕਰਨ ਲਈ ਅੰਸ਼ਿਕ ਨਿਰਦੇਸ਼ ਜਾਰੀ ਕੀਤੇ ਜਾ ਚੁੱਕੇ ਹਨ। ਇਕ ਲੱਖ ਪੰਪਾਂ ਦੇ ਟੀਚੇ ਵਿਚੋਂ 20 ਹਜ਼ਾਰ ਪੀਣਯੋਗ ਸਾਫ਼ ਪਾਣੀ ਪੂਰਤੀ ਅਤੇ ਸਵੱਛਤਾ ਮੰਤਰਾਲਾ ਨੂੰ ਦਿਤੇ ਗਏ ਹਨ। 50 ਹਜ਼ਾਰ ਪੰਪ ਸਿੰਜਾਈ ਦੇ ਉਦੇਸ਼ ਲਈ ਨਵਿਆਉਣਯੋਗ ਊਰਜਾ ਮੰਤਰਾਲਾ ਨੂੰ ਅਤੇ 30 ਹਜ਼ਾਰ ਪੰਪ ਨਾਬਾਰਡ ਨੂੰ ਦਿਤੇ ਗਏ ਹਨ।

• *ਸੋਧੇ ਹੋਏ ਕੁੱਕ ਸਟੋਵ :* ਉੱਨਤ ਚੁੱਲ੍ਹਾ ਅਭਿਆਨ ਪ੍ਰੋਗਰਾਮ, ਗ੍ਰਾਮੀਣ, ਅਰਧ ਸ਼ਹਿਰੀ ਅਤੇ ਸ਼ਹਿਰੀ ਖੇਤਰਾਂ ਵਿਚ ਜਿਥੇ ਕੁਕਿੰਗ ਲਈ ਬਾਇਓ ਮਾਸ ਨੂੰ ਈਧਨ ਵਾਂਗ ਵਰਤਿਆ ਜਾਂਦਾ ਹੈ। ਪ੍ਰਦੂਸ਼ਨ ਰਹਿਤ ਊਰਜਾ ਲਈ ਸੋਧੇ ਹੋਏ ਕੁੱਕ ਸਟੋਵ ਵਿਕਸਤ ਅਤੇ ਲਗਾਏ ਜਾ ਰਹੇ ਹਨ। ਜਿਥੇ ਰਵਾਇਤੀ ਈਧਨ ਜਲਾਇਆ ਜਾਂਦਾ ਹੈ ਉਥੇ ਗ੍ਰਾਮੀਣ ਮਹਿਲਾਵਾਂ ਨੂੰ ਕੈਂਸਰ ਕਰਨ ਵਾਲੇ ਧੂੰਏਂ ਤੋਂ ਬਚਾਏਗਾ।

• *ਆਈ ਆਰ ਈ ਡੀ ਏ ਲਈ ਲਾਈਨ ਆਫ਼ ਕ੍ਰੈਡਿਟ ਦਾ ਵਿਸਥਾਰ :* ਫਰਾਂਸ ਦੀ ਏ ਐਫ ਡੀ ਨੇ ਭਾਰਤ ਨਵਿਆਉਣਯੋਗ ਊਰਜਾ ਵਿਕਾਸ ਲਿਮਟਿਡ ਨੂੰ 100 ਮਿਲੀਅਨ ਯੂਰੋ ਦੀ ਇਕ ਲਾਈਨ ਆਫ਼ ਕ੍ਰੈਡਿਟ ਵਧਾਉਣ ਦਾ ਫ਼ੈਸਲਾ ਕੀਤਾ ਹੈ।

• *ਰਾਜਾਂ ਦੀਆਂ ਨਵਿਆਉਣਯੋਗ ਊਰਜਾ ਏਜੰਸੀਆਂ ਦੀ ਸਭਾ ਦੀ ਬਣਤਰ :* ਇਕ ਦੂਜੇ ਦੇ ਤਜਰਬਿਆਂ ਤੋਂ ਸਿੱਖਣ ਲਈ ਅਤੇ ਦੂਜਿਆਂ ਦੇ ਵਧੀਆਂ ਤਜਰਬੇ ਸਾਂਝੇ ਕਰਨ ਲਈ ਉਨ੍ਹਾਂ ਨੂੰ ਨਵਿਆਉਣਯੋਗ ਊਰਜਾ ਪ੍ਰੋਗਰਾਮ ਨੂੰ ਅਮਲ ਵਿਚ ਲਿਆਉਣ ਤੇ ਸਮਰੱਥਾ ਬਣਾਉਣ, ਸੂਬਾ ਨੋਡਲ ਏਜੰਸੀਆਂ ਵਿਚਾਲੇ ਤਾਲਮੇਲ ਨੂੰ ਉਤਸ਼ਾਹ ਦੇਣਾ ਹੈ।

– ਪੀ.ਆਈ.ਬੀ. ਜਲੰਧਰ

# ਧਰਤੀ ਕਰੇ ਪੁਕਾਰ...

ਬਾਲ ਆਨੰਦ

ਪ੍ਰਿਥਵੀ — ਇਹ ਮਾਨਵਤਾ ਦਾ ਘਰ-ਸੰਸਾਰ - ਸੂਰਜ ਗਿਰਦ ਬ੍ਰਹਿਮੰਡ 'ਚ ਦੂਰੀ ਅਨੁਸਾਰ ਤੀਸਰਾ ਗ੍ਰਹਿ ਹੈ। ਆਧੁਨਿਕ ਵਿਗਿਆਨ ਦੀ ਜਾਣਕਾਰੀ ਮੁਤਾਬਕ ਸੂਰਜੀ ਪ੍ਰਬੰਧ 'ਚ ਅਜੇ ਤਕ ਇਹ ਇਕਲੌਤਾ ਗ੍ਰਹਿ ਹੈ ਜਿਥੇ ਜੀਵਨ ਦੀ ਪ੍ਰਫੁੱਲਤਾ ਦੀਆਂ ਸਭ ਸਹੂਲਤਾਂ ਮਿਲਦੀਆਂ ਹਨ। ਅਨੁਮਾਨ ਕੀਤਾ ਗਿਆ ਹੈ ਕਿ ਪ੍ਰਿਥਵੀ 'ਤੇ ਜੀਵਨ ਦੀ ਪ੍ਰਕਿਰਿਆ ਦਾ ਆਰੰਭ ਘੱਟੋ-ਘੱਟ 3.5 ਅਰਬ ਸਾਲ ਪੁਰਾਤਨ ਹੈ। ਧਰਤੀ 'ਤੇ ਜੈਵਿਕ ਵਿਭਿੰਨਤਾ ਲਗਾਤਾਰ ਵਧਦੀ ਗਈ ਹੈ। ਸਿਵਾਇ ਮਹਾਂ-ਵਿਨਾਸ਼ ਦੇ ਕਾਂਡਾਂ ਦੇ ਕਾਲ ਖੰਡਾਂ ਵਿਚ ਅੱਜ ਦੀ ਪ੍ਰਿਥਵੀ 10-14 ਮਿਲੀਅਨ ਕਿਸਮ ਦੇ ਜੀਵਨ-ਜੰਤੂਆਂ ਦਾ ਆਸ਼ਰਮ ਹੈ ਜਿਸ ਵਿਚ 7.2 ਅਰਬ ਦੀ ਮਨੁੱਖੀ ਵਸੋਂ ਸ਼ਾਮਿਲ ਹੈ। ਸਮੁੱਚੇ ਤੌਰ ਤੇ ਜੀਵਨ ਲੀਲਾ ਪ੍ਰਿਥਵੀ ਦੇ ਸਭ ਸਰੋਤਾਂ ਨਾਲ ਬੜੇ ਹੀ ਸੰਵੇਦਨਸ਼ੀਲ ਤੇ ਗੁੰਝਲਦਾਰ ਆਪਸੀ ਨਿਰਭਰਤਾ ਤੇ ਮੇਲ-ਮਿਲਾਪ ਦੇ ਸੰਤੁਲਨ ਦਾ ਖੇਲ ਹੈ। ਆਪਣੇ ਆਪ ਨੂੰ ਸ੍ਰੇਸ਼ਟ ਪ੍ਰਾਣੀ ਹੋਣ ਦਾ ਐਲਾਨ ਕਰ ਚੁੱਕੀ ਮਾਨਵਤਾ ਨੇ ਤੰਗ ਤੇ ਮਤਲਬ ਪ੍ਰਸਤੀ 'ਤੇ ਆਧਾਰਿਤ ਨੀਤੀਆਂ ਤੇ ਇਰਾਦਿਆਂ ਨਾਲ ਆਪਣੇ ਵਜੂਦ ਨੂੰ ਹੀ ਖ਼ਤਰੇ ਵਿਚ ਪਾ ਲਿਆ ਹੈ। ਵਿਗਿਆਨ ਤੇ ਤਕਨਾਲੋਜੀ ਦੀ ਅਥਾਹ ਪ੍ਰਗਤੀ ਨੇ ਪ੍ਰਿਥਵੀ ਤੇ ਬ੍ਰਹਿਮੰਡ ਹੋਰ ਭਾਗਾਂ ਬਾਰੇ ਗਿਆਨ ਦੀਆਂ ਸੀਮਾਵਾਂ ਨੂੰ ਅੱਗੇ ਹੋਰ ਅੱਗੇ ਵਧਾਇਆ ਵੀ ਹੈ ਤੇ ਅਨੇਕ ਨਵੇਂ ਤੇ ਵੱਡੇ ਖ਼ਤਰਿਆਂ ਦੇ ਵੀ ਰਾਹ ਖੋਲ੍ਹੇ ਹਨ।

ਪ੍ਰਿਥਵੀ ਨੂੰ ਤੇ ਇਸ ਨਾਲ ਜੁੜੇ ਸੰਪੂਰਨ ਜੀਵਨ ਢਾਂਚੇ ਨੂੰ ਸਭ ਤੋਂ ਗੰਭੀਰ ਖ਼ਤਰਿਆਂ ਵਿਚ ਪਾਉਣ ਵਾਲੇ ਕਾਰਨਾਂ ਵਿਚ ਪ੍ਰਮੁੱਖ ਤੌਰ ਤੇ ਵਾਤਾਵਰਨ ਦਾ ਲਗਾਤਾਰ ਪ੍ਰਦੂਸ਼ਿਤ ਹੋਣਾ ਤੇ ਸਿੱਟੇ ਵਜੋਂ ਪੌਣ-ਪਾਣੀ ਵਿਚ ਪਰਿਵਰਤਨ; ਧਰਤੀ ਦੀ ਗਰਮੀ ਵਿਚ ਵਾਧਾ ਤੇ ਜੀਵਨ-ਆਧਾਰ-ਓਜ਼ੋਨ ਪਰਤ ਦਾ ਘੇਰਾ ਸੀਮਿਤ ਹੁੰਦੇ ਜਾਣਾ ਦੱਸੇ ਗਏ ਹਨ। ਇਹ ਵਿਸ਼ਾ ਅਤਿਅੰਤ ਵਿਸ਼ਾਲ ਹੁੰਦਾ ਜਾ ਰਿਹਾ ਹੈ ਤੇ ਇਸ ਦੇ ਅਨੇਕ ਅੰਤਰ-ਸੰਬੰਧਾਂ ਵਾਲੇ ਖੇਤਰ ਹਨ। ਇਤਿਹਾਸਕ ਦ੍ਰਿਸ਼ਟੀਕੋਨ ਤੋਂ ਪ੍ਰਦੂਸ਼ਨ ਦੇ ਅਧਿਐਨ ਦਾ ਆਰੰਭ 1712 ਈਸਵੀ ਤੋਂ ਭਾਫ਼ ਵਾਲੇ ਇੰਜਨ ਦੀ ਈਜ਼ਾਦ, ਸੱਨਅਤੀ ਇਨਕਲਾਬ ਤੇ ਉਦਯੋਗਿਕ ਪੱਧਰ 'ਤੇ ਕੋਲੇ ਦੀ ਵਰਤੋਂ ਨਾਲ ਜੋੜਿਆ ਜਾਂਦਾ ਹੈ। ਬ੍ਰਤਾਨਵੀ ਵਿਦਵਾਨ ਤੇ ਚਿੰਤਕ ਜੋਹਨ ਰਸਕਿਨ ਨੇ ਕਿਹਾ ਸੀ, "ਇੰਗਲੈਂਡ ਦੀ ਹਰਿਆਲੀ ਦਾ ਹਰ ਪੱਤਾ ਕਾਲਾ ਹੋ ਗਿਆ ਹੈ ਤੇ ਇਸ ਨੂੰ ਮਹਾਨ ਉਦਯੋਗੀਕਰਨ ਕਿਹਾ ਜਾ ਰਿਹਾ ਹੈ ... ਬਾਰਸ਼ ਦਾ ਸ਼ੁੱਧ ਪਾਣੀ ਵੀ ਇੰਗਲੈਂਡ ਦੇ ਧੂੰਏਂ ਭਰਪੂਰ ਆਕਾਸ਼ ਵਿਚ ਗਰਜਦੇ ਹੋਏ ਗੰਦਾ ਹੋ ਜਾਂਦਾ ਹੈ।" ਫ਼ਰਾਂਸ ਦੇ ਭੌਤਿਕ ਵਿਗਿਆਨੀ ਜੋਜ਼ਫ ਫੋਰੀਅਰ ਨੇ 1842 ਵਿਚ ਪ੍ਰਿਥਵੀ ਦੇ ਕੁਦਰਤੀ 'ਗ੍ਰੀਨ ਹਾਊਸ ਈਫੈਕਟ' ਦਾ ਸਿਧਾਂਤ ਪੇਸ਼ ਕਰਕੇ ਵਿਆਖਿਆ ਕੀਤੀ, "ਪ੍ਰਿਥਵੀ ਦੇ ਤਾਪਮਾਨ ਵਿਚ ਰੋਸ਼ਨੀ ਦੀ ਅਵਸਥਾ ਵਾਲੀ ਗਰਮੀ ਵਾਤਾਵਰਨ ਵਿਚ ਸਿੱਧੇ ਤੌਰ ਤੇ ਪ੍ਰਵੇਸ਼ ਕਰ ਜਾਂਦੀ ਹੈ।" ਆਇਰਲੈਂਡ ਦੇ ਭੌਤਿਕ ਵਿਗਿਆਨੀ ਜੋਹਸ ਇੰਡਾਲ ਨੇ 1861 ਵਿਚ ਸਿੱਧ ਕੀਤਾ ਕਿ ਵਾਤਾਵਰਨ ਵਿਚ ਪਾਣੀ ਦੇ ਕਣ ਤੇ ਹੋਰ ਗੈਸਾਂ ਮਿਲ ਕੇ 'ਗ੍ਰੀਨ ਹਾਊਸ ਪ੍ਰਭਾਵ' ਪੈਦਾ ਕਰਦੀਆਂ ਹਨ। ਕਾਰਲ ਬੈਂਜ ਨੇ 1886 ਵਿਚ ਪਹਿਲੀ ਮੋਟਰ ਗੱਡੀ ਬਣਾਈ ਤੇ ਛੇਤੀ ਹੀ ਕਾਰਬਨ ਗੈਸ ਦੇ ਫ਼ੈਲਾਅ ਦੀ ਮਾਤਰਾ ਦਾ ਸਾਲਾਨਾ ਅੰਕੜਾ ਇਕ ਬਿਲੀਅਨ ਟਨ ਹੋ ਗਿਆ। ਬ੍ਰਤਾਨਵੀ ਇੰਜੀਨੀਅਰ ਗਾਈ ਕੈਲੰਡਰ ਨੇ 1938 ਵਿਚ ਮੌਸਮ ਸਟੇਸ਼ਨਜ਼ ਦੇ ਵੇਰਵਿਆਂ ਤੋਂ ਇਹ ਨਤੀਜੇ ਕੱਢੇ ਕਿ ਪਿਛਲੀ ਸਦੀ ਵਿਚ ਤਾਪਮਾਨ ਵਿਚ ਵਾਧਾ ਹੋਇਆ ਹੈ ਤੇ ਕਾਰਬਨ ਡਾਇਆਕਸਾਈਡ ਦੀ ਮਾਤਰਾ ਵੀ ਵਧੀ ਹੈ - ਪਰ ਮੌਸਮ ਵਿਗਿਆਨੀਆਂ ਨੇ ਉਸ ਨਾਲ ਸਹਿਮਤੀ ਨਹੀਂ ਸੀ ਪ੍ਰਗਟ ਕੀਤੀ। 1950ਵਿਆਂ ਵਿਚ ਕਈ ਅਮਰੀਕਨ ਵਿਗਿਆਨੀਆਂ ਨੇ ਇਸ ਗੱਲ ਦੀ ਪੌੜਤਾ ਕੀਤੀ ਕਿ ਕਾਰਬਨ ਡਾਇਆਕਸਾਈਡ ਦਾ ਵਾਤਾਵਰਨ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ ਤੇ ਆਖ਼ਰ 1965 ਵਿਚ ਅਮਰੀਕਨ ਰਾਸ਼ਟਰਪਤੀ ਦੀ ਸਲਾਹਕਾਰ ਸਮਿਤੀ ਨੇ ਵੀ ਚਿਤਾਵਨੀ ਦਿਤੀ ਕਿ 'ਗ੍ਰੀਨ ਹਾਊਸ ਪ੍ਰਭਾਵ' ਅਸਲ ਚਿੰਤਾ ਦਾ ਵਿਸ਼ਾ ਬਣ ਗਿਆ ਹੈ।

1975 ਵਿਚ ਅਮਰੀਕਨ ਵਿਗਿਆਨੀ ਵੈਲੇਸ ਬ੍ਰੋਕਰ ਨੇ 'ਵਿਸ਼ਵੀ ਤਪਸ਼' ਦੀ ਸ਼ਬਦਾਵਲੀ ਦਾ ਪ੍ਰਚਲਨ ਕੀਤਾ।

*ਵਿਸ਼ਵ ਦੇ ਵਿਗਿਆਨਕਾਂ ਤੇ ਵਾਤਾਵਰਨ ਦੇ ਵਿਸ਼ਿਆਂ ਬਾਰੇ ਖੋਜ ਕਰਨ ਵਾਲੇ ਚਿੰਤਕਾਂ ਦੇ ਯਤਨਾਂ ਸਦਕਾ ਆਖ਼ਰ 1987 ਵਿਚ ਮਾਂਟਰੀਆਲ ਪ੍ਰੋਟੋਕਲ ਤੇ ਸਹਿਮਤੀ ਬਣ ਸਕੀ ਜਿਸ ਅਨੁਸਾਰ 'ਓਜ਼ੋਨ ਪਰਤ' ਨੂੰ ਨੁਕਸਾਨ ਪਹੁੰਚਾਉਣ ਵਾਲੇ ਰਸਾਇਣਕ ਪਦਾਰਥਾਂ ਦੇ ਪ੍ਰਯੋਗ ਨੂੰ ਸੀਮਤ ਕੀਤਾ ਗਿਆ। ਅਗਲੇ ਸਾਲ ਹੀ ਇੰਟਰ ਗੌਰਮਿੰਟ ਪੈਨਲ ਆਨ ਕਲਾਈਮੇਟ ਚੇਂਜ - ਆਈ ਪੀ ਸੀ ਸੀ ਦੀ ਸਥਾਪਨਾ ਕੀਤੀ ਗਈ ਤੇ ਇਸ ਨੂੰ ਪੌਣ-ਪਾਣੀ ਵਿਚ ਪਰਿਵਰਤਨ ਸੰਬੰਧੀ ਹਰ ਤਰ੍ਹਾਂ ਦੇ ਤੱਥ ਇਕੱਠੇ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ।*

1989 ਵਿਚ ਬ੍ਰਤਾਨਵੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਨੇ ਸੰਯੁਕਤ ਰਾਸ਼ਟਰ ਸੰਘ ਵਿਚ ਆਪਣੀ ਤਕਰੀਰ ਦੌਰਾਨ ਕਿਹਾ, ''ਅਸੀਂ ਦੇਖ ਰਹੇ ਹਾਂ ਕਿ ਵਾਤਾਵਰਨ ਵਿਚ ਕਾਰਬਨ ਡਾਈਆਕਸਾਈਡ ਦੀ ਮਾਤਰਾ ਵੱਡੀ ਮਿਕਦਾਰ ਵਿਚ ਵਧ ਰਹੀ ਹੈ ... ਭਵਿੱਖ ਵਿਚ ਇਸ ਤਬਦੀਲੀ ਦੇ ਹੋਰ ਵੀ ਵਧਣ ਦੀ ਸੰਭਾਵਨਾ ਹੈ ... ਇਸ ਲਈ ਪੌਣ-ਪਾਣੀ ਪਰਿਵਰਤਨ ਸੰਬੰਧੀ ਵਿਸ਼ਵੀ ਪੱਧਰ 'ਤੇ ਸੰਧੀ ਕਰਨਾ ਬਹੁਤ ਜ਼ਰੂਰੀ ਹੋ ਗਿਆ ਹੈ।" ਅੰਕੜਿਆਂ ਅਨੁਸਾਰ, ਫੌਸਿਲ ਫਿਊਲ – ਕੋਲਾ, ਗੈਸ ਪੈਟਰੋਲੀਅਮ ਆਦਿ – ਤੋਂ ਕਾਰਬਨ ਫੈਲਾਅ ਦੀ ਸਾਲਾਨਾ ਮਾਤਰਾ ਵਧ ਕੇ 1989 ਵਿਚ ਛੇ ਬਿਲੀਅਨ ਟਨ ਹੋ ਗਈ ਸੀ। 1997 ਵਿਚ ਕਿਉਟੋ ਪ੍ਰੋਟੋਕੋਲ ਦੇ ਮਹੱਤਵਪੂਰਨ ਦਸਤਾਵੇਜ਼ 'ਤੇ ਸੰਸਾਰ ਦੀ ਸਹਿਮਤੀ ਬਣੀ। ਵਿਕਸਤ ਦੇਸ਼ਾਂ ਨੇ 2008-12 ਦੇ ਸਮੇਂ ਦੌਰਾਨ ਪ੍ਰਦੂਸ਼ਨ ਵਿਚ ਪੰਜ ਪ੍ਰਤਿਸ਼ਤ ਕਮੀ ਕਰਨ ਦਾ ਵਾਅਦਾ ਕੀਤਾ ਪਰ ਅਮਰੀਕਾ ਦੇ ਸੇਨੇਟ ਨੇ ਇਸ ਸੰਧੀ ਦੀ ਪੁਸ਼ਟੀ ਕਰਨ ਤੋਂ ਨਾਂਹ ਕਰ ਦਿਤੀ ਅਤੇ 2001 ਵਿਚ ਰਾਸ਼ਟਰਪਤੀ ਜਾਰਜ ਬੁਸ਼ ਨੇ ਸੰਯੁਕਤ ਰਾਜ ਨੂੰ ਇਸ ਪ੍ਰੋਟੋਕੋਲ ਤੋਂ ਵੱਖ ਕਰ ਲਿਆ। ਪਰ 2005 ਵਿਚ ਕਿਊਟੋ ਪ੍ਰੋਟੋਕੋਲ ਸੰਬੰਧਿਤ ਦੇਸ਼ਾਂ ਲਈ ਅੰਤਰਰਾਸ਼ਟਰੀ ਕਾਨੂੰਨ ਬਣ ਗਿਆ। 'ਸਦਰਨ ਰੀਵੀਊ' ਦੇ 2006 ਦੇ ਅਧਿਐਨ ਅਨੁਸਾਰ ਜਲਵਾਯੂ ਦੇ ਪਰਿਵਰਤਨ ਕਾਰਨ ਸੰਸਾਰ ਦੀ ਕੁੱਲ ਘਰੇਲੂ ਉਤਪਾਦ ਦਾ 20 ਪ੍ਰਤਿਸ਼ਤ ਨੁਕਸਾਨ ਹੋ ਸਕਦਾ ਹੈ ਜਦ ਕਿ ਇਸ ਦੀ ਰੋਕਥਾਮ ਲਈ ਕੇਵਲ ਇਕ ਪ੍ਰਤਿਸ਼ਤ ਕੁੱਲ ਘਰੇਲੂ ਉਤਪਾਦ ਰਾਸ਼ੀ ਖਰਚ ਹੋਵੇਗੀ। 'ਫੌਸਿਲ ਫਿਊਲ' ਧਰਤੀ ਵਿਚੋਂ ਡੂੰਘੀ ਖੁਦਾਈ ਨਾਲ ਪ੍ਰਾਪਤ ਈਂਧਣ ਦੀ ਕਾਰਬਨ ਪ੍ਰਦੂਸ਼ਨ ਦੀ ਮਾਤਰਾ ਅੱਠ ਬਿਲੀਅਨ ਟਨ ਪ੍ਰਤਿ ਸਾਲ ਦਾ ਅੰਕੜਾ ਹੋਰ ਵੀ ਚਿੰਤਾਜਨਕ ਗਿਣਿਆ ਗਿਆ।

1988 ਵਿਚ ਸਥਾਪਤ ਪੌਣ-ਪਾਣੀ ਪਰਿਵਰਤਨ ਸੰਬੰਧੀ ਅੰਤਰਰਾਸ਼ਟਰੀ ਸਮਿਤੀ ਆਈ ਪੀ ਸੀ ਸੀ ਨੇ 1990 ਦੀ ਪਹਿਲੀ ਜਾਂਚ ਰਿਪੋਰਟ ਮੁਤਾਬਕ ਤਾਪਮਾਨ ਵਿਚ ਪਿਛਲੀ ਸਦੀ ਵਿਚ ਵਾਧੇ ਦਾ ਅਨੁਮਾਨ 0.3 – 0.6 ਸੈਂਟੀਗ੍ਰੇਡ ਦੱਸਿਆ ਗਿਆ ਤੇ 1995 ਦੀ ਦੂਸਰੀ ਰਿਪੋਰਟ ਨੇ ਸਪੱਸ਼ਟਤਾ ਨਾਲ ਕਿਹਾ ਕਿ ਮਾਨਵਤਾ ਜਲਵਾਯੂ ਪਰਿਵਰਤਨ ਲਈ ਜ਼ਿੰਮੇਵਾਰ ਹੈ ਤੇ 2001 ਦੀ ਜਾਂਚ ਰਿਪੋਰਟ ਵਿਚ ਇਸ ਦੀ ਹੋਰ ਪ੍ਰੋੜਤਾ ਕੀਤੀ। 2007 ਵਿਚ ਪੇਸ਼ ਕੀਤੀ ਚੌਥੀ ਰਿਪੋਰਟ ਅਨੁਸਾਰ ਮਨੁੱਖਤਾ 90 ਪ੍ਰਤਿਸ਼ਤ 'ਗਰੀਨ ਹਾਊਸ ਗੈਸ' ਤੇ ਸਿੱਟੇ ਵਜੋਂ ਵਾਤਾਵਰਨ ਦੀਆਂ ਖ਼ਤਰਨਾਕ ਤਬਦੀਲੀਆਂ ਲਈ ਜ਼ਿੰਮੇਵਾਰ ਹੈ। ਇਸੇ ਸਾਲ ਸੰਸਥਾ ਨੂੰ ਨੋਬਲ ਸ਼ਾਂਤੀ ਇਨਾਮ ਦਿਤਾ ਗਿਆ ਤੇ ਸੰਸਥਾ ਦੀ 'ਵਧੇਰੇ ਗਿਆਨ ਫੈਲਾਅ ਤੇ ਵਿਗੜ ਰਹੀ ਪਰਸਥਿਤੀ ਸੁਧਾਰਨ ਲਈ ਸੁਝਾਵਾਂ ਦੀ ਬੁਨਿਆਦ ਰੱਖਣ ਲਈ" ਸ਼ਲਾਘਾ ਕੀਤੀ ਗਈ। ਸੰਯੁਕਤ ਰਾਸ਼ਟਰ ਦੇ ਪੱਧਰ 'ਤੇ ਹੋਏ ਸਮਝੌਤਿਆਂ ਵਿਚ ਬਲੀ ਰੋਡਮੈਪ-2007 ਤੇ 192 ਸਰਕਾਰਾਂ ਦਾ 2009 ਵਿਚ ਕੋਪਨਹੇਗਨ ਦਾ ਸਿਖਰ ਸੰਮੇਲਨ ਤੇ 2010 ਦੀ ਮੈਕਸੀਕੋ ਵਿਚ ਹੋਈ ਮਹਾਂ ਸਭਾ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਆਈ ਪੀ ਸੀ ਸੀ ਨੇ 2013 ਵਿਚ ਜਾਰੀ ਕੀਤੀ ਪੰਜਵੀਂ ਜਾਂਚ ਰਿਪੋਰਟ ਵਿਚ ਮੁੜ ਦੁਹਰਾਇਆ ਹੈ ਕਿ 1950 ਤੋਂ ਬਾਅਦ ਧਰਤੀ ਦੀ ਵਧ ਤਪਸ਼ ਲਈ ਮਨੁੱਖਤਾ ਸਿੱਧੇ ਤੌਰ ਤੇ ਜ਼ਿੰਮੇਵਾਰ ਹੈ। ਵਿਸ਼ਵ ਵਿਚ ਮਨੁੱਖਾਂ ਦੀ ਕੁੱਲ ਗਿਣਤੀ ਕ੍ਰਮਵਾਰ 1800 ਵਿਚ ਇਕ ਅਰਬ, 1930 ਵਿਚ ਦੋ ਅਰਬ, 1960 ਵਿਚ ਤਿੰਨ ਅਰਬ, 1975 ਵਿਚ ਚਾਰ ਅਰਬ, 1987 ਵਿਚ ਪੰਜ ਅਰਬ, 1999 ਵਿਚ ਛੇ ਅਰਬ ਤੇ 2011 'ਚ ਸੱਤ ਅਰਬ ਤੋਂ ਵਧੇਰੇ ਹੋ ਗਈ ਹੈ। ਸੰਯੁਕਤ ਰਾਸ਼ਟਰ ਸੰਘ ਨੇ ਲੰਬੇ ਸੋਚ-ਵਿਚਾਰ ਬਾਅਦ, 2009 ਵਿਚ 22 ਅਪ੍ਰੈਲ ਦੇ ਦਿਨ ਨੂੰ 'ਅੰਤਰਰਾਸ਼ਟਰੀ ਪ੍ਰਿਥਵੀ ਦਿਵਸ' ਤੌਰ ਤੇ ਮਨਾਏ ਜਾਣ ਦੀ ਪ੍ਰਵਾਨਗੀ ਦਿਤੀ ਹੈ – ਇਹ ਸਵੀਕਾਰ ਕਰਦੇ ਹੋਏ ਕਿ, ''ਧਰਤੀ 'ਤੇ ਇਸ ਦੇ ਵਾਤਾਵਰਨ ਦੇ ਪ੍ਰਬੰਧਕ ਢਾਂਚੇ (ਈਕੋ ਸਿਸਟਮਜ਼) ਸਾਡੇ ਘਰ ਪਰਿਵਾਰ ਹਨ ਅਤੇ ਪ੍ਰਿਥਵੀ ਦੇ ਕੁਦਰਤ ਨਾਲ ਇਕਸੁਰਤਾ ਨੂੰ ਵਧਾਉਣਾ ਹੀ ਸਮੁੱਚੇ ਜੀਵਨ ਨੂੰ ਸੁਰੱਖਿਅਤ ਬਣਾਉਣਾ ਹੈ।" ਪ੍ਰਿਥਵੀ ਤੇ ਸੂਰਜ ਦੇ ਗਹਿਰੇ ਭੂਗੋਲਿਕ ਤੇ ਜੀਵਨ-ਆਧਾਰ ਸੰਬੰਧਾਂ ਨੂੰ 20 ਮਾਰਚ ਤੇ 23 ਸਤੰਬਰ ਨੂੰ ਮਨਾਉਣ ਦੀ ਪ੍ਰੰਪਰਾ ਵੀ ਵਿਸ਼ਵ ਦੀਆਂ ਸਭ ਸੰਸਕ੍ਰਿਤੀਆਂ ਵਿਚ ਪੁਰਾਤਨ ਸਮਿਆਂ ਤੋਂ ਪ੍ਰਚਲਤ ਰਹੀ ਹੈ। ਇਨ੍ਹਾਂ ਦੋਵੇਂ ਤਾਰੀਕਾਂ ਨੂੰ ਧਰਤੀ ਦੇ ਉੱਤਰੀ ਤੇ ਦੱਖਣੀ ਅੱਧ-ਖੰਡਾਂ ਵਿਚ ਦਿਨ-ਰਾਤ ਸਮਾਨ ਹੁੰਦੇ ਹਨ – ਇਹ 'ਇਕਿਊਨੋਕਟੀਕਲ ਅਰਥ ਦਿਵਸ' ਉਸ ਸਮੇਂ ਬਿੰਦੂ ਨੂੰ ਜਸ਼ਨ ਭਰਪੂਰ ਮਿਣਦੇ ਹਨ ਜਦੋਂ ਸੂਰਜ ਧਰਤੀ ਦੀ ਭੂ-ਮੱਧ ਰੇਖਾ 'ਤੇ ਸਿੱਧੇ ਤੌਰ ਤੇ ਕੇਂਦਰਿਤ ਹੁੰਦਾ ਹੈ ਤੇ ਨਵੇਂ ਮੌਸਮਾਂ ਦਾ ਸੂਚਕ ਹੁੰਦਾ ਹੈ। ਇਨ੍ਹਾਂ 'ਸ਼ੁਭ ਘੜੀਆਂ' ਨੂੰ ਪ੍ਰਿਥਵੀ 'ਤੇ ਸੁਖ ਸ਼ਾਂਤੀ ਤੇ ਕੁਦਰਤ ਨਾਲ ਸੰਪੂਰਨ ਸੁਮੇਲ ਤੇ ਗਿਆਨ-ਵਿਗਿਆਨ ਦੀਆਂ ਪ੍ਰਾਪਤੀਆਂ ਦਾ ਪ੍ਰਤੀਕ ਮੰਨ ਕੇ ਸਮੇਂ ਦੀ ਠੀਕ ਗਿਣਤੀ-ਮਿਣਤੀ ਤੇ ਪੁਲਾੜ ਵਿਆਪੀ ਸੰਚਾਰ ਸਾਧਨਾਂ ਦੀ ਪ੍ਰਗਤੀ ਦੇ ਉਤਸਵ ਦੇ ਤੌਰ ਤੇ ਮਨਾਉਣ ਨਾਲ ਜੋੜਿਆ ਜਾਂਦਾ ਹੈ। ਮਾਨਵਤਾ ਨੂੰ ਪ੍ਰਿਥਵੀ, ਚੰਦ, ਸੂਰਜ ਤੇ ਸਾਰੇ ਬ੍ਰਹਿਮੰਡ ਦੀ ਆਪਸੀ ਨਿਰਭਰਤਾ 'ਤੇ ਧਰਤੀ ਦੇ ਸਾਂਭ-ਸੰਭਾਲ ਦੀ ਮਾਨਸਿਕਤਾ ਵਿਕਸਤ ਕਰਨ ਦੀ ਗਹਿਰੀ ਜ਼ਰੂਰਤ ਬਾਰੇ ਕੋਈ ਵੀ ਉਪਰਾਲੇ ਕੀਤੇ ਜਾਣੇ ਠੀਕ ਦਿਸ਼ਾ ਵਲ ਕਦਮ ਕਹੇ ਜਾ ਸਕਦੇ ਹਨ।

**ਭਾਰਤ ਨੇ ਜਲਵਾਯੂ ਪਰਿਵਰਤਨ, ਧਰਤੀ ਦੀ ਵਧ ਰਹੀ ਤਪਸ਼, ਵਾਤਾਵਰਨ ਦਾ ਲਗਾਤਾਰ ਵਧ ਰਿਹਾ ਪ੍ਰਦੂਸ਼ਨ ਤੇ ਪ੍ਰਿਥਵੀ ਦੇ ਕੁਦਰਤ ਨਾਲ ਜੁੜੇ ਸਮੁੱਚੇ ਮਸਲਿਆਂ ਬਾਰੇ ਸਭ ਅੰਤਰਰਾਸ਼ਟਰੀ ਮੰਚਾਂ 'ਤੇ ਅਸਰਦਾਰ ਕਿਰਦਾਰ ਨਿਭਾਇਆ ਹੈ ਤੇ ਰਾਸ਼ਟਰੀ ਪੱਧਰ 'ਤੇ ਪ੍ਰਾਰੰਭਕ ਦੌਰ ਤੋਂ ਹੀ ਵਿਗਿਆਨਕ ਤੇ ਪ੍ਰਸ਼ਾਸਨੀ ਸੰਸਥਾਵਾਂ ਰਾਹੀਂ ਸਭ ਸਮੱਸਿਆਵਾਂ ਪ੍ਰਤਿ ਗੰਭੀਰਤਾ ਦਾ ਪ੍ਰਦਰਸ਼ਨ ਕੀਤਾ ਹੈ। ਅਗਸਤ 2013 ਵਿਚ ਸੰਸਦ ਦੇ ਮੈਂਬਰਾਂ ਦੀ ਜਾਣਕਾਰੀ ਲਈ ਜਾਰੀ ਕੀਤੇ ਸੂਚਨਾ ਪੱਤਰ 'ਜਲਵਾਯੂ ਪਰਿਵਰਤਨ – ਭਾਰਤ ਦਾ ਪਰਿਪੇਖ' ਰਾਹੀਂ ਸਭ ਪਹਿਲੂਆਂ ਬਾਰੇ ਸਪੱਸ਼ਟੀਕਰਨ ਪੇਸ਼ ਕੀਤੇ ਗਏ।**

ਵਾਤਾਵਰਨ ਵਿਚ ਗ੍ਰੀਨ ਹਾਊਸ ਗੈਸਾਂ ਦੀ ਮਾਤਰਾ ਲਗਾਤਾਰ ਵਧਣ ਦੇ ਹਵਾਲੇ ਨਾਲ ਦੱਸਿਆ ਗਿਆ ਕਿ ਕਿਵੇਂ ਵਿਸ਼ਵ ਪੱਧਰ 'ਤੇ ਫੌਸਲ ਫਿਊਲ ਦੇ ਵਧੇਰੇ ਯੋਗ ਤੇ ਭੂਮੀ ਦੇ ਨਿੱਤ ਤਬਦੀਲ ਹੋ ਰਹੇ ਇਸਤੇਮਾਲ ਨਾਲ ਅਤੇ ਖੇਤੀਬਾੜੀ ਵਿਚ ਮੀਥੇਨ ਤੇ ਨਾਈਟਰਸ ਆਕਸਾਈਡ ਨੇ ਪ੍ਰਿਥਵੀ 'ਤੇ ਕੁਦਰਤ ਦੇ ਸੰਤੁਲਨ ਨੂੰ ਗੰਭੀਰ ਖ਼ਤਰੇ ਵਾਲੀ ਪਰਸਥਿਤੀ ਵਿਚ ਪੁਚਾ ਦਿਤਾ ਹੈ। ਭਾਰਤ ਸਾਹਮਣੇ ਵਾਤਾਵਰਨ ਦੀਆਂ ਚੁਨੌਤੀਆਂ ਖੇਤੀ ਦੀਆਂ ਸਾਰੀਆਂ ਕਿਰਿਆਵਾਂ ਹਿਮਾਲਿਆ ਦੇ ਗਲੇਸ਼ੀਅਰਾਂ ਦੇ ਜਲ ਭੰਡਾਰ, ਨਦੀਆਂ ਦੇ ਸਰੋਤ

ਤੇ ਜ਼ਮੀਨੀ ਜਲ ਦੀ ਪੁਨਰ-ਪੂਰਤੀ, ਸਮੁੰਦਰ ਦੀ ਸਤਹ ਦਾ ਉਭਾਰ, ਲੰਬੇ ਤੇ ਵਿਸ਼ਾਲ ਸਾਗਰੀ ਕਿਨਾਰਿਆਂ ਦਾ ਜੀਵਨ ਪ੍ਰਵਾਹ, ਹੜ੍ਹ ਤੇ ਸੋਕੇ ਦੀਆਂ ਸਥਿਤੀਆਂ 'ਤੇ ਬੁਰਾ ਪ੍ਰਭਾਵ ਪਾ ਕੇ ਦੇਸ਼ ਦੀ ਭੋਜਨ ਤੇ ਪਾਣੀ ਦੀ ਸੁਰੱਖਿਆ ਸੰਬੰਧੀ ਚਿੰਤਾ ਦਾ ਕਾਰਨ ਬਣ ਰਹੇ ਹਨ। ਇੰਟਰਗਵਰਨਮੈਂਟਲ ਪੈਨਲ ਆਨ ਕਲਾਈਮੇਟ ਚੇਂਜ ਦੀ ਮਾਰਚ 2014 ਵਿਚ ਜਾਰੀ ਕੀਤੀ ਰਿਪੋਰਟ ਅਨੁਸਾਰ ਭਾਰਤ ਨੂੰ ਜਲਵਾਯੂ ਪਰਿਵਰਤਨ ਨਾਲ ਪੈਦਾ ਹੋ ਰਹੇ ਅਨੇਕ ਖ਼ਤਰਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ''ਜਲਵਾਯੂ ਦੇ ਪਰਿਵਰਤਨ ਆਰਥਿਕ ਵਿਕਾਸ ਦੀ ਦਰ ਮੱਧਮ ਕਰਕੇ ਸਿਹਤ ਸਹੂਲਤਾਂ ਤੇ ਗਰੀਬੀ ਘਟਾਉਣ ਦੀਆਂ ਯੋਜਨਾਵਾਂ ਨੂੰ ਪ੍ਰਭਾਵਤ ਕਰ ਸਕਦੇ ਹਨ ... ਇੱਕੀਵੀਂ ਸਦੀ ਵਿਚ ਧਰਤੀ ਦਾ ਤਾਪਮਾਨ 0.3 ਤੋਂ 4.8 ਦਰਜੇ ਸੈਲਸੀਅਸ ਵਧ ਸਕਦਾ ਹੇ ਅਤੇ ਸਮੁੰਦਰ ਦੇ ਪਾਣੀ ਦੀ ਸਤਹ 8 ਸੈਂਟੀਮੀਟਰ ਉਪਰ ਆਉਣ ਦੇ ਅਨੁਮਾਨ ਨਾਲ ਤੱਟਾਂ ਦੇ ਸਭ ਸ਼ਹਿਰਾਂ - ਸ਼ੰਘਾਈ ਤੋਂ ਸਾਨਫ੍ਰਾਂਸਿਸਕੋ ਨੂੰ ਖ਼ਤਰਾ ਹੈ।" ਭਾਰਤ ਪਹਿਲਾਂ ਹੀ ਕੁਦਰਤੀ ਆਫ਼ਤਾਂ ਦਾ ਸ਼ਿਕਾਰ ਹੁੰਦਾ ਰਿਹਾ ਹੈ ਅਤੇ ਇਸ ਦੇ 1.2 ਅਰਬ ਲੋਕਾਂ ਵਿਚੋਂ ਬਹੁਤੇ ਅਜਿਹੇ ਖੇਤਰ ਵਿਚ ਵਸੇ ਹੋਏ ਹਨ ਜੋ ਹੜ੍ਹ-ਤੂਫ਼ਾਨ ਤੇ ਸੋਕਾ ਪੀੜਤ ਇਲਾਕੇ ਹਨ। ਮੌਸਮਾਂ ਦਾ ਹੇਰਫੇਰ ਨਾ ਕੇਵਲ ਖੇਤੀ ਉਪਜ ਤੇ ਭੋਜਨ ਸੁਰੱਖਿਆ ਨੂੰ ਪ੍ਰਭਾਵਤ ਕਰੇਗਾ ਸਗੋਂ ਪਾਣੀ ਦੀ ਥੁੜ੍ਹ ਵੀ ਪੈਦਾ ਕਰੇਗਾ ਅਤੇ ਮੱਖੀ-ਮੱਛਰ ਆਦਿ ਰਾਹੀਂ ਫੈਲਾਏ ਜਾਣ ਵਾਲੇ ਰੋਗਾਂ ਵਿਚ ਵਾਧਾ ਕਰੇਗਾ। ਸਭ ਵਿਕਾਸਸ਼ੀਲ ਦੇਸ਼ਾਂ ਵਾਂਗ ਭਾਰਤ ਵਿਚ ਜਲਵਾਯੂ ਦੇ ਪਰਿਵਰਤਨ ਆਰਥਿਕਤਾ ਦੇ ਹੋਰ ਮਹੱਤਵਪੂਰਨ ਖੇਤਰਾਂ ਜਿਵੇਂ ਊਰਜਾ, ਪਰਿਵਹਿਨ, ਸੈਰ-ਸਪਾਟਾ ਤੇ ਖੇਤੀਬਾੜੀ ਨੂੰ ਵੱਡਾ ਨੁਕਸਾਨ ਪਹੁੰਚਾਉਣਗੇ।

ਪੌਣ-ਪਾਣੀ ਦੇ ਪਰਿਵਰਤਨਾਂ ਦੇ ਬੁਰੇ ਪ੍ਰਭਾਵਾਂ ਨੂੰ ਰੋਕਣ ਲਈ ਭਾਰਤ ਸਰਕਾਰ, ਗ਼ੈਰ-ਸਰਕਾਰੀ ਤੇ ਸਮਾਜ-ਸੇਵੀ ਸੰਸਥਾਵਾਂ ਨੇ ਨਿਸ਼ਚੇ ਹੀ ਅਨੇਕ ਸੁਯੋਗ ਨੀਤੀਆਂ ਬਣਾ ਕੇ ਠੋਸ ਕਦਮ ਉਠਾਏ ਹਨ। ਅਗਸਤ 2014 ਦੇ ਸੂਚਨਾ ਪੱਤਰ ਅਨੁਸਾਰ, ਭਾਰਤ ਵਿਚ ਪ੍ਰਦੂਸ਼ਨ ਪ੍ਰਸਾਰ-ਈ ਮਿਸ਼ਨ ਦਾ 2007 ਲਈ ਅਨੁਮਾਨ 1331.6 ਮਿਲੀਅਨ ਟਨ ਕਾਰਬਨ ਡਾਇਆਕਸਾਈਡ ਗ੍ਰੀਨ ਹਾਊਸ ਗੈਸ (ਜੀ ਐੱਚ ਜੀ) ਲਗਾਇਆ ਗਿਆ ਸੀ ਜੋ 1994 ਦੀ ਤੁਲਨਾ ਵਿਚ 4.2 ਪ੍ਰਤਿਸ਼ਤ ਵਾਧਾ ਦਰਸਾਉਂਦਾ ਸੀ। ਭਾਵੇਂ ਭਾਰਤ ਦੀ ਕਾਰਬਨ ਡਾਇਆਕਸਾਈਡ (ਸੀ ਓ-ਦੋ) ਦਾ ਪ੍ਰਸਾਰ ਵਿਸ਼ਵ ਦਾ ਕੇਵਲ ਚਾਰ ਪ੍ਰਤਿਸ਼ਤ ਹੀ ਹੈ ਫਿਰ ਵੀ ਭਾਰਤ ਵਿਸ਼ਵ ਪ੍ਰਦੂਸ਼ਨ ਦੇ ਮਸਲਿਆਂ ਸੰਬੰਧੀ ਪੂਰੀ ਤਰ੍ਹਾਂ ਸਚੇਤ ਹੈ। ਭਾਰਤ ਸੰਯੁਕਤ ਰਾਸ਼ਟਰ ਸੰਘ ਦੀ ਜਲਵਾਯੂ ਪਰਿਵਰਤਨ ਦੀ ਰੂਪਰੇਖਾ ਸੰਧੀ (ਯੂ ਐੱਨ ਐੱਫ ਸੀ ਸੀ ਸੀ) ਦੀਆਂ ਸਭ ਧਾਰਾਵਾਂ ਦਾ ਧਾਰਨੀ ਰਿਹਾ ਹੈ ਅਤੇ ਇਸ ਸੰਸਥਾ ਦੇ ਮੰਤਵਾਂ ਤੇ ਕਾਰਵਾਈਆਂ ਨਾਲ ਜੁੜਿਆ ਹੋਇਆ ਹੈ। ਭਾਰਤ ਨੇ ਇਸ ਸੰਸਥਾ ਨੂੰ ਆਪਣਾ ਦੂਸਰਾ ਨੈਸ਼ਨਲ ਕਮਿਊਨੀਕੇਸ਼ਨ (ਨੈਟਕਾਮ) 2012 ਵਿਚ ਪੇਸ਼ ਕੀਤਾ ਹੈ, ਪਹਿਲਾ 2004 ਵਿਚ ਦਿਤਾ ਗਿਆ ਸੀ। ਇਸ ਦੂਸਰੇ ਰਾਸ਼ਟਰੀ ਸੂਚਨਾ-ਪੱਤਰ ਅਨੁਸਾਰ ਸਦੀ ਦੇ ਅਖੀਰ ਵਿਚ ਸਾਲਾਨਾ ਔਸਤ ਧਰਾਤਲ ਵਾਯੂ ਦਾ ਤਾਪਮਾਨ 3.5 ਸੀ, ਤੋਂ 4.3 ਦਰਜਾ ਸੈਲਸੀਅਸ ਵਧਣ ਦਾ ਅਨੁਮਾਨ ਲਗਾਇਆ ਗਿਆ ਜਦੋਂ ਭਾਰਤ ਦੇ ਸਾਗਰੀ ਤੱਟ ਲਗਭਗ 1.3 ਮਿਲੀਮੀਟਰ ਸਾਲਾਨਾ ਦਰ 'ਤੇ ਉੱਚਾ ਹੋ ਰਿਹਾ ਸੀ। ਇਸ ਪਰਸਥਿਤੀ ਨਾਲ ਜੂਝਣ ਲਈ ਭਾਰਤ ਨੇ ਅਨੇਕ ਸਮਾਜਿਕ ਤੇ ਆਰਥਿਕ ਵਿਕਾਸ ਦੇ ਪ੍ਰੋਗਰਾਮ ਚਲਾਏ ਹਨ। ਰਾਸ਼ਟਰੀ ਵਾਤਾਵਰਨ ਨੀਤੀ, 2006 ਅਨੁਸਾਰ ਦੇਸ਼ ਦੀਆਂ ਜਲਵਾਯੂ ਪਰਿਵਰਤਨ ਨੂੰ ਝੱਲ ਸਕਣ ਦੀਆਂ ਮੁਸ਼ਕਿਲਾਂ ਤੇ ਕਮਜ਼ੋਰੀਆਂ ਦੀ ਪਛਾਣ ਕੀਤੀ ਗਈ ਅਤੇ ਵਿਸ਼ੇਸ਼ ਤੌਰ ਤੇ ਜਲ ਸਰੋਤ, ਜੰਗਲਾਤ, ਤੱਟਵਰਤੀ ਖੇਤਰ, ਖੇਤੀ ਤੇ ਸਿਹਤ ਆਦਿ ਦੇ ਖੇਤਰਾਂ ਦੀ ਪੂਰੀ ਸਮੀਖਿਆ ਕੀਤੀ ਗਈ ਹੈ ਤੇ ਭਾਰਤੀ ਉਦਯੋਗ ਨੂੰ ਵੀ ਸਵੱਛ ਵਿਕਾਸ ਮਕੈਨਿਜ਼ਮ ਵਿਚ ਭਾਗੀਦਾਰ ਹੋਣ ਲਈ ਉਤਸ਼ਾਹਿਤ ਕੀਤਾ ਗਿਆ ਹੈ।

ਭਾਰਤ ਦੇ ਜਲਵਾਯੂ ਪਰਿਵਰਤਨ 'ਤੇ ਵਾਤਾਵਰਨ ਨਾਲ ਸੰਬੰਧਿਤ ਸਭ ਵਿਸ਼ਿਆਂ 'ਤੇ ਡੂੰਘੀ ਸੋਚ-ਵਿਚਾਰ ਲਈ ਪ੍ਰਧਾਨ ਮੰਤਰੀ ਨੇ ਇਕ ਵਿਸ਼ੇਸ਼ ਉੱਚ ਪੱਧਰੀ ਸਲਾਹਕਾਰ ਸਮਿਤੀ ਦਾ ਗਠਨ ਕੀਤਾ। ਇਸ ਵਿਚ ਗ਼ੈਰ-ਸਰਕਾਰੀ ਉੱਘੇ ਵਾਤਾਵਰਨ ਵਿਗਿਆਨ ਦੇ ਮਾਹਰਾਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। 30 ਜੂਨ 2008 ਨੂੰ ਦੇਸ਼ ਦੀ ਪਹਿਲੀ ਜਲਵਾਯੂ ਪਰਿਵਰਤਨ ਬਾਰੇ ਰਾਸ਼ਟਰੀ ਕਾਰਜ ਯੋਜਨਾ (ਐਨ ਏ ਪੀ ਸੀ ਸੀ) ਦਾ ਐਲਾਨ ਕੀਤਾ ਸੀ। ਇਸ ਮਹੱਤਵਪੂਰਨ ਦਸਤਾਵੇਜ਼ ਰਾਹੀਂ ਜਲਵਾਯੂ ਪਰਿਵਰਤਨ ਨਾਲ ਪੈਦਾ ਹੋ ਰਹੀਆਂ ਸਭ ਚੁਨੌਤੀਆਂ ਦੀ ਪਛਾਣ ਕਰਦੇ ਹੋਏ ਨਵੀਆਂ ਨੀਤੀਆਂ ਤੇ ਪ੍ਰੋਗਰਾਮਾਂ ਦੇ ਵੇਰਵੇ ਪੇਸ਼ ਕੀਤੇ ਗਏ ਜਿਨ੍ਹਾਂ ਵਿਚ ਅੱਠ 'ਰਾਸ਼ਟਰੀ ਪ੍ਰਤਿਗਿਆਵਾਂ' ਬਾਰੇ ਵੀ ਦੱਸਿਆ ਗਿਆ ਜਿਨ੍ਹਾਂ ਵਿਚ ਸੂਰਜੀ ਸ਼ਕਤੀ, ਊਰਜਾ ਦੀ ਕੁਸ਼ਲਤਾ, ਸਵੈ ਸੰਚਾਲਿਤ ਰਿਹਾਇਸ਼, ਜਲ ਸਰੋਤ, ਹਿਮਾਲਿਆ ਦਾ ਵਾਤਾਵਰਨ, 'ਹਰਿਆਵਲ ਭਰਪੂਰ ਭਾਰਤ' ਵਧੀਆ ਖੇਤੀ ਤੇ ਪੌਣ-ਪਾਣੀ ਪਰਿਵਰਤਨ ਬਾਰੇ ਸਮਾਜਿਕ ਗਿਆਨ ਸ਼ਾਮਿਲ ਹਨ। ਇਹ ਕਾਰਜ ਯੋਜਨਾ ਆਰਥਿਕ ਵਿਕਾਸ ਜਿਸ ਨਾਲ ਰਾਸ਼ਟਰੀ ਜੀਵਨ ਪੱਧਰ ਉੱਚਾ ਕਰਨਾ ਮੁੱਖ ਮੰਤਵ ਹੈ, ਦੇ ਨਾਲ 'ਜਲਵਾਯੂ ਦੇ ਪਰਿਵਰਤਨ' ਦੀਆਂ ਸਮੱਸਿਆਵਾਂ ਦਾ ਹੱਲ ਲੱਭਣ ਦਾ ਗੰਭੀਰ ਯਤਨ ਕਰਦੀ ਹੈ। ਨਿਸ਼ਚੇ ਹੀ ਸ਼ਕਤੀ ਉਤਪਾਦਨ, ਊਰਜਾ ਦਾ ਨਵਿਆਉਣਾ, ਸ਼ਕਤੀ ਕੁਸ਼ਲਤਾ ਦੇਸ਼ ਲਈ ਅਤਿਅੰਤ ਮਹੱਤਵਪੂਰਨ ਖੇਤਰ ਹਨ। ਪ੍ਰਧਾਨ ਮੰਤਰੀ ਦੀ ਸਲਾਕਾਰ ਸਮਿਤੀ 'ਮਿਸ਼ਨਜ' ਦੀ ਸਮੀਖਿਆ ਕਰਕੇ ਰਾਜ ਸਰਕਾਰਾਂ ਨੂੰ ਵੀ 'ਰਾਜ ਕਾਰਜ ਯੋਜਨਾ' ਬਣਾਉਣ 'ਤੇ ਲਾਗੂ ਕਰਨ ਵਿਚ ਮਦਦ ਕਰਦੀ ਹੈ।

ਜਲਵਾਯੂ ਦੇ ਘਾਤਕ ਪਰਿਵਰਤਨ ਨਾਲ ਜੁੜਵੀ ਸਮੱਸਿਆ 'ਵਿਸ਼ਵੀ ਤਪਸ਼' ਨੇ ਵੀ ਸੰਸਾਰ ਦੇ ਵਿਗਿਆਨਕਾਂ, ਨੇਤਾਵਾਂ ਤੇ ਸਮਾਜ-ਸੇਵੀਆਂ ਦਾ ਗਹਿਰਾ ਧਿਆਨ ਖਿੱਚਿਆ ਹੈ। ਦੋਵੇਂ ਹੀ 'ਜਲਵਾਯੂ ਪਰਿਵਰਤਨ' ਦੇ ਸੰਦਰਭ 'ਚ 'ਸੌ ਸਾਲ ਦੇ ਪੈਮਾਨੇ' ਅਨੁਸਾਰ ਧਰਤੀ ਦੇ ਔਸਤ ਤਾਪਮਾਨ 'ਚ ਵਾਧੇ ਤੇ ਧਰਤੀ ਦੇ ਹਵਾ-ਪਾਣੀ ਦੇ ਤਾਣੇ-ਬਾਣੇ ਵਿਚ ਆ ਰਹੀਆਂ ਤ੍ਰੇੜਾਂ ਅਤੇ ਇਸ ਪ੍ਰਕਿਰਿਆ ਦੇ ਪ੍ਰਭਾਵਾਂ ਨੂੰ ਸਮਝਣ ਦੇ ਯਤਨ ਕਰਦੇ ਹਨ। ਵਿਗਿਆਨਕ ਖੋਜਾਂ ਸਿੱਧ ਕਰਦੀਆਂ ਹਨ ਕਿ ਸਾਡੇ ਪੌਣ-ਪਾਣੀ ਦਾ ਕੁਦਰਤੀ ਪ੍ਰਬੰਧ ਲਾਗਾਤਰ ਗਰਮੀ ਵਲ ਵਧ ਰਿਹਾ ਹੈ - 1970 ਤੋਂ ਪਿਛੋਂ 90 ਪ੍ਰਤਿਸ਼ਤ ਤੋਂ ਵੱਧ ਵਾਧੂ ਸ਼ਕਤੀ ਦਾ ਪ੍ਰਵਾਹ ਸਮੁੰਦਰਾਂ ਨੂੰ ਗਰਮ ਕਰਨ ਲਈ ਜ਼ਿੰਮੇਵਾਰ ਹੈ। ਬਰਫ਼ ਦੇ ਭੰਡਾਰ ਵੀ ਪਿਘਲੇ ਹਨ ਅਤੇ ਸਭ ਮਹਾਂਦੀਪਾਂ ਦਾ ਵਾਤਾਵਰਨ ਗਰਮ ਹੋਇਆ ਹੈ। 2011 ਦੇ ਵਿਸ਼ਵ ਪੱਧਰ ਦੇ ਅਨੁਮਾਨ ਅਨੁਸਾਰ, ਫੌਸਲ ਫਿਊਲ ਦੇ ਜਲਣ ਨਾਲ, ਜਿਸ ਵਿਚ ਸੀਮੈਂਟ ਉਤਪਾਦਨ ਤੇ ਗੈਸ ਫਲੇਰਿੰਗ ਵੀ ਸ਼ਾਮਿਲ ਹਨ, ਨੇ ਕਾਰਬਨ

ਡਾਇਆਕਸਾਈਡ ਸੀ ਓ 2 ਦੀ ਮਾਤਰਾ 34.8 ਬਿਲੀਅਨ ਟਨ ਹੋ ਗਈ ਹੈ – ਜੋ 1990 ਦੇ ਮੁਕਾਬਲੇ 54 ਪ੍ਰਤਿਸ਼ਤ ਜ਼ਿਆਦਾ ਹੈ। ਸਮੱਸਿਆ ਦੀ ਗੰਭੀਰਤਾ ਪ੍ਰਤਿ ਸੰਵੇਦਨਾ ਦਿਖਾਉਂਦੇ ਹੋਏ ਭਾਰਤ ਸਰਕਾਰ ਨੇ 2008 ਵਿਚ ਇਕ ਵਿਸ਼ੇਸ਼ ਸੰਸਦੀ ਮੰਚ ਦੀ ਵੀ ਸਥਾਪਨਾ ਕੀਤੀ ਹੈ ਜੋ ਵਿਸ਼ਿਆਂ ਦੇ ਮਾਹਰਾਂ ਨਾਲ ਵਿਚਾਰ-ਵਟਾਂਦਰੇ ਕਰਦਾ ਰਹਿੰਦਾ ਹੈ। ਵਾਤਾਵਰਨ ਮੰਤਰਾਲਾ ਨੇ ਜਲਵਾਯੂ ਕਾਰਜ ਪ੍ਰੋਗਰਾਮ (ਸੀ ਸੀ ਏ ਪੀ) 'ਤੇ ਇੰਡੀਅਨ ਨੈੱਟਵਰਕ ਫਾਰ ਕਲਾਈਮੇਟ ਚੇਂਜ ਅਸੈਸਮੈਂਟ (ਆਈ ਐੱਨ ਸੀ ਸੀ ਏ) ਦਾ ਗਠਨ ਕੀਤਾ ਹੈ। 12ਵੀਂ ਪੰਜ ਸਾਲਾ ਯੋਜਨਾ ਦੇ ਤਹਿਤ ਸਰਕਾਰ ਨੇ 2005 ਦੀ ਤੁਲਨਾ ਵਿਚ ਪ੍ਰਦੂਸ਼ਨ ਪਸਾਰੇ – ਈਮਿਸ਼ਨ ਇੰਨਟੈਨਸਿਟੀ ਨੂੰ ਗ੍ਰੌਸ ਡੋਮੈਸਟਿਕ ਪ੍ਰੋਡਕਟ (ਜੀ ਡੀ ਪੀ) ਦੇ 20 ਤੋਂ 25 ਪ੍ਰਤਿਸ਼ਤ ਘਟਾਉਣ ਦਾ ਟੀਚਾ 2020 ਤਕ ਪੂਰਾ ਕਰਨਾ ਰੱਖਿਆ ਹੈ। ਊਰਜਾ ਬਚਤ ਦੇ ਪ੍ਰੋਗਰਾਮ ਸੰਤੁਲਨ ਤੇ ਸਵੈ-ਸੰਚਾਲਿਤ ਵਿਕਾਸ ਨੀਤੀਆਂ ਨਾਲ ਜੋੜਨ ਦੇ ਯਤਨ ਕੀਤੇ ਗਏ ਹਨ। 'ਜਲਵਾਯੂ ਪਰਿਵਰਤਨ ਕਾਰਜ ਪ੍ਰੋਗਰਾਮ (ਸੀ ਸੀ ਏ ਪੀ)' ਦੀ ਨਵੀਂ ਸਕੀਮ ਸਮੱਸਿਆ ਦੇ ਸਭ ਵਿਗਿਆਨਕ ਤੇ ਆਰਥਿਕ ਪੱਖਾਂ ਦਾ ਮੁੱਲੰਕਣ ਜਾਇਜ਼ਾ ਲੈ ਕੇ ਰਾਸ਼ਟਰੀ ਤੇ ਰਾਜ ਪੱਧਰ 'ਤੇ ਢੁਕਵੇਂ ਕਾਰਜਕ੍ਰਮ ਲਾਗੂ ਕਰੇਗੀ। ਨਵਿਆਉਣਯੋਗ ਊਰਜਾ ਪ੍ਰਾਪਤੀ ਇਕਰਾਰਨਾਮਾ (ਆਰ ਪੀ ਓ) ਦੀਆਂ ਯੋਜਨਾਵਾਂ ਨੂੰ ਮਹੱਤਵਪੂਰਨ ਸਮਝਿਆ ਗਿਆ ਹੈ ਤੇ 'ਰਾਸ਼ਟਰੀ ਸੂਰਜੀ ਮਿਸ਼ਨ' ਨੇ ਸੂਰਜੀ ਸ਼ਕਤੀ ਦੀਆਂ ਸੰਭਾਵਨਾਵਾਂ ਵਲ ਵਧੇਰੇ ਧਿਆਨ ਦੇਣ 'ਤੇ ਜ਼ੋਰ ਦਿਤਾ ਹੈ।

ਪੌਣ-ਪਾਣੀ ਦੀਆਂ ਤਬਦੀਲੀਆਂ ਨਾਲ ਜੁੜੇ ਖ਼ਤਰਨਾਕ ਨਤੀਜਿਆਂ ਪ੍ਰਤਿ ਸਚੇਤ ਕਰਨ ਵਾਲੇ ਵਿਗਿਆਨਕ ਚਿੰਤਕ ਤੇ ਸਮਾਜੀ ਕਾਰਜ ਕਰਤਾਵਾਂ ਦੀਆਂ ਅਣਥੱਕ ਕੋਸ਼ਿਸ਼ਾਂ ਨਾਲ ਭਾਰਤ ਵਿਚ ਸਰਕਾਰੀ ਤੇ ਗ਼ੈਰ-ਸਰਕਾਰੀ ਹਲਕਿਆਂ ਵਿਚ ਨਿਸ਼ਚੇ ਹੀ ਨਵੀਂ ਜਾਗਰੂਕਤਾ ਤੇ ਸੰਵੇਦਨਾ ਵਿਕਸਤ ਹੋਈ ਹੈ। ਨਵਾਂ ਗਠਿਤ ਮੰਤਰਾਲਾ ਵਾਤਾਵਰਨ, ਜੰਗਲਾਤ ਅਤੇ ਜਲਵਾਯੂ ਪਰਿਵਰਤਨ ਦੇ ਸਾਰੇ ਪਹਿਲੂਆਂ ਸੰਬੰਧੀ ਨੀਤੀਆਂ ਨੂੰ ਰਾਸ਼ਟਰੀ ਪੱਧਰ 'ਤੇ ਅੰਤਰਰਾਸ਼ਟਰੀ ਮੰਚਾਂ 'ਤੇ ਪੇਸ਼ ਕਰਨ 'ਤੇ ਲਾਗੂ ਕਰਵਾਉਣ ਲਈ ਜ਼ਿੰਮੇਵਾਰ ਹੈ। ਇਸ ਮੰਤਰਾਲਾ ਦੇ ਕਾਰਜ ਖੇਤਰਾਂ ਵਿਚ ਕਾਫ਼ੀ ਵਾਧੇ ਹੋਏ ਹਨ ਤੇ ਇਸ ਦਾ ਵਕਾਰ ਤੇ ਮਹੱਤਵ ਵੀ ਵਧਿਆ ਹੈ। ਦੇਸ਼ ਦੇ ਕੁਦਰਤੀ ਸਰੋਤਾਂ ਦੀ ਸਾਂਭ-ਸੰਭਾਲ ਜਿਸ ਵਿਚ ਸਮੁੱਚੀ ਬਨਸਪਤੀ, ਜੀਵ-ਜੰਤੂ ਤੇ ਵਣ-ਸੰਸਾਰ ਆਉਂਦੇ ਹਨ, ਤੋਂ ਇਲਾਵਾ ਮੰਤਰਾਲਾ ਨੂੰ ਪ੍ਰਦੂਸ਼ਨ ਰੋਕਣ, ਹਰਿਆਵਲ ਵਧਾਉਣ ਤੇ ਸਮੁੰਦਰੀ ਤੱਟ ਦੁਆਲੇ ਸਹਿ-ਰਾਹਤ ਅਤੇ ਪਾਣੀ ਦੇ ਜੀਵ-ਜੰਤੂਆਂ ਦੀ ਦੇਖਭਾਲ ਦੀਆਂ ਜ਼ਿੰਮੇਵਾਰੀਆਂ ਵੀ ਸੌਂਪੀਆਂ ਗਈਆਂ ਹਨ। ˜ ਅਨੇਕ ਤ੍ਰਾਂ ਦਾ ਖ਼ਤਰਨਾਕ ਕੈਮੀਕਲ-ਕਬਾੜ ਤੇ ਬਾਇਓ ਮੈਡੀਕਲ ਵੇਸਟ ਨੂੰ ਨਸ਼ਟ ਕਰਨ ਲਈ ਵਿਸ਼ੇਸ਼ ਸਹੂਲਤਾਂ ਤੇ ਤਰੀਕਿਆਂ ਦੀ ਜ਼ਰੂਰਤ ਹੁੰਦੀ ਹੈ। ਪਿਛਲੇ ਵਰ੍ਹਿਆਂ ਤੋਂ 'ਈ-ਵੇਸਟ' ਭਾਵ ਇਲੈਕਟ੍ਰਾਨਿਕਸ ਜਿਸ ਵਿਚ ਕੰਪਿਊਟਰ ਤੇ ਇਸ ਖੇਤਰ ਦੀਆਂ ਹੋਰ ਮਸ਼ੀਨਾਂ ਤੇ ਯੰਤਰਾਂ ਦਾ ਕਬਾੜ ਸ਼ਾਮਿਲ ਹੈ। ਵੱਡੀ ਸਮੱਸਿਆ ਬਣ ਕੇ ਸਾਹਮਣੇ ਆਇਆ ਹੈ। ਕੇਂਦਰੀ ਪ੍ਰਦੂਸ਼ਨ ਨਿਯੰਤ੍ਰਣ ਬੋਰਡ ਦੇ ਸਰਵੇ ਅਨੁਸਾਰ 'ਈ-ਕਬਾੜ' ਦੀ ਮਾਤਰਾ ਸਾਲ 2005 ਵਿਚ 1,46,800 ਮੀਟਰਿਕ ਟਨ ਹੋ ਗਈ ਸੀ ਤੇ ਇਹ ਹੋਰ ਵਧ ਕੇ 2012 ਵਿਚ 8,00,000 ਮੀਟਰਿਕ ਟਨ ਤਕ ਪੁੱਜ ਗਈ ਹੈ। ਇਕ ਹੋਰ ਮਹੱਤਵਪੂਰਨ ਅਧਿਐਨ ਸਰਵੇਖਣ, ਜੋ ਵਪਾਰਕ ਸੰਸਥਾ ਐਸੋਚੈਮ ਨੇ 'ਈ-ਵੇਸਟ ਇਨ ਇੰਡੀਆ ਬਾਈ 2015' ਕੀਤਾ ਹੈ, ਅਨੁਸਾਰ ਰਾਜਧਾਨੀ ਦਿੱਲੀ ਦਾ 'ਈ-ਕਬਾੜ' 2015 ਵਿਚ ਵਧ ਕੇ 50,000 ਮੀਟਰਿਕ ਟਨ (ਐੱਮ ਈ) ਹੋ ਜਾਵੇਗਾ। ਇਸ ਅਧਿਐਨ ਅਨੁਸਾਰ ਦਿੱਲੀ ਵਿਚ ਹਰ ਰੋਜ਼ 8,500 ਮੋਬਾਇਲ, 5,500 ਟੀ.ਵੀ. ਸੈੱਟ ਅਤੇ 3,000 ਨਿੱਜੀ ਕੰਪਿਊਟਰ ਭੰਨੇ-ਤੋੜੇ ਜਾਂਦੇ ਹਨ ਤਾਂ ਕਿ ਉਨ੍ਹਾਂ ਦੇ ਹਿੱਸੇ ਮੁੜ ਵਰਤੇ ਜਾ ਸਕਣ। ਦੇਸ਼ ਦੇ ਵੱਡੇ ਸ਼ਹਿਰਾਂ, ਵਿਸ਼ੇਸ਼ ਕਰਕੇ ਦਿੱਲੀ/ਐੱਨ ਸੀ ਆਰ, ਮੇਰਠ, ਫ਼ੀਰੋਜ਼ਾਬਾਦ, ਚੇਨੱਈ, ਬੰਗਲੌਰ ਅਤੇ ਮੁੰਬਈ ਵਿਚ 'ਈ-ਕਬਾੜ' ਦੇ ਵੱਡੇ ਕੇਂਦਰ ਹਨ ਜਿਥੇ ਹਰ ਤਰ੍ਹਾਂ ਦੇ ਪੁਰਾਣੇ ਯੰਤਰ ਖੁੱਲ੍ਹੇ ਥਾਵਾਂ 'ਤੇ ਜਲਾਏ ਜਾਂਦੇ ਹਨ ਜਿਸ ਤੋਂ ਸਿੱਕਾ, ਪਾਰਾ ਟੌਕਸਿਨਜ਼ ਹਵਾ ਵਿਚ ਘੁਲ ਜਾਂਦੇ ਹਨ। ਇਸ ਖੇਤਰ ਵਿਚ 85,000 ਤੋਂ ਵੱਧ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਸੁਰੱਖਿਆ ਦੇ ਕੋਈ ਪ੍ਰਬੰਧ ਨਹੀਂ ਹਨ। ਅਧਿਐਨ ਨੇ ਹੈਰਾਨ ਕਰਨ ਵਾਲੇ ਤੱਥ ਉਜਾਗਰ ਕੀਤੇ ਹਨ ਕਿ ਕਿਵੇਂ ਦਿੱਲੀ ਵਿਸ਼ਵ ਦਾ 85 ਪ੍ਰਤਿਸ਼ਤ 'ਈ-ਕਬਾੜ-ਘਰ' ਹੋ ਗਿਆ ਹੈ। ਮੁੰਬਈ ਤੇ ਚੇਨੱਈ ਪੁਰਾਣੇ ਤੇ ਬੇਕਾਰ ਹੋ ਗਏ ਕੰਪਿਊਟਰਜ਼ ਤੇ ਇਲੈਕਟ੍ਰਾਨਿਕਸ ਵਸਤਾਂ ਦਾ ਆਯਾਤ ਕਰਕੇ 'ਮੁੜ-ਪ੍ਰਯੋਗ' ਤੇ ਪੁਰਜ਼ਿਆਂ ਦੇ ਕੱਢਣ ਲਈ ਦਿੱਲੀ ਭੇਜ ਦਿੰਦੇ ਹਨ। ਐਸੋਚੈਮ ਦੀ ਸਿਹਤ ਸਮਿਤੀ ਦੇ ਮੁਖੀ ਡਾ. ਬੀ. ਕੇ. ਰਾਓ ਨੇ ਦੱਸਿਆ ਕਿ "ਘਰੇਲੂ ਈ-ਕਬਾੜ ਜਿਸ ਵਿਚ ਕੰਪਿਊਟਰ, ਟੀ.ਵੀ., ਮੋਬਾਇਲ ਅਤੇ ਰੈਫਰੀਜੀਰੇਟਰ ਆਦਿ ਸ਼ਾਮਿਲ ਹਨ ਤੇ 1000 ਤੋਂ ਵੱਧ 'ਟਾਕਸਿਕ' ਵਸਤਾਂ ਹੁੰਦੀਆਂ ਹਨ ਜਿਹੜੀਆਂ ਜ਼ਮੀਨ ਤੇ ਇਸ ਦੇ ਅੰਦਰ ਦੇ ਪਾਣੀ ਨੂੰ ਜ਼ਹਿਰੀਲਾ ਬਣਾ ਦਿੰਦੇ ਹਨ।' ਕੀਮਤੀ ਧਾਤੂਆਂ ਕੱਢਣ ਲਈ ਖ਼ਤਰਨਾਕ ਤੇਜ਼ਾਬ ਵੀ ਪ੍ਰਯੋਗ ਕੀਤੇ ਜਾਂਦੇ ਹਨ। ਸੂਚਨਾ ਤਕਨਾਲੋਜੀ ਦੀ ਤਰੱਕੀ ਦੇ ਸੋਹਲੇ ਗਾਉਣ ਦੇ ਨਾਲ ਇਹ ਵੀ ਸਮਝਣਾ ਬਹੁਤ ਜ਼ਰੂਰੀ ਹੈ ਕਿ 'ਈ-ਕਬਾੜ' ਦੇ ਗੰਭੀਰ ਖ਼ਤਰਿਆਂ ਦੀ ਰੋਕਥਾਮ ਬਾਰੇ ਲੋੜੀਂਦੇ ਸਖਤ ਕਦਮ ਚੁੱਕੇ ਜਾਣ।

ਭਾਰਤ ਦੀ ਵਿਲੱਖਣ ਤੇ ਪ੍ਰਮੁੱਖ ਭੂਗੋਲਿਕ ਸਥਿਤੀ, ਸਭਿਅਤਾ ਤੇ ਸੰਸਕ੍ਰਿਤ ਦੀ ਪ੍ਰਾਚੀਨਤਾ ਤੇ ਵਿਭਿੰਨਤਾ ਅਤੇ ਨਵੇਂ ਸੰਸਾਰ ਵਿਚ ਰਾਜਨੀਤਕ ਤੇ ਕੂਟਨੀਤਕ ਮਹੱਤਵ ਨਿਸ਼ਚੇ ਹੀ ਇਸ ਨੂੰ ਪ੍ਰਿਥਵੀ ਦੀਆਂ ਗੰਭੀਰ ਤੇ ਗੁੰਝਲਦਾਰ ਸਮੱਸਿਆਵਾਂ ਦੇ ਸਮਾਧਾਨ ਲਈ ਇਕ ਪ੍ਰਮੁੱਖ ਹਿੱਸੇਦਾਰ ਬਣਾਉਂਦਾ ਹੈ ਤੇ ਵਿਸ਼ਵ ਵੀ ਇਸ ਦੀ ਭੂਮਿਕਾ ਦੇ ਮਹੱਤਵ ਨੂੰ ਭਲੀਭਾਂਤ ਸਵੀਕਾਰ ਕਰਦਾ ਹੈ। ਇਹ ਬੜੀ ਸੰਤੁਸ਼ਟੀ ਤੇ ਧੀਰਜ ਬਨ੍ਹਾਉਣ ਵਾਲੀ ਸਚਾਈ ਹੈ ਕਿ ਭਾਰਤ ਦੀਆਂ ਸੰਸਕ੍ਰਿਤਕ ਤੇ ਅਧਿਆਤਮਿਕ ਪ੍ਰੰਪਰਾਵਾਂ ਪ੍ਰਿਥਵੀ ਤੇ ਸਮੁੱਚੇ ਬ੍ਰਹਿਮੰਡ ਨੂੰ ਜੀਵੰਤ ਤੇ ਸੰਵੇਦਨਸ਼ੀਲ ਪ੍ਰਕਿਰਿਆਵਾਂ 'ਤੇ ਆਧਾਰਿਤ ਸਵੀਕਾਰ ਕਰਦੇ ਹਨ। ਵਾਤਾਵਰਨ ਦੇ ਅਨੇਕ ਵਿਦਵਾਨ ਅੱਜ ਦੇ ਪੌਣ-ਪਾਣੀ ਤੇ ਹੋਰ ਕੁਦਰਤੀ ਸਰੋਤਾਂ ਦੇ ਸੰਤੁਲਨ ਵਿਚ ਆਏ ਵਿਕਾਰਾਂ ਲਈ ਪਦਾਰਥਵਾਦ ਤੇ ਬੇਹਿਸਾਬੇ 'ਉਪਭੋਗਤਾਵਾਦ' ਨੂੰ ਦੋਸ਼ੀ ਠਹਿਰਾਉਂਦੇ ਹਨ। ਭਾਰਤ ਦੇ ਸਭ ਪ੍ਰਮੁੱਖ ਨੇਤਾਵਾਂ ਜਿਨ੍ਹਾਂ ਵਿਚ ਮਹਾਤਮਾ ਗਾਂਧੀ, ਰਵਿੰਦਰ ਨਾਥ ਟੈਗੋਰ ਤੇ ਜਵਾਹਰ ਲਾਲ ਨਹਿਰੂ ਦਾ ਵਿਸ਼ੇਸ਼ ਜ਼ਿਕਰ ਜ਼ਰੂਰੀ ਹੈ – ਨੇ ਵਿਸ਼ਵ ਦੇ ਭਵਿੱਖ ਦੀ ਕਲਪਨਾ ਅਹਿੰਸਾ, ਆਪਸੀ ਮਿਲਵਰਤਨ ਤੇ ਸਰਵ-ਕਲਿਆਣ ਦੇ ਸਿਧਾਂਤਾਂ 'ਤੇ ਆਧਾਰਿਤ ਹੋਣ ਦੀ ਕੀਤੀ ਸੀ ਜਿਥੇ 'ਜ਼ਰੂਰਤ ਨਾ ਕਿ ਲਾਲਸਾ' ਲੋਕਾਂ ਤੇ ਰਾਸ਼ਟਰਾਂ ਦੇ ਸਭ ਨਿਰਣਿਆਂ ਲਈ ਮਾਰਗ ਦਰਸ਼ਨ ਦੀ ਭਾਵਨਾ ਹੋਵੇਗੀ। ਇਸ ਸੰਦਰਭ ਵਿਚ ਪ੍ਰਧਾਨ ਮੰਤਰੀ ਵਲੋਂ ਚਲਾਈ

***ਬਾਕੀ ਸਫ਼ਾ 49 ਉੱਤੇ***

# ਜਲ ਪ੍ਰਦੂਸ਼ਨ ਨਾਲ ਜਲ਼ ਰਿਹਾ ਹੈ ਜਲ

ਗੁਰਵਿੰਦਰ ਸਿੰਘ ਬੋਪਾਰਾਏ

## ਜਲ ਪ੍ਰਦੂਸ਼ਨ : ਇਕ ਗੰਭੀਰ ਸਮੱਸਿਆ

ਸ਼ਹਿਰੀਕਰਨ, ਉਦਯੋਗੀਕਰਨ ਅਤੇ ਖੇਤੀਬਾੜੀ ਦੇ ਮਸ਼ੀਨੀਕਰਨ ਦੇ ਤੇਜ਼ ਵਾਧੇ ਨਾਲ ਗੰਦੇ ਪਾਣੀ ਦੀ ਸਮੱਸਿਆ ਬੇਹੱਦ ਗੰਭੀਰ ਰੂਪ ਧਾਰਨ ਕਰ ਗਈ ਹੈ। ਉਦਯੋਗਾਂ ਦੀ ਜ਼ਹਿਰੀਲੀ ਰਹਿੰਦ-ਖੂੰਹਦ, ਪਿੰਡਾਂ-ਸ਼ਹਿਰਾਂ ਦੇ ਸੀਵਰੇਜਾਂ ਦੇ ਗੰਦੇ ਪਾਣੀ ਬਦਲਵੇਂ ਪ੍ਰਬੰਧਾਂ ਦੀ ਅਣਹੋਂਦ ਕਾਰਨ ਸਿੱਧੇ-ਅਸਿੱਧੇ ਤੌਰ ਤੇ ਪਾਣੀ ਦੇ ਕੁਦਰਤੀ ਸੋਮਿਆਂ ਵਿਚ ਪਾਏ ਜਾ ਰਹੇ ਹਨ। ਜਿਸ ਨਾਲ ਧਰਤੀ ਉਪਰ ਮੌਜੂਦ ਸਾਫ਼ ਤੇ ਪੀਣਯੋਗ ਪਾਣੀ ਦੇ ਸੋਮੇ ਲਗਾਤਾਰ ਗੰਦੇ ਤੇ ਜ਼ਹਿਰੀਲੇ ਹੁੰਦੇ ਜਾ ਰਹੇ ਹਨ। ਲਗਭਗ 75 ਪ੍ਰਤਿਸ਼ਤ ਪਾਣੀ ਵਾਲਾ ਗ੍ਰਹਿ ਹੋਣ ਦੇ ਬਾਵਜੂਦ ਧਰਤੀ 'ਤੇ ਪੀਣਯੋਗ ਪਾਣੀ ਦੀ ਕਿੱਲਤ ਹੁੰਦੀ ਜਾ ਰਹੀ ਹੈ। ਪਾਣੀ ਹਰ ਪ੍ਰਕਾਰ ਦੇ ਜੀਵਨ ਦਾ ਆਧਾਰ ਹੈ। ਇਸ ਲਈ ਇਸ ਦੇ ਘਟਣ ਜਾਂ ਜ਼ਹਿਰੀਲੇ ਹੋ ਜਾਣ ਨਾਲ ਮਨੁੱਖ, ਜੀਵ-ਜੰਤੂ, ਜਲਚਰ, ਪੰਛੀ, ਬਨਸਪਤੀ ਆਦਿ ਸਭਨਾਂ ਦੀ ਹੋਂਦ ਖ਼ਤਰੇ ਵਿਚ ਪੈ ਗਈ ਹੈ। ਇਹੀ ਕਾਰਨ ਹੈ ਕਿ ਸਥਿਤੀ ਦੀ ਗੰਭੀਰਤਾ ਤੋਂ ਚਿੰਤਾਤੁਰ ਬੁੱਧੀਮਾਨ ਵਿਅਕਤੀਆਂ ਨੇ ਇਸ ਗੱਲ ਦਾ ਖਦਸ਼ਾ ਜ਼ਾਹਰ ਕੀਤਾ ਹੈ ਕਿ ਜੇ ਹਾਲਾਤ ਇਸੇ ਤਰ੍ਹਾਂ ਬਣੇ ਰਹੇ ਤਾਂ ਤੀਜੀ ਵਿਸ਼ਵ ਜੰਗ ਪਾਣੀ ਖਾਤਰ ਹੋਵੇਗੀ।

ਮਨੁੱਖ ਲਈ ਹੋਰ ਵੀ ਨਮੋਸ਼ੀ ਦੀ ਗੱਲ ਇਹ ਹੈ ਕਿ ਆਪਣੇ ਆਪ ਵਾਸਤੇ ਅਜਿਹੀ ਦੁਖਾਂਤਕ ਸਥਿਤੀ ਪੈਦਾ ਕਰਨ ਲਈ ਉਹ ਖੁਦ ਹੀ ਪ੍ਰਮੁੱਖ ਤੌਰ ਤੇ ਜ਼ਿੰਮੇਵਾਰ ਹੈ। ਸਰਮਾਏ ਦੀ ਚਕਾਚੌਂਧ ਵਿਚ ਉਹ ਇੰਨਾ ਮਸਤ ਹੋ ਗਿਆ ਕਿ ਵੱਧ ਤੋਂ ਵੱਧ ਧਨ ਇਕੱਤਰ ਕਰਨਾ ਹੀ ਉਸ ਦਾ ਇਕੋ-ਇਕ ਮੰਤਵ ਬਣ ਗਿਆ ਹੈ ਅਤੇ ਕੁਦਰਤੀ ਸੋਮਿਆਂ ਦੀ ਮਹੱਤਤਾ ਤੇ ਸਤਿਕਾਰ ਨੂੰ ਉਸ ਨੇ ਉੱਕਾ ਹੀ ਨਜ਼ਰਅੰਦਾਜ਼ ਕਰ ਦਿਤਾ ਹੈ। ਇਸ ਦਾ ਸਿੱਟਾ ਇਹ ਹੋਇਆ ਕਿ ਸਤਹ ਉਤਲੇ ਪਾਣੀ ਦੇ ਕੁਦਰਤੀ ਸੋਮੇ ਬੁਰੀ ਤਰ੍ਹਾਂ ਦੂਸ਼ਿਤ ਹੋ ਗਏ ਤੇ ਇਸ ਦੂਸ਼ਿਤ ਪਾਣੀ ਦੇ ਧਰਤੀ ਦੀਆਂ ਤਹਿਆਂ ਵਿਚ ਜੀਰਨ ਨਾਲ ਹੇਠਲੇ ਪਾਣੀ ਦੇ ਅਮੀਰ ਜ਼ਖੀਰੇ ਵੀ ਪ੍ਰਦੂਸ਼ਿਤ ਹੋ ਗਏ।

## ਜਲ ਪ੍ਰਦੂਸ਼ਨ ਦੇ ਪ੍ਰਭਾਵ

ਭਾਰੀਆਂ ਧਾਤਾਂ ਨਾਲ ਯੁਕਤ ਰਸਾਇਣਕ ਰਹਿੰਦ-ਖੂੰਹਦ ਦੇ ਦਰਿਆਵਾਂ ਨਦੀਆਂ ਦੇ ਪਾਣੀ ਨਾਲ ਮਿਲਣ ਨਾਲ ਇਨ੍ਹਾਂ ਵਿਚ ਰਹਿਣ ਵਾਲੇ ਜਲਚਰ ਜੀਵ ਧੜਾਧੜ ਮਰਦੇ ਜਾ ਰਹੇ ਹਨ। ਇਸ ਨਾ ਪੀਣਯੋਗ ਪਾਣੀ ਦੀ ਵਰਤੋਂ ਕਰਨ ਵਾਲੇ ਮਨੁੱਖੀ ਜੀਵ ਅਤੇ ਹੋਰ ਜਾਨਵਰ ਤੇ ਪੰਛੀ ਵੀ ਭਿਆਨਕ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਪ੍ਰਦੂਸ਼ਿਤ ਦਰਿਆਵਾਂ ਦੇ ਆਲੇ-ਦੁਆਲੇ ਦੇ ਇਲਾਕਿਆਂ ਵਿਚ ਕੈਂਸਰ, ਕਾਲਾ ਪੀਲੀਆ, ਹੈਜ਼ਾ, ਤਪਦਿਕ, ਪੇਚਿਸ, ਡੇਂਗੂ, ਮਲੇਰੀਆ, ਵਧਦੀ ਰਕਤਚਾਪ, ਦਿਲ, ਸਾਹ, ਪੇਟ, ਚਮੜੀ ਆਦਿ ਦੀਆਂ ਅਤਿ ਭਿਆਨਕ ਤੇ ਲਾਇਲਾਜ ਬੀਮਾਰੀਆਂ ਤੇਜ਼ੀ ਨਾਲ ਮਨੁੱਖਾਂ ਨੂੰ ਆਪਣੀ ਗ੍ਰਿਫ਼ਤ ਵਿਚ ਲੈ ਰਹੀਆਂ ਹਨ।

ਪੰਜ ਦਰਿਆਵਾਂ ਦੀ ਧਰਤੀ ਪੰਜਾਬ ਅਤੇ ਕੁਦਰਤੀ ਪਾਣੀ ਦੀ ਬਹੁਲਤਾ ਵਾਲੇ ਹੋਰ ਇਲਾਕੇ ਵੀ ਇਸ ਸਮੱਸਿਆ ਦੀ ਮਾਰ ਤੋਂ ਬਚ ਨਹੀਂ ਸਕੇ। ਜਲੰਧਰ, ਫਗਵਾੜਾ, ਲੁਧਿਆਣਾ ਆਦਿ ਸ਼ਹਿਰਾਂ ਦੀ ਉਦਯੋਗਿਕ ਜ਼ਹਿਰੀਲੀ ਰਹਿੰਦ-ਖੂੰਹਦ ਦੇ ਕਾਲਾ ਸੰਘਿਆ ਡਰੇਨ, ਚਿੱਟੀ ਵੇਈਂ ਅਤੇ ਬੁੱਢੇ ਨਾਲੇ ਰਾਹੀਂ ਸਤਲੁਜ ਦਰਿਆ ਵਿਚ ਪੈਣ ਅਤੇ ਰਾਜਸਥਾਨ ਫੀਡਰ ਤੇ ਸਰਹੰਦ ਕੈਨਾਲ ਰਾਹੀਂ ਇਹ ਜ਼ਹਿਰੀਲਾ ਪਾਣੀ ਪੰਜਾਬ ਦੇ ਮਾਲਵਾ ਅਤੇ ਰਾਜਸਥਾਨ ਦੇ ਗੰਗਾਨਗਰ, ਹਨੂੰਮਾਨਗੜ੍ਹ, ਬੀਕਾਨੇਰ ਤੇ ਜੈਸਲਮੇਰ ਜ਼ਿਲ੍ਹਿਆਂ ਵਿਚ ਬਿਨਾਂ ਟਰੀਟਮੈਂਟ ਦੇ ਪੀਣ ਲਈ ਮੁਹੱਈਆ ਕੀਤੇ ਜਾਣ ਕਾਰਨ ਇਨ੍ਹਾਂ ਇਲਾਕਿਆਂ ਵਿਚ ਵੱਡੇ ਪੈਮਾਨੇ 'ਤੇ ਕੈਂਸਰ ਵਰਗੀਆਂ ਮਾਰੂ ਅਤੇ ਜਨੈਟਿਕ ਬੀਮਾਰੀਆਂ ਫ਼ੈਲ ਰਹੀਆਂ ਹਨ। ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਿਗਿਆਨਕਾਂ ਵਲੋਂ ਕੀਤੀ ਗਈ ਖੋਜ ਅਨੁਸਾਰ ਅੰਮ੍ਰਿਤਸਰ ਦੇ ਪੇਂਡੂ ਇਲਾਕਿਆਂ ਵਿਚ ਪਾਈਆਂ ਜਾਣ ਵਾਲੀਆਂ ਜਨੈਟਿਕ ਬੀਮਾਰੀਆਂ ਦਾ ਪ੍ਰਮੁੱਖ ਕਾਰਨ ਪਾਣੀ ਦਾ ਪ੍ਰਦੂਸ਼ਨ ਹੀ ਹੈ।

ਅੱਜ ਵਿਸ਼ਵ ਵਿਚ ਕੁਦਰਤੀ ਪਾਣੀਆਂ ਦੀ ਉਦਯੋਗਿਕ ਰਹਿੰਦ-ਖੂੰਹਦ ਅਤੇ ਘਰੇਲੂ ਸੀਵਰੇਜਾਂ ਨਾਲ ਹੋ ਰਹੇ ਪ੍ਰਦੂਸ਼ਨ ਕਾਰਨ ਜਿੰਨੀਆਂ ਮੌਤਾਂ ਹੋ ਰਹੀਆਂ ਹਨ ਉਹ ਜੰਗਾਂ, ਬੀਮਾਰੀਆਂ ਜਾਂ ਹਾਦਸਿਆਂ ਵਿਚ ਕੁੱਲ ਮਿਲਾ ਕੇ ਹੋਣ ਵਾਲੀਆਂ ਮੌਤਾਂ ਨਾਲੋਂ ਵੀ ਵੱਧ ਹਨ। ਇਕ ਖੋਜ ਅਨੁਸਾਰ ਰੋਜ਼ਾਨਾ 14,000 ਲੋਕ ਪ੍ਰਦੂਸ਼ਿਤ ਪਾਣੀ ਨਾਲ ਹੋਣ ਵਾਲੀਆਂ ਬੀਮਾਰੀਆਂ ਨਾਲ ਮੌਤ ਦੇ ਮੂੰਹ ਵਿਚ ਧੱਕੇ ਜਾ ਰਹੇ ਹਨ।

## ਜਲ ਪ੍ਰਦੂਸ਼ਨ ਦੇ ਸੰਭਾਵੀ ਹੱਲ

ਪਾਣੀ ਪ੍ਰਦੂਸ਼ਨ ਦੀ ਸਮੱਸਿਆ ਦੀ ਗੰਭੀਰਤਾ ਨੂੰ ਦੇਖਦੇ ਹੋਏ ਵੱਖ-ਵੱਖ ਇਲਾਕਿਆਂ ਵਿਚ ਸਰਕਾਰੀ ਤੇ ਗ਼ੈਰ-ਸਰਕਾਰੀ, ਸੰਸਥਾਗਤ ਤੇ ਵਿਅਕਤੀਗਤ ਪੱਧਰਾਂ 'ਤੇ ਇਸ ਦੀ ਰੋਕਥਾਮ ਲਈ ਯਤਨ ਕੀਤੇ ਜਾ ਰਹੇ ਹਨ। ਨਦੀਆਂ, ਝੀਲਾਂ, ਜਲਗਾਹਾਂ ਆਦਿ ਦੀ ਸਫ਼ਾਈ ਅਤੇ ਸੁਰੱਖਿਆ ਲਈ ਅਨੇਕ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ, ਅਥਾਹ ਧਨ ਖਰਚਿਆ ਜਾ ਰਿਹਾ ਹੈ। ਪਰ ਸਮੱਸਿਆ ਰੁਕਣ ਦੀ ਥਾਂ ਹੋਰ ਵਿਕਰਾਲ ਰੂਪ ਧਾਰਨ ਕਰਦੀ ਜਾ ਰਹੀ ਹੈ।

ਇਸ ਤੋਂ ਇਲਾਵਾ ਇੱਛਾ ਸ਼ਕਤੀ ਦੀ ਵੀ ਘਾਟ ਹੁੰਦੀ ਹੈ। ਸੰਸਾਰ ਦੇ ਬਹੁਤੇ ਦੇਸ਼ਾਂ ਵਿਚ

ਪ੍ਰਦੂਸ਼ਨ ਨੂੰ ਰੋਕਣ ਲਈ ਬਣਾਏ ਗਏ ਕਾਨੂੰਨ ਲਾਗੂ ਨਹੀਂ ਕੀਤੇ ਜਾਂਦੇ ਤੇ ਮਜਬੂਰੀ-ਵੱਸ ਪ੍ਰਦੂਸ਼ਿਤ ਪਾਣੀ ਨੂੰ ਵਰਤਣ ਵਾਲੇ ਮਨੁੱਖਾਂ ਤੇ ਹੋਰ ਜੀਵਾਂ ਨੂੰ ਭਿਆਨਕ ਬੀਮਾਰੀਆਂ ਦੇ ਸ਼ਿਕਾਰ ਹੋ ਕੇ ਅੱਡੀਆਂ ਰਗੜ ਕੇ ਮਰਨ ਲਈ ਛੱਡ ਦਿਤਾ ਜਾਦਾ ਹੈ। ਜਾਣ-ਬੁੱਝ ਕੇ ਕੁਦਰਤੀ ਸੋਮਿਆਂ ਨੂੰ ਪ੍ਰਦੂਸ਼ਿਤ ਕਰਨ ਵਾਲੇ ਮੁਨਾਫ਼ਾਖੋਰ ਲੋਕਾਂ ਦੀ ਨਿਸ਼ਾਨਦੇਹੀ ਕਰ ਕੇ ਮਿਸਾਲੀ ਸਜ਼ਾਵਾਂ ਦੇਣ ਦੀ ਜ਼ਰੂਰਤ ਹੈ ਤਾਂ ਕਿ ਮਨੁੱਖਤਾ ਦੇ ਖ਼ਿਲਾਫ਼ ਇਸ ਘਿਨਾਉਣੇ ਅਪਰਾਧ ਨੂੰ ਰੋਕਿਆ ਜਾ ਸਕੇ ਅਤੇ ਇਸ ਧਰਤੀ 'ਤੇ ਜੀਵਨ ਦੀ ਰੱਖਿਆ ਹੋ ਸਕੇ। ਸੰਤ ਬਲਬੀਰ ਸਿੰਘ ਸੀਚੇਵਾਲ ਦੇ ਉਪਰਾਲਿਆਂ ਸਦਕਾ ਨਾ ਸਿਰਫ਼ ਸਰਕਾਰ ਦੀ ਕਾਨੂੰਨ-ਸਾਜ਼ ਵਿਧਾਨ ਪਾਲਿਕਾ ਪਾਣੀ ਨੂੰ ਪ੍ਰਦੂਸ਼ਨ ਮੁਕਤ ਕਰਨ ਲਈ ਕੁੱਝ ਸੰਜੀਦਾ ਹੋਈ ਹੈ ਸਗੋਂ ਨਿਆਂ ਪਾਲਿਕਾ ਨੇ ਵੀ ਪਾਣੀ ਪ੍ਰਦੂਸ਼ਨ ਦੇ ਮਾਮਲਿਆਂ ਨੂੰ ਪਹਿਲ ਦੇ ਆਧਾਰ 'ਤੇ ਨਿਪਟਣ ਦਾ ਤਹੱਈਆ ਕੀਤਾ ਹੈ। ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਗਰੀਨ ਟ੍ਰਿਬਿਊਨਲ ਨੇ ਯਮੁਨਾ ਵਿਚ ਕੂੜਾ ਡੰਪ ਕਰਨ 'ਤੇ 50,000 ਰੁਪਏ ਤੇ ਪੂਜਾ ਸਮੱਗਰੀ ਸਮੇਤ ਹੋਰ ਕੂੜਾ ਕਰਕਟ ਸੁੱਟਣ ਵਾਲਿਆਂ ਨੂੰ 5000 ਰੁਪਏ ਜੁਰਮਾਨਾ ਕਰਨ ਦਾ ਸ਼ਲਾਘਾਯੋਗ ਫ਼ੈਸਲਾ ਕੀਤਾ ਹੈ। ਇਹ ਫ਼ੈਸਲਾ ਦੇਸ਼ ਦੇ ਹੋਰ ਦਰਿਆਵਾਂ 'ਤੇ ਵੀ ਲਾਗੂ ਕੀਤਾ ਜਾਣਾ ਚਾਹੀਦਾ ਹੈ।

ਜੇ ਲੋਕ ਅਗਿਆਨਤਾ ਵੱਸ ਕੁਦਰਤੀ ਪਾਣੀਆਂ ਨੂੰ ਪ੍ਰਦੂਸ਼ਿਤ ਕਰਨ ਦਾ ਗੁਨਾਹ ਕਰਦੇ ਹਨ, ਉਨ੍ਹਾਂ ਨੂੰ ਇਸ ਪ੍ਰਤਿ ਚੇਤਨ ਕਰਨ ਦੀ ਲੋੜ ਹੈ। ਜੇਕਰ ਆਮ ਲੋਕ ਜਾਗਰੂਕ ਹੋ ਜਾਣਗੇ ਤਾਂ ਇਸ ਸਮੱਸਿਆ ਨੂੰ ਨੱਥ ਪਾਉਣੀ ਕੋਈ ਮੁਸ਼ਕਿਲ ਗੱਲ ਨਹੀਂ ਹੋਵੇਗੀ। ਵਾਤਾਵਰਨ ਪ੍ਰਤਿ ਚੇਤਨਾ ਫ਼ੈਲਾਉਣ ਅਤੇ ਪਾਣੀਆਂ ਦੀ ਪਵਿੱਤਰਤਾ ਦੀ ਰੱਖਿਆ ਲਈ ਜਾਗਰੂਕਤਾ ਪੈਦਾ ਕਰਨ ਵਿਚ ਗ਼ੈਰ-ਸਰਕਾਰੀ ਸੰਸਥਾਵਾਂ ਬਹੁਤ ਵੱਡਾ ਯੋਗਦਾਨ ਪਾ ਸਕਦੀਆਂ ਹਨ। ਪਰ ਦੇਖਿਆ ਗਿਆ ਹੈ ਕਿ ਇਸ ਨੇਕ ਕਾਰਜ ਲਈ ਬਣਾਈਆਂ ਗਈਆਂ ਸੰਸਥਾਵਾਂ ਆਮ ਤੌਰ ਤੇ ਸਿਰਫ਼ ਰਸਮੀ ਕਾਰਵਾਈਆਂ ਜਾਂ ਪ੍ਰਸਿੱਧੀ ਪ੍ਰਾਪਤ ਕਰਨ ਦੇ ਯਤਨਾਂ ਤਕ ਸੀਮਤ ਰਹਿ ਜਾਂਦੀਆਂ ਹਨ। ਲੋੜ ਹੁਣ ਈਮਾਨਦਾਰੀ ਨਾਲ ਯਤਨ ਕਰਨ ਦੀ ਹੈ। ਮਿਸਾਲ ਦੇ ਤੌਰ ਤੇ ਸੰਤ ਬਲਬੀਰ ਸਿੰਘ ਸੀਚੇਵਾਲ ਵਲੋਂ ਪਿਛਲੇ ਲਗਭਗ ਦੋ ਦਹਾਕਿਆਂ ਦੌਰਾਨ ਅਨੇਕ ਜਨਤਕ ਮੁਹਿੰਮਾਂ ਵਿੱਢੀਆਂ ਗਈਆਂ ਹਨ ਜਿਨ੍ਹਾਂ ਰਾਹੀਂ ਨਾ ਸਿਰਫ਼ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਪ੍ਰਦੂਸ਼ਨ ਤੋਂ ਬਚਾਉਣ ਲਈ ਠੋਸ ਕਾਰਜ ਕੀਤੇ ਗਏ ਸਗੋਂ ਸਮੂਹ ਜਨਤਾ ਅਤੇ ਸਰਕਾਰਾਂ ਵਿਚ ਵਾਤਾਵਰਨ ਪ੍ਰਤਿ ਚੇਤਨਾ ਜਗਾਉਣ ਦੇ ਸਫਲ ਉਪਰਾਲੇ ਵੀ ਕੀਤੇ ਗਏ। ਉਨ੍ਹਾਂ ਦੀ ਇਹ ਸਮੂਹਕ ਮੁਹਿੰਮ ਵਾਤਾਵਰਨ ਚੇਤਨਾ ਫੈਲਾਉਣ ਲਈ ਇਕ ਵੱਡੇ ਪ੍ਰੇਰਕ ਦਾ ਕੰਮ ਕਰ ਸਕਦੀ ਹੈ।



## ਕਾਲੀ ਵੇਈਂ ਦੀ ਕਾਰ ਸੇਵਾ : ਜਲ ਪ੍ਰਦੂਸ਼ਨ ਦਾ ਸਥਾਈ ਹੱਲ

ਵੀਹਵੀਂ ਸਦੀ ਦੇ ਅੰਤਿਮ ਤਿੰਨ ਦਹਾਕਿਆਂ ਦੌਰਾਨ ਪੰਜਾਬ ਦੇ ਬਾਕੀ ਦਰਿਆਵਾਂ-ਨਦੀਆਂ ਵਾਂਗ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਪਵਿੱਤਰ ਨਦੀ ਕਾਲੀ ਵੇਈਂ ਵੀ ਉਦਯੋਗਾਂ ਦੀ ਜ਼ਹਿਰਲੀ ਰਹਿੰਦ-ਖੂੰਹਦ ਅਤੇ ਪਿੰਡਾਂ ਸ਼ਹਿਰਾਂ ਦੇ ਘਰੇਲੂ ਸੀਵਰੇਜ ਦੇ ਪਾਣੀ ਪੈਣ ਨਾਲ ਪੂਰੀ ਤਰ੍ਹਾਂ ਦੂਸ਼ਿਤ ਹੋ ਚੁੱਕੀ ਸੀ। ਜੁਲਾਈ 2000 ਵਿਚ ਸੰਤ ਬਲਬੀਰ ਸਿੰਘ ਸੀਚੇਵਾਲ ਵਲੋਂ ਲੋਕਾਂ ਦੇ ਸਹਿਯੋਗ ਨਾਲ ਇਸ ਨਦੀ ਦੇ ਸੁਧਾਰ ਅਤੇ ਸਫ਼ਾਈ ਲਈ ਇਕ ਵਿਸ਼ਾਲ ਕਾਰ ਸੇਵਾ ਮੁਹਿੰਮ ਚਲਾਈ ਗਈ ਜੋ ਪਿਛਲੇ 15 ਸਾਲ ਤੋਂ ਲਗਾਤਾਰ ਚੱਲ ਰਹੀ ਹੈ। ਵੇਈਂ ਦਾ ਕਾਇਆ ਕਲਪ ਕਰ ਦਿਤਾ ਗਿਆ ਹੈ। ਇਸ ਨੂੰ ਸਜਾਉਣ-ਸ਼ਿੰਗਾਰਨ ਦੇ ਨਾਲ ਹੀ ਇਸ ਵਿਚੋਂ ਬੂਟੀ ਤੇ ਗਾਰ ਕੱਢ ਕੇ ਇਸ ਦੀ ਸਫ਼ਾਈ ਕੀਤੀ ਗਈ ਅਤੇ ਇਸ ਵਿਚ ਪਾਣੀ ਦਾ ਨਿਰੰਤਰ ਵਹਾਅ ਚਾਲੂ ਕਰਨ ਦੇ ਯਤਨ ਕੀਤੇ ਗਏ।

ਵੇਈਂ ਵਿਚ ਪਾਣੀ ਦੇ ਵਹਾਅ ਨੂੰ ਚਾਲੂ ਕਰਨ ਦੇ ਨਾਲ-ਨਾਲ ਇਸ ਦੇ ਪਾਣੀ ਦੀ ਪਵਿੱਤਰਤਾ ਨੂੰ ਬਹਾਲ ਕਰਨ ਲਈ ਮੁਹਿੰਮ ਵੀ ਸ਼ੁਰੂ ਕੀਤੀ ਗਈ। ਵੇਈਂ ਦੇ ਪਾਣੀ ਨੂੰ ਪ੍ਰਦੂਸ਼ਨ ਮੁਕਤ ਕਰਨ ਦਾ ਕਾਰਜ ਵਧੇਰੇ ਗੁੰਝਲਦਾਰ ਕੰਮ ਹੋ ਨਿੱਬੜਿਆ ਕਿਉਂਕਿ ਇਸ ਦੇ ਕਿਨਾਰੇ ਵਸੇ ਹੋਏ 43 ਪਿੰਡਾਂ ਤੇ 6 ਸ਼ਹਿਰਾਂ ਦੇ ਸੀਵਰੇਜਾਂ ਦੇ ਗੰਦੇ ਪਾਣੀ ਇਸੇ ਵੇਈਂ ਨਦੀ ਵਿਚ ਹੀ ਪੈਂਦੇ ਸਨ ਜਿਨ੍ਹਾਂ ਨੂੰ ਬੰਦ ਕਰਨਾ ਕੋਈ ਆਸਾਨ ਕੰਮ ਨਹੀਂ ਸੀ।

ਵੇਈਂ ਦੀ ਕਾਰ ਸੇਵਾ ਦੌਰਾਨ ਸੰਤ ਸੀਚੇਵਾਲ ਵਲੋਂ ਗੰਦੇ ਪਾਣੀਆਂ ਦੇ ਉਸਾਰੂ ਬਦਲਵੇਂ ਪ੍ਰਬੰਧ ਕਰਨ ਦਾ ਤਜਰਬਾ ਇਕ ਵਿਲੱਖਣ ਅਨੁਭਵ ਸਾਬਿਤ ਹੋਇਆ। ਇਕ ਪਾਸਿਉਂ ਸ਼ੁਰੂ ਕਰਕੇ ਵੇਈਂ ਕੰਢੇ ਹਰੇਕ ਪਿੰਡ ਵਿਚ ਜ਼ਮੀਨ ਹੇਠਾਂ ਪਾਈਪ ਲਾਈਨਾਂ ਪਾ ਕੇ ਸਾਰਾ ਗੰਦਾ ਪਾਣੀ ਪਿੰਡ ਦੇ ਸਾਂਝੇ ਛੱਪੜ ਵਿਚ ਇਕੱਠਾ ਕਰਨ ਦਾ ਕੰਮ ਆਰੰਭ ਕਰ ਦਿਤਾ ਗਿਆ। ਸੰਤ ਸੀਚੇਵਾਲ ਵਲੋਂ ਵੇਈਂ ਕਿਨਾਰੇ ਦੇ ਪਿੰਡਾਂ ਵਿਚ ਘੱਟ ਖਰਚੇ ਨਾਲ ਉਸਾਰੀ ਤੇ ਚਲਾਈ ਜਾ ਸਕਣ ਵਾਲੀ ਕੁਦਰਤੀ ਢੰਗ ਦੀ ਟਰੀਟਮੈਂਟ ਤਕਨੀਕ ਨੂੰ ਲਾਗੂ ਕੀਤਾ ਗਿਆ ਹੈ। ਇਸ ਤਕਨੀਕ ਤਹਿਤ ਗੰਦੇ ਪਾਣੀ ਵਿਚੋਂ ਸਾਈਕਲੋਨ ਵਿਧੀ ਰਾਹੀਂ ਪਾਣੀ ਵਿਚਲੀ ਗਾਰ ਅਤੇ ਤੇਲ ਨੂੰ ਵੱਖਰਾ ਕਰ ਲਿਆ ਜਾਂਦਾ ਹੈ। ਆਕਸੀਜਨ ਦੀ ਮੌਜੂਦਗੀ ਵਿਚ ਇਸ ਨੂੰ ਇਕ ਹਫ਼ਤਾ ਸੂਰਜ ਦੀਆਂ ਕਿਰਨਾਂ ਵਿਚ ਰੱਖਿਆ ਜਾਂਦਾ ਹੈ। ਇਰੋਬਿਕ ਕਿਰਿਆ ਦੁਆਰਾ ਟਰੀਟ ਕੀਤਾ ਪਾਣੀ ਪਾਈਪ ਲਾਈਨਾਂ ਵਿਛਾ ਕੇ ਖੇਤੀ ਲਈ ਮੁਹੱਈਆ ਕਰ ਦਿਤਾ ਜਾਂਦਾ ਹੈ। ਕੁਲੈਕਸ਼ਨ ਪੌਂਡ ਵਿਚੋਂ ਟਰੀਟ ਕੀਤਾ ਹੋਇਆ

ਪਾਣੀ ਖੇਤੀ ਲਈ ਵਰਤਣ ਵਾਸਤੇ ਸੰਬੰਧਿਤ ਪਿੰਡ ਦੀ ਪੰਚਾਇਤ ਦੇ ਨਾਮ 'ਤੇ ਮੋਟਰ ਬਿਜਲੀ ਕੁਨੈਕਸ਼ਨ ਵੀ ਦਿਵਾਏ ਗਏ ਹਨ।

ਵੇਈ ਕਿਨਾਰੇ 'ਤੇ ਸਥਿਤ ਸ਼ਹਿਰਾਂ ਸੁਲਤਾਨਪੁਰ ਲੋਧੀ ਅਤੇ ਕਪੂਰਥਲਾ ਵਿਚ ਸਰਕਾਰੀ ਤੌਰ ਤੇ ਲਗਾਏ ਗਏ ਟਰੀਟਮੈਂਟ ਪਲਾਂਟ ਤੋਂ ਟਰੀਟ ਹੋ ਚੁੱਕੇ ਪਾਣੀ ਨੂੰ 8 ਕਿਲੋਮੀਟਰ ਲੰਬੀ ਪਾਈਪ ਲਾਈਨ ਪਾ ਕੇ ਖੇਤੀ ਲਈ ਸਪਲਾਈ ਕੀਤਾ ਜਾ ਰਿਹਾ ਹੈ। 500 ਏਕੜ ਵਿਚ ਸਿੰਜਾਈ ਹੋ ਰਹੀ ਹੈ। 72 ਕਿਸਾਨ ਇਸ ਤੋਂ ਲਾਭ ਲੈ ਰਹੇ ਹਨ। ਜ਼ਿਲ੍ਹਾ ਹੁਸ਼ਿਆਰਪੁਰ ਦੇ ਸ਼ਹਿਰ ਦਸੂਹਾ ਵਿਚ ਜਿਥੇ ਕਿ ਪਹਿਲਾਂ ਕੋਈ ਟਰੀਟਮੈਂਟ ਪਲਾਂਟ ਮੌਜੂਦ ਨਹੀਂ ਸੀ, ਲੋਕਾਂ ਵਲੋਂ ਬਹੁਤ ਘੱਟ ਖਰਚੇ ਨਾਲ ਟਰੀਟਮੈਂਟ ਪਲਾਂਟ ਤਿਆਰ ਕਰ ਦਿਤਾ ਗਿਆ ਹੈ ਜੋ ਕਿਫ਼ਾਇਤੀ ਹੈ ਤੇ ਬਹੁਤ ਸੁਚਾਰੂ ਵੀ। ਇਸ ਵਿਚ ਟਰੀਟ ਹੋਣ ਵਾਲਾ ਪਾਣੀ ਖੇਤੀ ਲਈ ਸਪਲਾਈ ਕਰਨ ਵਾਸਤੇ ਲੰਬੀ ਪਾਈਪ ਲਾਈਨ ਪਾ ਕੇ ਚਾਲੂ ਕਰ ਦਿਤੀ ਗਈ ਹੈ। ਦਸੂਹਾ ਇਲਾਕੇ ਦੇ 350 ਏਕੜ ਰਕਬੇ ਵਿਚ 35 ਕਿਸਾਨ ਇਸ ਪਾਣੀ ਨੂੰ ਕੁਦਰਤੀ ਖੇਤੀ ਲਈ ਵਰਤੋਂ ਵਿਚ ਲਿਆ ਰਹੇ ਹਨ।

*ਇਹ ਵਰਨਣਯੋਗ ਹੈ ਕਿ ਪਿੰਡਾਂ-ਸ਼ਹਿਰਾਂ ਦੇ ਟਰੀਟਮੈਂਟ ਪਲਾਂਟ, ਸੀਵਰੇਜ ਪ੍ਰਣਾਲੀ ਅਤੇ ਪਾਈਪ ਲਾਈਨਾਂ ਵਿਛਾਉਣ ਲਈ ਲੋੜੀਂਦੇ ਨਕਸ਼ੇ ਅਤੇ ਤਕਨੀਕ ਸੰਤ ਸੀਚੇਵਾਲ ਦੀ ਅਗਵਾਈ ਵਿਚ ਚੱਲ ਰਹੇ 'ਤਕਨੀਕੀ ਖੋਜ ਕੇਂਦਰ' ਵਲੋਂ ਮੁਹੱਈਆ ਕਰਵਾਏ ਜਾਂਦੇ ਹਨ। ਟਰੀਟਮੈਂਟ ਪਲਾਂਟ ਅਤੇ ਸੀਵਰੇਜ ਪ੍ਰਣਾਲੀ ਦੀ ਸੰਤ ਸੀਚੇਵਾਲ ਵਲੋਂ ਘਰੇਲੂ ਗੰਦੇ ਪਾਣੀ ਲਈ ਵਿਕਸਤ ਕੀਤੀ ਗਈ ਇਹ ਸਾਦੀ, ਸਸਤੀ ਤੇ ਸੁਚਾਰੂ ਤਕਨੀਕ ਨੂੰ ਉਸਾਰਨਾ ਬਹੁਤ ਆਸਾਨ ਹੈ ਅਤੇ ਇਸ ਦੇ ਲਈ ਜ਼ਿਆਦਾ ਧਨ ਦੀ ਜ਼ਰੂਰਤ ਵੀ ਨਹੀਂ ਪੈਂਦੀ ਅਤੇ ਨਾ ਹੀ ਇਸ ਦੇ ਬੰਦ ਹੋਣ ਦਾ ਕੋਈ ਡਰ ਹੁੰਦਾ ਹੈ। ਪਿੰਡ ਨਗਰ ਦੁਰਗੰਧ ਰਹਿਤ ਹੋ ਜਾਂਦੇ ਹਨ। ਨਾਲੀਆਂ ਵਾਲੀ ਜਗ੍ਹਾ 'ਤੇ ਫੁੱਲ-ਬੂਟੇ ਲਗਾ ਕੇ ਪਿੰਡ ਨਗਰ ਨੂੰ ਹਰਿਆ-ਭਰਿਆ ਕਰ ਦਿਤਾ ਜਾਂਦਾ ਹੈ।*

## ਨਤੀਜੇ ਅਤੇ ਸਬਕ

ਆਮ ਲੋਕਾਂ ਵਲੋਂ ਕਾਰ ਸੇਵਾ ਰਾਹੀ ਪਵਿੱਤਰ ਕਾਲੀ ਵੇਈਂ ਦਾ ਸੁਧਾਰ ਕਰਨ ਨਾਲ ਇਕ ਸੰਤਾਪ ਬਣਿਆ ਹੋਇਆ ਪਿੰਡਾਂ-ਸ਼ਹਿਰਾਂ ਦਾ ਗੰਦਾ ਪਾਣੀ ਹੁਣ ਵਰਦਾਨ ਸਾਬਤ ਹੋ ਰਿਹਾ ਹੈ। ਇਸ ਨਾਲ ਪਿੰਡਾਂ ਤੇ ਸ਼ਹਿਰਾਂ ਦੇ ਗੰਦੇ ਪਾਣੀ ਨੂੰ ਉਸ ਪਾਸੇ ਵੱਲ ਮੋੜ ਦਿਤਾ ਗਿਆ ਹੈ ਜਿਥੇ ਇਹ ਹੋਰ ਗੰਦਗੀ, ਪ੍ਰਦੂਸ਼ਣ ਅਤੇ ਬੀਮਾਰੀਆਂ ਫ਼ੈਲਾਉਣ ਦਾ ਕਾਰਨ ਨਹੀਂ ਬਣਨਗੇ ਸਗੋਂ ਖੇਤੀ ਵਿਚ ਇਸ ਦੀ ਵਰਤੋਂ ਰਾਹੀਂ ਕਈ ਪ੍ਰਕਾਰ ਦਾ ਲਾਭ ਵੀ ਲਿਆ ਜਾ ਸਕੇਗਾ। ਜੋ ਸਾਫ਼ ਪਾਣੀ ਧਰਤੀ ਹੇਠੋਂ ਕੱਢ ਕੇ ਖੇਤੀ ਲਈ ਵਰਤਿਆ ਜਾਣਾ ਸੀ, ਉਸ ਦੀ ਵੀ ਬੱਚਤ ਹੋ ਗਈ ਹੈ। ਸਾਦੇ ਢੰਗ ਨਾਲ ਟਰੀਟ ਕੀਤੇ ਇਸ ਗੰਦੇ ਪਾਣੀ ਨਾਲ ਕੁਦਰਤੀ ਖੇਤੀ ਕੀਤੀ ਜਾ ਸਕਦੀ ਹੈ ਅਤੇ ਅਰਬਾਂ ਰੁਪਏ ਦੀ ਖਾਦ ਦੀ ਬੱਚਤ ਕੀਤੀ ਜਾ ਸਕਦੀ ਹੈ।

*(ਲੇਖਕ ਪਵਿੱਤਰ ਕਾਲੀ ਵੇਈਂ ਕਾਰ ਸੇਵਾ ਤੇ ਪਾਣੀਆਂ ਦੀ ਸਵੱਛਤਾ ਸੰਬੰਧੀ ਮੁਹਿੰਮ ਦਾ ਨਾਮੀ ਪੱਤਰਕਾਰ ਹੈ।)*

***ਸਫ਼ਾ 49 ਦੀ ਬਾਕੀ***

'ਸਵੱਛ ਭਾਰਤ' ਮੁਹਿੰਮ ਦਾ ਵਾਸਤਵਿਕ ਮਹੱਤਵ ਸਮਝਿਆ ਜਾਣਾ ਚਾਹੀਦਾ ਹੈ। ਵਾਤਾਵਰਨ ਮੰਤਰੀ ਨੇ 9 ਦਸੰਬਰ 2014 ਨੂੰ ਯੂ ਐੱਨ ਐੱਫ ਸੀ ਸੀ ਸੀ ਨੂੰ ਸੰਬੋਧਨ ਕਰਦੇ ਹੋਏ ਭਾਰਤ ਦੀ ਵਾਤਾਵਰਨ ਪ੍ਰਤਿ ਪੂਰਨ ਪ੍ਰਤਿਬੱਧਤਾ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਦੱਸਿਆ ਕਿ 'ਸਵੱਛ ਊਰਜਾ' ਦੇ ਪ੍ਰੋਗਰਾਮ ਅਨੁਸਾਰ ਕੋਲੇ ਦੀਆਂ ਖਾਣਾਂ ਤੇ ਪ੍ਰਯੋਗ ਵਿਚ ਸੁਧਾਰ ਕੀਤੇ ਜਾ ਰਹੇ ਹਨ ਤੇ ਸੂਰਜੀ ਊਰਜਾ ਦਾ ਟੀਚਾ ਵਧਾ ਕੇ 100,000 ਮੈਗਾਵਾਟ ਕਰ ਦਿਤਾ ਗਿਆ ਹੈ ਜਿਸ ਤਹਿਤ 100 ਬਿਲੀਅਨ ਡਾਲਰ ਦਾ ਨਿਵੇਸ਼ ਕੀਤਾ ਜਾਵੇਗਾ ਤੇ 165 ਮਿਲੀਅਨ ਟਨ ਕਾਰਬਨ ਡਾਇਆਕਸਾਈਡ ਦੇ ਨਿਕਾਸ ਦੀ ਸਾਲਾਨਾ ਕਮੀ ਕੀਤੀ ਜਾ ਸਕੇਗੀ। ਜੰਗਲਾਤ ਦੇ ਨਵੇਂ ਖੇਤਰ ਬਣਾਉਣ ਲਈ ਵੱਡੇ ਯਤਨ ਕੀਤੇ ਜਾ ਰਹੇ ਹਨ ਤੇ ਇਸ ਲਈ 6 ਬਿਲੀਅਨ ਦੀ ਰਾਸ਼ੀ ਦਾ ਨਿਵੇਸ਼ ਕੀਤਾ ਜਾ ਰਿਹਾ ਹੈ। ਨਵੀਂ ਸਰਕਾਰ 100 ਸਮਾਰਟ ਸ਼ਹਿਰ ਦੀ ਯੋਜਨਾ ਬਣਾ ਕੇ ਵਾਤਾਵਰਨ ਵਿਚ ਸੁਧਾਰ ਦੀਆਂ ਨਵੀਆਂ ਖੋਜਾਂ 'ਤੇ ਅਮਲ ਕਰੇਗੀ। ਮੰਤਰੀ ਨੇ ਸੀਮਿੰਟ ਉਦਯੋਗ ਲਈ ਪ੍ਰਦੂਸ਼ਣ ਰੋਕਣ ਲਈ ਨਵੇਂ ਮਾਪਦੰਡਾਂ ਤੇ ਉਪਾਵਾਂ ਬਾਰੇ ਵੀ ਦੱਸਿਆ। ਦੇਸ਼ ਦੇ ਪ੍ਰਮੁੱਖ ਦਰਿਆਵਾਂ ਜਿਨ੍ਹਾਂ ਵਿਚ ਗੰਗਾ ਪ੍ਰਮੁੱਖ ਹੈ, ਤੱਟਵਰਤੀ ਇਲਾਕਿਆਂ ਤੇ ਹਿਮਾਲਿਆ ਦੀਆਂ ਘਾਟੀਆਂ ਦੀ ਸਫ਼ਾਈ ਤੇ ਸੰਭਾਲ ਦੀਆਂ ਯੋਜਨਾਵਾਂ ਬਾਰੇ ਵੀ ਜਾਣਕਾਰੀ ਦਿਤੀ।

ਪ੍ਰਿਥਵੀ 'ਤੇ ਪ੍ਰਦੂਸ਼ਣ ਦਾ ਲਗਾਤਾਰ ਵਧਦੇ ਜਾਣਾ, ਨੇ ਮਨੁੱਖਤਾ ਤੇ ਹੋਰ ਸਾਰੇ ਜੀਵਨ ਢਾਂਚੇ ਨੂੰ ਹੀ ਖ਼ਤਰੇ ਵਿਚ ਪਾ ਦਿਤਾ ਹੈ। ਪੌਣ-ਪਾਣੀ ਵਿਚ ਪਰਿਵਰਤਨ ਤੇ ਧਰਤੀ ਦੀ ਵਧਦੀ ਗਰਮੀ ਨੇ ਅਜਿਹੀਆਂ ਪ੍ਰਸਥਿਤੀਆਂ ਨੇ ਧਰਤੀ 'ਤੇ ਵਸਣ ਵਾਲਿਆਂ ਨੂੰ ਸਰਵ-ਵਿਨਾਸ਼ ਦੇ ਰਾਹ 'ਤੇ ਧੱਕ ਦਿਤਾ ਹੈ। ਜੇ ਵਕਤ ਸਿਰ ਵੱਡੇ ਉਪਰਾਲੇ ਨਾ ਕੀਤੇ ਗਏ ਤਾਂ ਪਿਛਲੇ ਸਾਲ ਪ੍ਰਕਾਸ਼ਿਤ ਆਪਣੀ ਪੁਸਤਕ 'ਦਿਸ ਚੇਂਜਜ਼ ਐਵਰਥਿੰਗ – ਕੈਪੀਟਲਿਜ਼ਮ ਵਰਸਜ਼ ਦਿ ਕਲਾਈਮੇਟ : ਇਹ ਤਾਂ ਸਭ ਕੁਝ ਬਦਲ ਦੇਵੇਗਾ – ਪੂੰਜੀਵਾਦ ਬਨਾਮ ਪੌਣ-ਪਾਣੀ' ਵਿਚ ਪ੍ਰਸਿੱਧ ਕੈਨੇਡੀਅਨ ਲੇਖਕ ਤੇ ਚਿੰਤਕ ਨਾਉਮੀ ਕਲੇਨ ਨੇ ਵਿਸਤਾਰ ਸਹਿਤ ਸਮਝਾਇਆ ਹੈ, "ਹਾਲੇ ਵੀ ਵਕਤ ਹੈ ਮਹਾਂਵਿਨਾਸ਼ਕਾਰੀ ਤਪਸ਼ ਤੋਂ ਬਚ ਸਕਣ ਦਾ।" ਲੇਖਕ ਨੇ ਦੱਸਿਆ ਹੈ ਕਿ ਕਿਵੇਂ 'ਨਵ-ਉਦਾਰਵਾਦ ਦੇ ਫ਼ਲਸਫ਼ੇ ਨੇ ਬੇਹਿਸਾਬੀ ਉਪਭੋਗਤਾ ਤੇ ਕਾਰਬਨ-ਭੁੱਖੇ ਸਿਸਟਮ ਨੂੰ ਪ੍ਰਫੁਲਤ ਕੀਤਾ ਹੈ ਵਾਤਾਵਰਨ ਤੇ ਕਿਰਤ ਵਿਰੋਧੀ ਵਪਾਰ ਸਮਝੌਤਿਆਂ ਨੂੰ ਉਤਸ਼ਾਹਿਤ ਕੀਤਾ ਹੈ ਤੇ ਵੱਡੇ ਵਪਾਰ ਸੰਸਥਾਨਾਂ ਨੂੰ ਮੋਟੀਆਂ ਕਮਾਈਆਂ ਕਰਵਾਈਆਂ ਹਨ।" ਲੇਖਕ ਅਨੁਸਾਰ ਮਾਨਵਤਾ ਨੇ ਹੁਣ ਨਿਰਣੇ ਕਰਨੇ ਹਨ ਕਿ ਸਾਨੂੰ ਕਿਸ ਤਰ੍ਹਾਂ ਦੀਆਂ ਕਦਰਾਂ-ਕੀਮਤਾਂ ਪਸੰਦ ਹੋਣੀਆਂ ਚਾਹੀਦੀਆਂ ਹਨ ਤੇ ਅਸੀਂ ਕਿਸ ਤਰ੍ਹਾਂ ਦੀ ਜੀਵਨਸ਼ੈਲੀ ਅਪਣਾਉਣਾ ਚਾਹੁੰਦੇ ਹਾਂ। ਸਾਨੂੰ ਨੀਤੀਆਂ ਅਤੇ ਵਿਚਾਰਧਾਰਾ ਵਿਚ ਨਾਟਕੀ ਪਰਿਵਰਤਨ ਕਰਨ ਦੀ ਲੋੜ ਹੈ ਤੇ ਵਿਗਿਆਨਕਾਂ ਤੇ ਨੀਤੀਵਾਨਾਂ ਨੂੰ ਸਿਰ ਜੋੜ ਕੇ ਪ੍ਰਿਥਵੀ ਦੇ ਨਵੇਂ ਆਸ਼ਾ ਭਰਪੂਰ ਭਵਿੱਖ ਦੀ ਸੁਰੱਖਿਆ ਲਈ ਦੂਰ ਦ੍ਰਿਸ਼ਟੀ ਵਾਲੇ ਨਿਰਣੇ ਕਰਕੇ ਉਨ੍ਹਾਂ 'ਤੇ ਅਮਲ ਹੋਣ ਦੇ ਠੋਸ ਤਰੀਕੇ ਨਿਸ਼ਚਤ ਕਰਨ ਦੀ ਜ਼ਰੂਰਤ ਹੈ।

ਅੱਜ 'ਧਰਤੀ ਬਚਾਉ' ਅੰਦੋਲਨ ਦੀ ਵਿਸ਼ਵ ਪੱਧਰ 'ਤੇ ਵਚਨਬੱਧਤਾ ਦਾ ਦਿਵਸ ਆ ਗਿਆ ਹੈ।

*(ਲੇਖਕ ਭਾਰਤੀ ਵਿਦੇਸ਼ ਸੇਵਾ ਦਾ ਸਾਬਕਾ ਅਧਿਕਾਰੀ ਤੇ ਉੱਘਾ ਪੱਤਰਕਾਰ ਹੈ।)*

*e-mail :baal.anand@gmail.com*

# ਖੇਤੀ ਆਧਾਰਿਤ ਆਰਥਿਕਤਾ ਵਾਧੇ ਲਈ ਪੰਚਾਇਤਾਂ ਦੀ ਭੂਮਿਕਾ

ਮੁਹਿੰਦਰ ਸਿੰਘ ਬਾਜਵਾ

ਭਾਰਤ ਵਿਚ, ਖ਼ਾਸ ਤੌਰ ਤੇ ਪੰਜਾਬ ਵਿਚ, ਹਰੀ ਕ੍ਰਾਂਤੀ ਦੇ ਯੁਗ ਵਿਚ ਰਿਵਾਇਤੀ ਘੱਟ ਉਤਪਾਦਨ ਵਾਲੀ ਖੇਤੀ ਦਾ ਆਕਾਰ ਘਟਦਾ ਗਿਆ ਅਤੇ ਉੱਚ ਉਤਪਾਦਨ ਤੇ ਆਮਦਨ ਵਧਾਊ ਖੇਤੀ ਪ੍ਰਣਾਲੀ ਦਾ ਆਕਾਰ ਲਗਾਤਾਰ ਵੱਧਦਾ ਗਿਆ। ਨਤੀਜੇ ਵਜੋਂ ਕਿਸਾਨ ਅਤੇ ਪੇਂਡੂ ਭਾਈਚਾਰਾ ਖੇਤੀਬਾੜੀ ਅਤੇ ਇਸ ਨਾਲ ਸੰਬੰਧਿਤ ਕਿੱਤਿਆਂ ਨੂੰ ਉੱਚ ਮੁਨਾਫ਼ਾ ਦੇਣ ਵਾਲੇ ਕਾਰੋਬਾਰ ਦੇ ਰੂਪ ਵਿਚ ਦੇਖਣ ਲੱਗੇ। ਪਰ ਪਿਛਲੇ ਕਈ ਸਾਲਾਂ ਤੋਂ ਖੇਤੀਬਾੜੀ ਦੇ ਵਿਕਾਸ ਕਰਨ ਵਿਚ ਕਈ ਤਰ੍ਹਾਂ ਦੀਆਂ ਚੁਨੌਤੀਆਂ ਉੱਭਰ ਕੇ ਆਉਣ ਨਾਲ ਖੇਤੀ ਉਤਪਾਦਨ ਤੇ ਮੁਨਾਫ਼ੇ ਦੇ ਵਾਧੇ ਦੀ ਦਰ ਲਗਾਤਾਰ ਮੱਠੀ ਹੁੰਦੀ ਗਈ ਜਿਸ ਕਰਕੇ ਦੇਸ਼ ਦਾ ਤੇ ਪੰਜਾਬ ਦਾ ਖੇਤੀ ਖੇਤਰ ਆਰਥਿਕਤਾ, ਤਕਨਾਲੋਜੀ ਅਤੇ ਵਾਤਾਵਰਨ ਪੱਖੋਂ ਇਕ ਵਾਰ ਫਿਰ ਚੌਰਾਹੇ 'ਤੇ ਆ ਖੜ੍ਹਾ ਹੋਇਆ ਹੈ। ਖੇਤੀ ਆਧਾਰਤ ਲਾਹੇਵੰਦੀ ਘਟਦੀ ਜਾਣ ਕਰਕੇ ਕਿਸਾਨ ਦੀ ਆਰਥਿਕ ਹਾਲਤ ਸੰਕਟ ਵਿਚ ਜਾ ਰਹੀ ਹੈ। ਬਹੁਤੇ ਕਿਸਾਨ ਲੋੜਾਂ ਨਾਲੋਂ ਘੱਟ ਆਮਦਨ ਵਾਲੇ ਹਾਲਾਤ ਵਿਚ ਰਹਿਣ ਕਰਕੇ ਖੇਤੀਬਾੜੀ ਦੇ ਧੰਦੇ ਨੂੰ ਛੱਡਣ ਵਾਸਤੇ ਮਜਬੂਰ ਹੋ ਰਹੇ ਹਨ। ਇਥੋਂ ਤਕ ਕਿ ਦੇਸ਼ ਦੇ ਕੁੱਲ ਘਰੇਲੂ ਉਤਪਾਦਨ ਵਿਚ ਖੇਤੀ ਖੇਤਰ ਆਰਥਿਕਤਾ ਦਾ ਹਿੱਸਾ ਘਟਦਾ ਜਾਣਾ ਯੋਜਨਾਵਾਂ ਬਣਾਉਣ ਵਾਲਿਆਂ ਵਾਸਤੇ ਚਿੰਤਾ ਦਾ ਵਿਸ਼ਾ ਬਣਦਾ ਜਾ ਰਿਹਾ ਹੈ। ਸਮੇਂ ਨਾਲ ਕਿਸਾਨ ਭਾਈਚਾਰਾ ਤੇ ਖੇਤੀਬਾੜੀ ਦੇ ਵਿਕਾਸ ਦੇ ਅਦਾਰੇ ਇਹ ਮੰਨਣ ਲੱਗੇ ਹਨ ਕਿ ਹਰੀ ਕ੍ਰਾਂਤੀ ਦੌਰਾਨ ਅਪਣਾਈਆਂ ਗਈਆਂ ਖੇਤੀ ਪ੍ਰਬੰਧ ਕਾਰਜ ਨੀਤੀਆਂ, ਤਕਨੀਕਾਂ ਤੇ ਦਿਹਾਤੀ ਵਿਕਾਸ ਪ੍ਰਣਾਲੀ ਦੀ ਖੇਤੀਬਾੜੀ ਵੱਲ ਦਿਤੀ ਗਈ ਸਹਾਇਤਾ ਮੌਜੂਦਾ ਸਮੇਂ ਵਿਚ ਉੱਚ ਖੇਤੀ ਉਤਪਾਦਨ, ਲਾਹੇਵੰਦੀ ਅਤੇ ਇਸ ਆਧਾਰਤ ਸਰਬ ਪੱਖੀ ਪੇਂਡੂ ਆਰਥਿਕ ਤੇ ਸਮਾਜਿਕ ਵਿਕਾਸ ਦੇ ਵਾਧੇ ਦੀ ਦਰ ਕਾਇਮ ਰੱਖਣ ਵਾਸਤੇ ਕਾਫ਼ੀ ਨਹੀਂ ਹਨ। ਇਹ ਵੀ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਭਾਵੇਂ ਖੇਤੀ ਖੇਤਰ ਸੰਬੰਧੀ ਸਰਕਾਰ ਦੇ ਖੇਤੀਬਾੜੀ ਤੇ ਬਾਗ਼ਬਾਨੀ ਵਿਭਾਗ ਅਤੇ ਹੋਰ ਕਈ ਸਰਕਾਰੀ ਤੇ ਗ਼ੈਰ-ਸਰਕਾਰੀ ਅਦਾਰੇ ਖੇਤੀ ਪ੍ਰਬੰਧ ਤਕਨੀਕਾਂ, ਇਨਪੁਟਸ (ਬੀਜ, ਖਾਦਾਂ, ਪਾਣੀ, ਕੀੜੇ ਤੇ ਬੀਮਾਰੀਆਂ ਰੋਕਣ ਵਾਸਤੇ ਦਵਾਈਆਂ, ਊਰਜਾ-ਮਸ਼ੀਨਾਂ ਆਦਿ) ਤੇ ਹੋਰ ਸਹੂਲਤਾਂ ਕਿਸਾਨਾਂ ਤਕ ਪਹੁੰਚਾਉਣ ਵਾਸਤੇ ਜ਼ਿੰਮੇਵਾਰੀ ਨਿਭਾਉਂਦੇ ਹਨ ਪਰ ਸਥਾਨਕ ਪੇਂਡੂ ਵਿਕਾਸ ਕਰਵਾਉਣ ਵਾਲੀ ਪੰਚਾਇਤ ਪ੍ਰਣਾਲੀ ਵਲੋਂ ਕਿਸਾਨ ਭਾਈਚਾਰੇ ਦੀ ਉੱਚ ਖੇਤੀ ਉਤਪਾਦਨ ਕੁਸ਼ਲਤਾ ਅਤੇ ਲਾਹੇਵੰਦ ਵਾਧੇ ਵੱਲ ਕਾਇਮ ਰੱਖਣ ਵਿਚ ਅਤੇ ਪਿੰਡ ਦੇ ਸਥਾਨਕ ਖੇਤੀ ਖੇਤਰ ਦੇ ਵਿਕਾਸ ਵਾਸਤੇ ਸਹੂਲਤਾਂ ਤੇ ਸਹਾਇਤਾ ਦੇਣਾ ਵੀ ਬਹੁਤ ਲਾਭਦਾਇਕ ਹੋ ਸਕਦਾ ਹੈ।

ਸਾਡੇ ਦੇਸ਼ ਵਿਚ ਲਗਭਗ 270 ਹਜ਼ਾਰ ਅਤੇ ਪੰਜਾਬ ਵਿਚ ਲਗਭਗ 12770 ਪੰਚਾਇਤਾਂ ਹਨ ਜਿਨ੍ਹਾਂ ਨੂੰ ਸੰਵਿਧਾਨਿਕ ਤੌਰ ਤੇ ਸਵੈ-ਸਰਕਾਰੀ ਸੰਸਥਾਵਾਂ ਦੇ ਰੂਪ ਵਿਚ ਪਿੰਡ ਪੱਧਰ 'ਤੇ ਸਥਾਨਕ ਵਿਕਾਸ ਕਰਵਾਉਣ ਦੀਆਂ ਕਾਰਜ ਨੀਤੀਆਂ ਤਿਆਰ ਕਰਨ ਤੇ ਲਾਗੂ ਕਰਨ ਵਾਸਤੇ ਅਧਿਕਾਰ ਮਿਲੇ ਹੋਏ ਹਨ। ਜਿਸ ਕਰਕੇ ਭਾਵੇਂ ਕਈ ਪੰਚਾਇਤਾਂ ਪਿੰਡਾਂ ਵਿਚ ਆਮ ਨਿੱਤ ਦੇ ਵਿਕਾਸ ਕਾਰਜ ਕਰਨ ਵਿਚ ਕਾਫ਼ੀ ਸ਼ਲਾਘਾਯੋਗ ਅਗਵਾਈ ਕਰ ਰਹੀਆਂ ਹਨ ਪਰ ਵਰਤਮਾਨ ਸਰੂਪ ਵਿਚ ਬਹੁਤੀਆਂ ਪੰਚਾਇਤਾਂ ਪਿੰਡ ਵਿਚ ਹਰ ਵਰਗ ਦੀ ਕਿਸਾਨੀ ਤੇ ਇਸ ਨਾਲ ਸੰਬੰਧਿਤ ਕਿੱਤਿਆਂ ਤੋਂ ਉਤਪਾਦਨ ਤੇ ਲਾਹੇਵੰਦ ਵਿਕਾਸ ਕਰਨ ਵਾਸਤੇ ਅਗਵਾਈ ਦੇਣ ਵਿਚ ਪਿਛੜ ਰਹੀਆਂ ਹਨ। ਅਸਲ ਵਿਚ, ਸਾਡੇ ਪਿੰਡਾਂ ਦੀਆਂ ਬਹੁਤੀਆਂ ਪੰਚਾਇਤਾਂ ਇਹ ਅਨੁਭਵ ਨਹੀਂ ਕਰਦੀਆਂ ਕਿ ਪੇਂਡੂ ਭਾਈਚਾਰੇ (ਲਗਭਗ 66 ਪ੍ਰਤਿਸ਼ਤ ਆਬਾਦੀ ਪਿੰਡਾਂ ਵਿਚ ਹੈ) ਦੀ ਰੋਜ਼ੀ, ਆਰਥਿਕਤਾ ਅਤੇ ਹੋਰ ਸਮਾਜਿਕ ਲੋੜਾਂ ਪੂਰੀਆਂ ਕਰਨਾ ਪ੍ਰਮੁੱਖ ਤੌਰ ਤੇ ਖੇਤੀਬਾੜੀ ਤੋਂ ਆਮਦਨ 'ਤੇ ਹੀ ਨਿਰਭਰ ਕਰਦੇ ਹਨ। ਇਸ ਵਾਸਤੇ ਪਿੰਡਾਂ ਦਾ ਸਰਬ-ਪੱਖੀ ਵਿਕਾਸ ਕਰਨਾ ਖੇਤੀ ਖੇਤਰ ਦੇ ਉਤਪਾਦਨ, ਕੁਸ਼ਲਤਾ ਅਤੇ ਲਾਹੇਵੰਦੀ ਨੂੰ ਵਾਧੇ ਵੱਲ ਕਾਇਮ ਰੱਖਣ ਤੋਂ ਬਿਨਾਂ ਸੰਭਵ ਨਹੀਂ। ਇਨ੍ਹਾਂ ਪੰਚਾਇਤਾਂ ਦੀ ਪਿੰਡ ਦੇ ਖੇਤੀ ਅਤੇ ਇਸ ਸੰਬੰਧਿਤ ਕਿੱਤਿਆਂ ਦੇ ਲਾਹੇਵੰਦ ਵਾਧੇ ਵੱਲ ਕਾਇਮ ਰੱਖਣ ਵਾਸਤੇ ਸਹੂਲਤਾਂ ਪੈਦਾ ਕਰਨ ਤੇ ਸਹਾਇਤਾ ਕਰਨ ਵਿਚ ਸ਼ਮੂਲੀਅਤ ਤੇ ਅਗਵਾਈ ਲਗਭਗ ਨਾਂ ਦੇ ਬਰਾਬਰ ਹੀ ਹੈ।

ਇਸ ਵਾਸਤੇ ਲੋੜ ਹੈ ਕਿ ਇਕ ਨਵੀਂ ਸੋਚ ਤੇ ਭਵਿੱਖ-ਮੁਖੀ ਦ੍ਰਿਸ਼ਟੀਕੋਣ ਨਾਲ ਗਤੀਸ਼ੀਲ ਯੋਜਨਾ ਬਣਾਈ ਜਾਵੇ। ਜੋ ਖੇਤੀ ਅਤੇ ਇਸ ਨਾਲ ਸੰਬੰਧਿਤ ਕਿੱਤਿਆਂ ਤੋਂ ਆਮਦਨ ਤੇ ਲਾਹੇਵੰਦ ਵਾਧੇ ਵੱਲ ਕਾਇਮ ਰੱਖਣ ਵਾਸਤੇ ਹਰ ਵਰਗ ਦਾ ਕਿਸਾਨ ਭਾਈਚਾਰਾ, ਪੰਚਾਇਤਾਂ ਤੇ ਖੇਤੀਬਾੜੀ ਵਿਕਾਸ ਦੇ ਅਦਾਰੇ ਆਪਸ ਵਿਚ ਤਾਲਮੇਲ ਵਾਲੇ ਏਕੀਕਰਨ ਨਾਲ 'ਖੇਤੀ ਉਤਪਾਦਨ, ਡੱਬਾਬੰਦੀ, ਮੰਡੀਕਰਨ' ਪ੍ਰਣਾਲੀ ਦੇ ਲਾਹੇਵੰਦ ਵਾਧੇ ਦੀ ਬੁਨਿਆਦੀ ਸਮਰਥਾ (ਤਕਨੀਕੀ, ਮਾਲੀ, ਸਿਖਲਾਈ ਪ੍ਰਾਪਤ ਮਾਨਵ ਸਰੋਤ ਆਦਿ) ਦਾ ਨਿਰਮਾਣ ਕਰਨਾ ਯਕੀਨੀ ਬਣਾਏ। ਇਸ ਯੋਜਨਾ ਤਹਿਤ ਦਿਹਾਤੀ ਵਿਕਾਸ ਦੇ ਅਦਾਰੇ ਪੰਚਾਇਤ ਪ੍ਰਣਾਲੀ ਵਲੋਂ ਖੇਤੀਬਾੜੀ ਦੇ ਵਿਕਾਸ ਦੀਆਂ ਕਾਰਵਾਈਆਂ ਵਿਚ ਸਹਿਯੋਗ ਦੇਣ ਨਾਲ ਖੇਤੀ ਅਤੇ ਇਸ ਨਾਲ ਸੰਬੰਧਿਤ ਕਿੱਤਿਆਂ ਦੇ ਉਤਪਾਦਨ ਤੇ ਲਾਹੇਵੰਦੀ ਵਧਾਉਣ ਵਿਚ ਉੱਭਰ ਕੇ ਆਉਂਦੀਆਂ ਚੁਨੌਤੀਆਂ ਦੇ ਹੱਲ ਕਈ ਪੱਖਾਂ ਤੋਂ ਇਕ ਹੀ

ਵੇਲੇ ਫ਼ੈਸਲੇ ਲੈ ਕੇ ਪ੍ਰਬੰਧਕ ਉਪਰਾਲੇ ਕੀਤੇ ਜਾ ਸਕਦੇ ਹਨ।

ਪੰਚਾਇਤਾਂ ਦੀ ਖੇਤੀ ਖੇਤਰ ਵੱਲ ਅਗਵਾਈ ਤੇ ਸਹਾਇਤਾ ਖ਼ਾਸ ਮਹੱਤਤਾ ਰੱਖਦੀ ਹੈ ਕਿਉਂਕਿ ਇਕੱਲੇ-ਇਕੱਲੇ ਘੱਟ ਸਾਧਨਾਂ ਵਾਲੇ ਅਤੇ ਨਾਂ ਦੇ ਬਰਾਬਰ ਪੂੰਜੀ ਨਿਵੇਸ਼ ਕਰ ਸਕਣ ਦੀ ਸਮਰਥਾ ਵਾਲੇ ਕਿਸਾਨ ਭਾਈਚਾਰੇ (ਖ਼ਾਸ ਤੌਰ ਤੇ ਛੋਟੇ ਕਿਸਾਨ) ਵਾਸਤੇ ਬਹੁਤ ਮਹਿੰਗੀਆਂ ਇਨਪੁਟਸ (ਖਾਦਾਂ, ਪਾਣੀ, ਦਵਾਈਆਂ, ਊਰਜਾ, ਬੀਜ ਆਦਿ) ਦੀ ਵਰਤੋਂ ਲੋੜੀਂਦੀਆਂ ਗਿਆਨ ਆਧਾਰਤ ਆਧੁਨਿਕ ਤਕਨੀਕਾਂ ਨੂੰ ਅਪਣਾਉਣਾ ਬਹੁਤ ਮੁਸ਼ਕਿਲ ਹੁੰਦਾ ਹੈ। ਪਿੰਡ ਵਿਚ ਕਿਸਾਨ ਭਾਈਚਾਰੇ ਨੂੰ ਉਤਸਾਹਿਤ ਕਰ ਕੇ, ਸੰਗਠਨ ਤੇ ਸਹਿਕਾਰੀ ਸਭਾਵਾਂ ਬਣਾਉਣ ਵਿਚ ਅਗਵਾਈ ਕਰਕੇ ਪੰਚਾਇਤਾਂ ਸਮੂਹਿਕ ਤੌਰ ਤੇ ਲੋੜੀਂਦੇ ਪ੍ਰਬੰਧ ਕਰਕੇ ਖੇਤੀ ਤੇ ਇਸ ਨਾਲ ਸੰਬੰਧਿਤ ਕਿੱਤਿਆਂ ਦੀ ਉਤਪਾਦਨ ਕੁਸ਼ਲਤਾ ਤੇ ਲਾਹੇਵੰਦੀ ਵਿਚ ਵਾਧਾ ਕਰਨ ਵਿਚ ਮਦਦ ਕਰ ਸਕਦੀਆਂ ਹਨ।

ਆਉਂਦੇ ਸਮੇਂ ਵਿਚ ਛੋਟੇ ਪੱਧਰ ਦੀ ਕਿਸਾਨੀ ਆਧਾਰਤ ਆਰਥਿਕਤਾ ਵਧਾਊ ਹਰਾ-ਇਨਕਲਾਬ ਲਿਆਉਣਾ ਸਾਡੇ ਪਿੰਡਾਂ ਤੇ ਦੇਸ਼ ਦੀ ਲੋੜ ਹੈ। ਇਸ ਵਾਸਤੇ ਪੰਚਾਇਤਾਂ ਤੇ ਖੇਤੀਬਾੜੀ ਵਿਕਾਸ ਦੇ ਪ੍ਰਬੰਧਕਾਂ ਨੂੰ ਪਿੰਡ ਦੇ ਛੋਟੇ ਪੱਧਰ ਦੇ ਕਿਸਾਨ ਭਾਈਚਾਰੇ ਦੀ ਖੇਤੀ ਤੋਂ ਅਤੇ ਖੇਤੀ ਤੋਂ ਬਾਹਰਲੀ ਆਮਦਨ ਲਗਾਤਾਰ ਵਾਧੇ ਵੱਲ ਰੱਖਣ ਵਾਸਤੇ ਸਹੂਲਤਾਂ ਤੇ ਸਹਾਇਤਾ ਦੇਣਾ ਮੁਢਲੀ ਲੋੜ ਹੈ। ਇਹ ਕਿਸਾਨ ਸਿਰਫ਼ ਖੇਤੀ ਤੋਂ ਹੀ ਥੋੜ੍ਹੀ ਤੇ ਲੋੜਾਂ ਨਾਲੋਂ ਘੱਟ ਆਮਦਨ ਹੋਣ ਕਰਕੇ ਅਕਸਰ ਹੀ ਬਹੁਤੇ ਖਰਚੇ ਲੋੜੀਂਦੀਆਂ ਆਧੁਨਿਕ ਖੇਤੀ ਪ੍ਰਬੰਧ (ਫ਼ਸਲਾਂ ਬੀਜਣ ਤੋਂ ਮੰਡੀਕਰਨ ਤਕ) ਤਕਨੀਕਾਂ ਅਪਣਾਉਣ ਵਿਚ ਪਿਛੜ ਜਾਂਦੇ ਹਨ ਤੇ ਲਾਹੇਵੰਦ ਵਾਧੇ ਵੱਲ ਕਾਇਮ ਨਹੀਂ ਰੱਖ ਸਕਦੇ। ਇਸ ਵਾਸਤੇ ਲੋੜ ਹੈ ਕਿ ਖੇਤੀਬਾੜੀ ਵਿਭਾਗ ਤੇ ਹੋਰ ਵਿਕਾਸ ਦੇ ਅਦਾਰੇ ਸਥਾਨਕ ਪਿੰਡਾਂ ਦੀ ਪੰਚਾਇਤ ਪ੍ਰਣਾਲੀ ਦੀ ਮਦਦ ਨਾਲ ਇਸ ਕਮਜ਼ੋਰ ਤੇ ਘੱਟ ਆਮਦਨ ਵਾਲੇ ਕਿਸਾਨ ਭਾਈਚਾਰੇ ਤਕ ਘੱਟ ਜੋਖਮ ਜਾਂ ਜੋਖਮ ਰਹਿਤ ਖੇਤੀ ਪ੍ਰਬੰਧ ਤਕਨੀਕਾਂ, ਇਨਪੁਟਸ ਦੀ ਜਾਇਜ਼ ਕੀਮਤ ਤੇ ਉਪਲਬਤਾ, ਉਪਜਾਂ ਦੀ ਡੱਬਾਬੰਦੀ ਦੇ ਉਦਯੋਗਾਂ ਤਕ ਪਹੁੰਚ, ਲਾਹੇਵੰਦ ਮੰਡੀਕਰਨ ਅਤੇ ਹੋਰ ਖਰਚੇ ਘਟਾਊ ਤੇ ਲਾਭ ਵਧਾਊ ਸੇਵਾਵਾਂ ਦੀ ਲਗਾਤਾਰ ਤੇ ਇਕ-ਸਾਵੀਂ ਪਹੁੰਚ ਕਰਨ। ਇਨ੍ਹਾਂ ਕਿਸਾਨਾਂ ਦੀ ਕਾਰਗੁਜ਼ਾਰੀ ਸਮਰਥਾ ਵਧਾਉਣ ਵਾਸਤੇ ਇਨ੍ਹਾਂ ਨੂੰ ਹੁਨਰਮੰਦ ਬਣਾਉਣ ਵਾਸਤੇ ਸਿਖਲਾਈ ਸਹੂਲਤਾਂ ਪੈਦਾ ਕਰਨਾ ਪੰਚਾਇਤਾਂ ਦਾ ਪ੍ਰਮੁੱਖ ਟੀਚਾ ਹੋਣਾ ਚਾਹੀਦਾ ਹੈ। ਇਸ ਤਰ੍ਹਾਂ ਹੁਨਰਮੰਦ ਛੋਟੇ ਕਿਸਾਨ ਖੇਤੀ ਤੋਂ ਮੁਨਾਫਾ ਵਧਾਉਣ ਦੇ ਨਾਲ-ਨਾਲ ਖੇਤੀ ਤੋਂ ਬਾਹਰਲੇ ਰਸਮੀ ਮੁਲਾਜ਼ਮਤ ਜਾਂ ਸਵੈ-ਰੁਜ਼ਗਾਰ ਲੈਣ ਦੇ ਯੋਗ ਬਣ ਸਕਣਗੇ।

ਸਾਡੇ ਕਿਸਾਨ ਤੇ ਪੇਂਡੂ ਭਾਈਚਾਰੇ ਵਲੋਂ ਫ਼ਸਲਾਂ ਦੇ ਉਤਪਾਦਨ ਵਧਾਉਣ 'ਤੇ ਬਹੁਤ ਮਿਹਨਤ ਕੀਤੀ ਜਾਂਦੀ ਹੈ ਪਰ ਵਾਢੀ ਪਿਛੋਂ ਉਪਜਾਂ ਦੀ ਸਹੀ ਸਾਂਭ-ਸੰਭਾਲ ਵਾਸਤੇ ਲੋੜੀਂਦੇ ਉਪਰਾਲੇ ਨਹੀਂ ਕੀਤੇ ਜਾਂਦੇ। ਜਿਸ ਕਰਕੇ ਵੱਡੇ ਪੱਧਰ 'ਤੇ ਅਨਾਜ ਤੇ ਹੋਰ ਉਪਜਾਂ (ਖ਼ਾਸ ਤੌਰ ਤੇ ਜਲਦੀ ਨਸ਼ਟ ਹੋਣ ਵਾਲੀਆਂ) ਦੇ ਖ਼ਰਾਬੇ ਨਾਲ ਨਾ ਸਿਰਫ਼ ਕਿਸਾਨਾਂ ਦਾ ਮਾਲੀ ਨੁਕਸਾਨ ਹੋ ਜਾਂਦਾ ਹੈ ਸਗੋਂ ਨਾਲ ਹੀ ਨਾਲ ਖਾਣ ਵਾਲੇ ਪਦਾਰਥਾਂ ਦੀਆਂ ਕੀਮਤਾਂ ਵਧ ਜਾਂਦੀਆਂ ਹਨ ਅਤੇ ਦੇਸ਼ ਦੀ ਖੁਰਾਕ ਸੁਰੱਖਿਆ 'ਤੇ ਵੀ ਢਾਅ ਲੱਗ ਜਾਂਦੀ ਹੈ। ਵਿਸ਼ਵ ਬੈਂਕ ਦੇ ਇਕ ਅਨੁਮਾਨ ਅਨੁਸਾਰ ਭਾਰਤ ਵਿਚ ਹਰ ਸਾਲ ਕੁੱਲ ਪੈਦਾਵਾਰ ਵਿਚੋਂ ਲਗਭਗ 40 ਪ੍ਰਤਿਸ਼ਤ (ਲਗਭਗ 50,000 ਕਰੋੜ ਰੁਪਏ) ਅਨਾਜ ਤੇ ਹੋਰ ਉਪਜਾਂ ਦੇ ਖ਼ਰਾਬੇ ਹੋ ਜਾਂਦੇ ਹਨ। ਇਨ੍ਹਾਂ ਨੂੰ ਘਟਾਉਣ ਵਾਸਤੇ ਦੇਸ਼ ਦੀਆਂ ਸਰਕਾਰਾਂ ਭਾਵੇਂ ਬਹੁਤ ਉਪਰਾਲੇ ਕਰ ਰਹੀਆਂ ਹਨ ਪਰ ਲੋੜ ਹੈ ਕਿ ਇਹ ਖ਼ਰਾਬੇ ਵਾਲੇ ਪਿੰਡ ਤੇ ਕਿਸਾਨ ਦੇ ਖੇਤ ਪੱਧਰ 'ਤੇ ਹੀ ਘਟਾਏ ਜਾਣ। ਅਸਲ ਵਿਚ, ਖੇਤੀਬਾੜੀ ਵਿਭਾਗ ਤੇ ਪੰਚਾਇਤ ਪ੍ਰਣਾਲੀ ਨੂੰ ਤਾਲਮੇਲ ਨਾਲ ਚਾਹੀਦਾ ਹੈ ਕਿ ਉਹ ਕਿਸਾਨਾਂ ਨੂੰ ਇਹ ਅਨੁਭਵ ਕਰਾਉਣ ਕਿ ਉਹ ਖੇਤੀ ਤੇ ਇਸ ਨਾਲ ਸੰਬੰਧਿਤ ਕਿੱਤਿਆਂ ਦੇ ਉਤਪਾਦਨ ਵਧਾਉਣ ਨੂੰ ਅਤੇ ਉਪਜਾਂ ਦੀ ਸਹੀ ਸਾਂਭ-ਸੰਭਾਲ ਕਰ ਕੇ ਖ਼ਰਾਬੇ ਨੂੰ ਘਟਾਉਣ ਤੇ ਇਨ੍ਹਾਂ ਦੀ ਗੁਣਵਤਾ ਕਾਇਮ ਰੱਖਣ ਨੂੰ ਇਕਸਾਰ ਮਹੱਤਤਾ ਦੇਣ। ਪੰਚਾਇਤ ਪ੍ਰਣਾਲੀ ਪਿੰਡ ਵਿਚ ਉਪਜਾਂ ਦੀ ਸੰਭਾਲ ਵਾਸਤੇ ਸਹੂਲਤਾਂ ਪੈਦਾ ਕਰਨ ਵਿਚ ਅਗਵਾਈ ਕਰ ਸਕਦੀ ਹੈ ਅਤੇ ਆਰਥਿਕਤਾ ਵਾਧੇ ਵੱਲ ਰੱਖਣ ਵਿਚ ਸਹਾਈ ਹੋ ਸਕਦੀ ਹੈ।

ਪਿੰਡਾਂ ਵਿਚ ਅਨਾਜ ਤੇ ਜਲਦੀ ਨਸ਼ਟ ਹੋਣ ਵਾਲੀਆਂ ਉਪਜਾਂ ਦੇ ਸਹੀ ਭੰਡਾਰਨ ਦੀਆਂ ਲੋੜੀਂਦੀਆਂ ਸਹੂਲਤਾਂ ਦੀ ਘਾਟ ਹੋਣਾ ਇਨ੍ਹਾਂ ਉਪਜਾਂ ਦੇ ਖ਼ਰਾਬੇ ਦਾ ਇਕ ਪ੍ਰਮੁੱਖ ਕਾਰਨ ਹੈ। ਭਾਵੇਂ ਸਰਕਾਰ ਵਲੋਂ ਉਪਜਾਂ ਦੀ ਸੰਭਾਲ ਤੇ ਭੰਡਾਰਨ ਵਾਸਤੇ ਵੱਡੇ-ਵੱਡੇ ਗੁਦਾਮ ਬਣਾਉਣ ਦੇ ਉਪਰਾਲੇ ਕੀਤੇ ਜਾ ਰਹੇ ਹਨ ਪਰ ਇਹ ਵੀ ਲੋੜ ਹੈ ਕਿ ਸਰਕਾਰ ਪੰਚਾਇਤਾਂ, ਕਿਸਾਨ ਸੰਗਠਨਾਂ ਅਤੇ ਕਿਸਾਨਾਂ ਨੂੰ ਵੀ ਲੋੜੀਂਦੀ ਵਿੱਤੀ ਸਹਾਇਤਾ ਪ੍ਰਦਾਨ ਕਰੇ ਤਾਂ ਕਿ ਜੋ ਹਰ ਖੇਤ ਪੱਧਰ 'ਤੇ ਦਾਣੇਦਾਰ ਵਸਤਾਂ ਵਾਸਤੇ ਘੱਟ ਖਰਚਿਆਂ ਦੀ ਲਾਗਤ ਵਾਲੇ ਮਿੱਟੀ ਜਾਂ ਇੱਟਾਂ ਨਾਲ 1 ਤੋਂ 4 ਟਨ ਸਮਰਥਾ ਵਾਲੇ ਗੁਦਾਮ ਬਣਾਏ ਜਾਣ, ਅਤੇ ਪਿੰਡ ਪੱਧਰ 'ਤੇ ਦਾਣੇਦਾਰ ਅਨਾਜ ਦੇ ਭੰਡਾਰਨ ਵਾਸਤੇ 20 ਤੋਂ 30 ਟਨ ਸਮਰਥਾ ਵਾਲੇ ਗੁਦਾਮ ਅਤੇ ਸਾਈਲੋਜ਼ ਸਥਾਪਤ ਕੀਤੇ ਜਾਣ। ਇਸ ਤੋਂ ਇਲਾਵਾ, ਜਲਦੀ ਨਸ਼ਟ ਹੋਣ ਵਾਲੀਆਂ ਸਬਜ਼ੀਆਂ ਤੇ ਫਲਾਂ ਦੀ ਸਹੀ ਸੰਭਾਲ ਵਾਸਤੇ ਵੀ ਠੰਢੇ ਸਟੋਰ ਆਦਿ ਨਾਲ ਪੰਚਾਇਤਾਂ ਕਿਸਾਨਾਂ ਨੂੰ ਜੋੜ ਸਕਦੀਆਂ ਹਨ ਜਾਂ ਸਰਕਾਰ ਦੀ ਮਦਦ ਨਾਲ ਇਹ ਸਹੂਲਤਾਂ ਪਿੰਡ ਵਿਚ ਹੀ ਸਥਾਪਤ ਕਰਨ ਦੇ ਉਪਰਾਲੇ ਕਰ ਸਕਦੀਆਂ ਹਨ।

ਹੁਣ ਸਮਾਂ ਹੈ ਕਿ ਖੇਤੀਬਾੜੀ ਵਿਕਾਸ ਦੇ ਅਦਾਰੇ, ਪੰਚਾਇਤ ਪ੍ਰਣਾਲੀ ਅਤੇ ਕਿਸਾਨ ਭਾਈਚਾਰਾ ਇਹ ਅਨੁਭਵ ਕਰੇ ਕਿ ਖੇਤੀ ਅਧਾਰਤ ਆਰਥਿਕਤਾ ਦੇ ਵਾਧੇ ਦੀ ਦਰ ਧੀਮੀ ਹੀ ਰਹੇਗੀ ਜਦ ਤਕ ਖੇਤੀ ਉਤਪਾਦਨ ਵਧਾਉਣ ਦੇ ਨਾਲ-ਨਾਲ ਉਪਜਾਂ ਦੀ ਡੱਬਾਬੰਦੀ ਕਰਕੇ ਉੱਚ ਗੁਣਵਤਾ (ਪ੍ਰੋਟੀਨ, ਵਿਟਾਮਿਨ, ਖੁਰਾਕੀ ਤੱਤ ਆਦਿ) ਵਾਲੀਆਂ ਵਸਤਾਂ/ ਪਦਾਰਥ, ਦੇਸੀ ਤੇ ਵਿਦੇਸ਼ੀ ਮੰਡੀਆਂ ਵਿਚ ਉੱਚ ਮੁੱਲ ਤੇ ਵਿੱਕਰੀ ਕਰ ਕੇ ਵੱਡੇ ਪੱਧਰ 'ਤੇ ਕਮਾਈ ਕਰਨ ਦੀ ਸੰਭਾਵਨਾ ਤੋਂ ਲਾਭ ਨਹੀਂ ਲਿਆ ਜਾਂਦਾ। ਸਾਡੇ ਦੇਸ਼ ਵਿਚ ਖੇਤੀ ਉਪਜਾਂ ਦੀ ਕੁੱਲ ਪੈਦਾਵਾਰ ਵਿਚੋਂ ਸਿਰਫ਼ 10 ਪ੍ਰਤਿਸ਼ਤ ਉਪਜਾਂ ਦੀ ਹੀ ਡੱਬਾਬੰਦੀ ਹੋ ਰਹੀ ਹੈ ਜਦ ਕਿ ਵਿਕਸਤ ਦੇਸ਼ਾਂ ਵਿਚ ਇਹ ਸਥਿਤੀ 65 ਤੋਂ 80 ਪ੍ਰਤਿਸ਼ਤ ਤਕ ਹੈ। ਸਿਰਫ਼ 2 ਪ੍ਰਤਿਸ਼ਤ ਹੀ ਫਲ ਤੇ ਸਬਜ਼ੀਆਂ ਡੱਬਾਬੰਦ ਹੁੰਦੀਆਂ ਹਨ। ਇਸ ਵਾਸਤੇ ਲੋੜ ਹੈ ਕਿ ਪੰਚਾਇਤਾਂ ਅਤੇ ਖੇਤੀ ਵਿਕਾਸ ਦੇ ਸਰਕਾਰੀ ਤੇ ਗ਼ੈਰ-ਸਰਕਾਰੀ ਅਦਾਰੇ ਆਪਸ ਵਿਚ ਤਾਲਮੇਲ ਕਰਕੇ ਉੱਦਮੀਆਂ, ਸਵੈ-ਸਹਾਇਕ ਮਨੁੱਖੀ ਸਮੂਹਾਂ, ਸਭਾਵਾਂ ਆਦਿ ਨੂੰ ਉਤਸਾਹਿਤ ਕਰਕੇ ਮਾਲੀ ਸਹਾਇਤਾ ਦੇਣ ਵਾਲੀਆਂ ਸੰਸਥਾਵਾਂ ਕੋਲੋਂ

ਮਦਦ ਲੈ ਕੇ ਪਿੰਡਾਂ ਵਿਚ ਛੋਟੀਆਂ ਤੇ ਦਰਮਿਆਨੇ ਆਕਾਰ ਤੇ ਸਮਰਥਾ ਵਾਲੀਆਂ ਡੱਬਾਬੰਦ ਉਦਯੋਗਿਕ ਇਕਾਈਆਂ ਅਤੇ ਛੋਟੇ ਪੱਧਰ ਦੇ ਸਵੈ-ਡੱਬਾਬੰਦੀ ਕਾਰੋਬਾਰ ਸਥਾਪਤ ਕਰਨ ਵਾਸਤੇ ਸਹੂਲਤਾਂ ਅਤੇ ਸਹਾਇਤਾ ਦੇਣ ਵਿਚ ਅਗਵਾਈ ਕਰਨ। ਖੇਤੀ ਉਪਜਾਂ ਦੀ ਡੱਬਾਬੰਦੀ ਬਾਰੇ ਸਰਕਾਰੀ ਤੇ ਗ਼ੈਰ ਸਰਕਾਰੀ ਯੋਜਨਾਵਾਂ ਤੇ ਚਲਾਈਆਂ ਜਾ ਰਹੀਆਂ ਸਕੀਮਾਂ ਦਾ ਪਿੰਡ ਪੱਧਰ 'ਤੇ ਲਾਭ ਲੈਣ ਵਾਸਤੇ ਪੰਚਾਇਤਾਂ ਨੂੰ ਅਗਵਾਈ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਮੌਸਮੀ ਤੇ ਜਲਦੀ ਨਸ਼ਟ ਹੋਣ ਵਾਲੀਆਂ ਉਪਜਾਂ, ਫ਼ਸਲਾਂ ਦੇ ਰਹਿੰਦ-ਖੂੰਹਦ ਆਦਿ ਦੀ ਡੱਬਾਬੰਦੀ ਕਰਕੇ ਤੇ ਖ਼ਰਾਬੇ ਘਟਾ ਕੇ ਕਿਸਾਨਾਂ ਤੇ ਪੇਂਡੂ ਭਾਈਚਾਰੇ ਦੀ ਆਰਥਿਕਤਾ ਵਾਧੇ ਵੱਲ ਕਾਇਮ ਰਹੇਗੀ। ਨਾਲ ਦੀ ਨਾਲ ਕਿਸਾਨਾਂ, ਯੁਵਕਾਂ ਤੇ ਹੋਰ ਪੇਂਡੂ ਭਾਈਚਾਰੇ ਵਾਸਤੇ ਸਵੈ-ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ।

ਖੇਤੀ ਖੇਤਰ ਦੀ ਉਤਪਾਦਨ ਕੁਸ਼ਲਤਾ ਤੇ ਲਾਹੇਵੰਦ ਵਾਧੇ ਵੱਲ ਕਾਇਮ ਰੱਖਣ ਵਾਸਤੇ ਅਤੇ ਖੇਤੀ ਤੋਂ ਇਲਾਵਾ, ਸਰਗਰਮੀਆਂ ਨੂੰ ਢੁਕਵੀਂ ਜ਼ਮੀਨ ਉਤੇ ਸਥਾਪਤ ਕਰਨ ਵਾਸਤੇ ਲੋੜ ਹੈ ਕਿ ਪੰਚਾਇਤ ਪ੍ਰਣਾਲੀ ਅਤੇ ਪਿੰਡ ਵਿਚਲੇ ਸਥਾਨਕ ਖੇਤੀਬਾੜੀ ਵਿਕਾਸ ਦਾ ਅਦਾਰਾ ਆਪਸ ਵਿਚ ਤਾਲਮੇਲ ਕਰਕੇ, ਕਿਸਾਨ ਭਾਈਚਾਰੇ ਦੀ ਸ਼ਮੂਲੀਅਤ ਅਤੇ ਮਾਲ ਵਿਭਾਗ ਤੇ ਭੂਮੀ ਪਰਖ ਪ੍ਰਯੋਗਸ਼ਾਲਾ ਦੀ ਮਦਦ ਨਾਲ ਸਮੁੱਚੇ ਪਿੰਡ ਦੀ ਇਕ ਉੱਚਿਤ 'ਜ਼ਮੀਨ ਵਰਤੋਂ ਯੋਜਨਾ ਬਣਾਈ ਜਾਵੇ। ਇਹ ਯੋਜਨਾ ਬਣਾਉਣ ਵੇਲੇ ਜ਼ਮੀਨ ਦੀ ਮੌਜੂਦਾ ਵਰਤੋਂ ਤੇ ਭਵਿੱਖ ਦੀਆਂ ਲੋੜਾਂ, ਭੂਗੋਲਿਕ ਜਾਣਕਾਰੀ, ਜ਼ਮੀਨ ਦੀ ਗੁਣਵੱਤਾ ਅਤੇ ਉਪਜਾਊ ਸਮਰਥਾ, ਉਦਯੋਗ ਸਥਾਪਤ ਕਰਨ ਵਾਸਤੇ ਜ਼ਮੀਨ ਦੀ ਲੋੜ, ਬੁਨਿਆਦੀ ਸਹੂਲਤਾਂ ਪੈਦਾ ਕਰਨ ਵਾਸਤੇ ਲੋੜ ਆਦਿ ਧਿਆਨ ਵਿਚ ਰੱਖਣੇ ਜ਼ਰੂਰੀ ਹਨ। ਇਸ ਯੋਜਨਾ ਦੇ ਲਾਗੂ ਹੋਣ ਨਾਲ ਪਹਿਲਾਂ ਤੋਂ ਹੀ ਖੇਤੀ ਹੇਠ ਘਟਦੀ ਜਾ ਰਹੀ ਉਪਜਾਊ ਜ਼ਮੀਨ ਬਚਾਅ ਕੇ ਬਾਕੀ ਜ਼ਮੀਨ ਦੀ ਢੁਕਵੀਂ ਵਰਤੋਂ ਕਰਕੇ ਇਸ ਕੁਦਰਤੀ ਸਰੋਤ ਦੀ ਸੰਭਾਲ ਕੀਤੀ ਜਾ ਸਕੇਗੀ ਅਤੇ ਖੇਤੀ ਖੇਤਰ ਆਧਾਰਤ ਆਰਥਿਕਤਾ ਵਾਧੇ ਵੱਲ ਕਾਇਮ ਰਖੀ ਜਾ ਸਕੇਗੀ।

ਕਈ ਵਾਰ ਅਚਾਨਕ ਕੁਦਰਤੀ ਆਫ਼ਤਾਂ (ਭਾਰੀ ਬਾਰਿਸ਼, ਸੋਕਾ, ਤਾਪਮਾਨ ਦੇ ਬਦਲਾਅ, ਕੀੜੇ ਬੀਮਾਰੀਆਂ ਦੇ ਹੱਲੇ, ਗੜੇ, ਝੱਖੜ, ਹੜ੍ਹ ਆਦਿ) ਆ ਜਾਣ ਨਾਲ ਖੇਤੀ ਉਤਪਾਦਨ ਘਟਣ ਜਾਂ ਫ਼ਸਲਾਂ ਦੇ ਪੂਰੀ ਤਰ੍ਹਾਂ ਬਰਬਾਦ ਹੋਣ ਕਰਕੇ ਕਿਸਾਨਾਂ ਤੇ ਪੇਂਡੂ ਭਾਈਚਾਰੇ ਨੂੰ ਅਸਹਿ ਆਰਥਿਕ ਸੰਕਟ ਦਾ ਖ਼ਤਰਾ ਪੈ ਜਾਂਦਾ ਹੈ। ਇਨ੍ਹਾਂ ਖ਼ਤਰਿਆਂ ਦਾ ਸਾਹਮਣਾ ਕਰਨਾ ਅਕਸਰ ਹੀ ਇਕੱਲੇ ਪ੍ਰਭਾਵਤ ਕਿਸਾਨਾਂ ਜਾਂ ਸਥਾਨਕ ਖੇਤੀ ਵਿਕਾਸ ਦੇ ਅਦਾਰੇ ਦੇ ਵੱਸ ਵਿਚ ਨਹੀਂ ਹੁੰਦਾ। ਇਸ ਵਾਸਤੇ ਪਿੰਡ ਦੀ ਪੰਚਾਇਤ ਨੂੰ ਅੱਗੇ ਲੱਗ ਕੇ ਕਿਸਾਨਾਂ ਤੇ ਪੇਂਡੂ ਭਾਈਚਾਰੇ ਨੂੰ ਇਕੱਠੇ ਸਮੂਹਕ ਤੌਰ ਤੇ ਸਰਕਾਰੀ ਤੇ ਗ਼ੈਰ-ਸਰਕਾਰੀ ਵਿਕਾਸ ਦੇ ਅਦਾਰੇ ਅਤੇ ਮਾਲੀ ਸਹਾਇਤਾ ਦੇਣ ਵਾਲੇ ਵਸੀਲਿਆਂ ਨਾਲ ਸੰਪਰਕ ਕਰ ਕੇ ਪ੍ਰਭਾਵਤ ਕਿਸਾਨਾਂ ਦੀ ਖੇਤੀਬਾੜੀ ਨੂੰ ਪੁਨਰ ਜੀਵਤ ਕਰਨ ਦੇ ਉਪਰਾਲੇ ਕਰਨੇ ਚਾਹੀਦੇ ਹਨ। ਇਸ ਦੇ ਨਾਲ ਹੀ ਨਾਲ ਇਨ੍ਹਾਂ ਪ੍ਰਭਾਵਤ ਲੋਕਾਂ ਦੇ ਮੁੜ-ਵਸੇਬੇ ਵਾਸਤੇ ਢੁਕਵੀਆਂ ਸਹੂਲਤਾਂ ਫ਼ਸਲਾਂ ਦੇ (ਬੀਜ, ਖਾਦਾਂ, ਕੀੜੇ ਤੇ ਬੀਮਾਰੀਆਂ ਰੋਕਣ ਵਾਸਤੇ ਦਵਾਈਆਂ, ਮਾਲੀ ਸਹਾਇਤਾ ਆਦਿ) ਮੁਹੱਈਆ ਕਰਨ ਦੇ ਪ੍ਰਬੰਧ ਕਰਕੇ ਖੇਤੀ ਅਤੇ ਇਸ ਦੇ ਸੰਬੰਧਿਤ ਕਿੱਤਿਆਂ ਆਧਾਰਤ ਆਰਥਿਕਤਾ ਨੂੰ ਢਾਅ ਲੱਗਣੋਂ ਬਚਾਉਣਾ ਪੰਚਾਇਤਾਂ ਦਾ ਟੀਚਾ ਹੋਣਾ ਚਾਹੀਦਾ ਹੈ। ਲੋੜ ਹੈ ਕਿ ਖੇਤੀਬਾੜੀ ਵਿਕਾਸ ਦਾ ਅਦਾਰਾ ਪੰਚਾਇਤ ਦੇ ਸਹਿਯੋਗ ਨਾਲ ਪਿੰਡ ਵਿਚ ਇਕ ਤੇਜ਼ੀ ਨਾਲ ਰਾਹਤ ਕਾਰਵਾਈਆਂ ਕਰ ਸਕਣ ਵਾਲਾ ਮਨੁੱਖੀ ਸੰਗਠਨ ਬਣਾਏ ਤਾਂ ਜੋ ਆਫ਼ਤ ਆਉਣ 'ਤੇ ਪਹਿਲ ਦੇ ਆਧਾਰ 'ਤੇ ਬਹੁਤ ਜਲਦੀ ਪ੍ਰਭਾਵਸ਼ਾਲੀ ਰਾਹਤ ਦੇ ਕਦਮ ਚੁੱਕੇ ਜਾਣ ਅਤੇ ਖੇਤੀ ਆਧਾਰਤ ਆਰਥਿਕਤਾ ਤੋਂ ਘੱਟ ਤੋਂ ਘੱਟ ਮਾੜਾ ਅਸਰ ਪਵੇ।

ਭਾਰਤ ਵਿਚ ਤਕਨਾਲੋਜੀਕਲ, ਵਿਗਿਆਨਕ ਅਤੇ ਸੂਚਨਾ ਤੇ ਸੰਚਾਰ ਤਕਨੀਕਾਂ ਦੇ ਚੱਲ ਰਹੇ ਇਨਕਲਾਬ ਦੇ ਯੁਗ ਵਿਚ ਅਤੇ ਖੇਤੀ ਤੇ ਇਸ ਨਾਲ ਸੰਬੰਧਿਤ ਕਿੱਤਿਆਂ ਦੇ ਉਤਪਾਦਨ, ਡੱਬਾਬੰਦੀ ਤੇ ਮੰਡੀਕਰਨ ਦੇ ਪ੍ਰਬੰਧ ਕਰਨ ਵਿਚ ਲਗਾਤਾਰ ਵਧਦੀਆਂ ਗੁੰਝਲਦਾਰ ਚੁਨੌਤੀਆਂ ਦਾ ਸਾਹਮਣਾ ਕਰਨ ਵਾਸਤੇ ਲੋੜ ਹੈ ਕਿ ਯੁਵਕਾਂ, ਕਿਸਾਨਾਂ, ਮਹਿਲਾਵਾਂ ਅਤੇ ਹੋਰ ਕਾਮਿਆਂ ਦੀ ਹੁਨਰ ਸਮਰਥਾ ਵਧਾਈ ਜਾਵੇ। ਇਸ ਵਾਸਤੇ ਸਰਕਾਰੀ ਪੱਧਰ 'ਤੇ ਅਤੇ ਖੇਤੀਬਾੜੀ ਵਿਕਾਸ ਅਦਾਰੇ ਦੇ ਪੱਧਰ 'ਤੇ ਕਈ ਪ੍ਰੋਗਰਾਮ ਚਲਾਉਣ ਵਾਸਤੇ ਸ਼ਲਾਘਾਯੋਗ ਉਪਰਾਲੇ ਵੀ ਕੀਤੇ ਜਾ ਰਹੇ ਹਨ। ਸਮੇਂ ਦੀ ਲੋੜ ਹੈ ਕਿ ਪੰਚਾਇਤ ਪ੍ਰਣਾਲੀ ਤੇ ਖੇਤੀ ਵਿਕਾਸ ਦੇ ਅਦਾਰੇ ਪਿੰਡ ਵਿਚ ਹੀ ਸਹੂਲਤਾਂ ਤੇ ਸਾਧਨ ਪੈਦਾ ਕਰਕੇ ਹਰ ਵਰਗ ਦੇ ਪੇਂਡੂ ਭਾਈਚਾਰੇ ਨੂੰ ਵਿਹਾਰਕ ਹੁਨਰ ਵਾਲੀ ਸਿਖਲਾਈ ਦੇਣ ਦੇ ਉਪਰਾਲੇ ਕਰਨ ਤਾਂ ਕਿ ਗ਼ੈਰ ਹੁਨਰੀ ਮਨੁੱਖੀ ਵਸੀਲੇ ਨੂੰ ਸਿਖਲਾਈ ਪ੍ਰਾਪਤ ਹੁਨਰਮੰਦ ਬਣਾ ਕੇ ਉਨ੍ਹਾਂ ਨੂੰ ਕੁਸ਼ਲਤਾ ਨਾਲ ਗਿਆਨ ਆਧਾਰਤ ਆਧੁਨਿਕ ਖੇਤੀ ਉਤਪਾਦਨ ਕੁਸ਼ਲਤਾ ਤੇ ਲਾਭ ਵਧਾਊ ਪ੍ਰਬੰਧਕ ਤਕਨੀਕਾਂ ਅਪਣਾਉਣ, ਉੱਚ ਗੁਣਵਤਾ ਵਾਲੀਆਂ ਵਸਤਾਂ ਤਿਆਰ ਕਰਨ, ਉਪਜਾਂ ਦੀ ਡੱਬਾਬੰਦੀ ਕਰਨ ਅਤੇ ਹੋਰ ਕਈ ਤਰ੍ਹਾਂ ਦੇ ਖੇਤੀ ਪ੍ਰਬੰਧ (ਬੀਜਣ ਤੋਂ ਮੰਡੀਕਰਨ ਤਕ) ਕਰਨ ਦੇ ਯੋਗ ਬਣਾਇਆ ਜਾਵੇ। ਨਾਲ ਹੀ ਉਹ ਖੇਤੀ ਖੇਤਰ ਵਿਚਲੇ ਅਤੇ ਇਸ ਤੋਂ ਬਾਹਰਲੇ ਰਸਮੀ ਮੁਲਾਜ਼ਮਤ ਤੇ ਸਵੈ-ਰੁਜ਼ਗਾਰ ਦੇ ਅਵਸਰਾਂ ਦਾ ਲਾਭ ਲੈ ਸਕਣ। ਇਸ ਤਰ੍ਹਾਂ ਦੀ ਸਿਖਲਾਈ ਤੇ ਵਿੱਦਿਆ ਸਰਪੰਚਾਂ ਤੇ ਹੋਰ ਪੰਚਾਇਤ ਮੈਂਬਰਾਂ ਵਾਸਤੇ ਵੀ ਜ਼ਰੂਰੀ ਹੈ ਤਾਂ ਜੋ ਉਹ ਕਿਸਾਨਾਂ ਤੇ ਪੇਂਡੂ ਭਾਈਚਾਰੇ ਦੇ ਭਰੋਸੇਯੋਗ ਅਗਵਾਈ ਕਰਨ ਵਾਲੇ ਅਤੇ ਸਲਾਹਕਾਰ ਬਣ ਸਕਣ। ਇਸ ਤਰ੍ਹਾਂ ਪਿੰਡ ਇਕ 'ਹੁਨਰ ਪ੍ਰਾਪਤ ਮਨੁੱਖੀ ਸਰੋਤ ਦਾ ਜ਼ਖੀਰਾ' ਤੇ 'ਹੁਨਰਮੰਦ ਪਿੰਡ' ਅਖਵਾਉਣ ਦਾ ਮਾਣ ਪ੍ਰਾਪਤ ਕਰ ਸਕੇਗਾ। ਪਿੰਡ ਦੇ ਸਿਖਲਾਈ ਪ੍ਰਾਪਤ ਹੁਨਰਮੰਦ ਕਾਮਿਆਂ ਵਲੋਂ ਤਿਆਰ ਕੀਤੀਆਂ ਗੁਣ-ਪ੍ਰਾਪਤ ਉਪਜਾਂ (ਖੇਤ ਤੋਂ ਖਪਤਕਾਰ ਤਕ), ਡੱਬਾਬੰਦ ਪਦਾਰਥ ਅਤੇ ਹੋਰ ਉੱਚ ਗੁਣੱਵਤਾ ਵਾਲੀਆਂ 'ਮਾਅਰਕੇ ਵਸਤਾਂ' ਦੇ ਦੇਸੀ ਅਤੇ ਵਿਦੇਸ਼ੀ ਮੰਡੀਆਂ ਵਿਚ ਪ੍ਰਵਾਨਤਾ ਵਧਣ ਅਤੇ ਉੱਚ ਮੁੱਲ ਤੇ ਵਿਕਰੀ ਨਾਲ ਪਿੰਡ ਦੀ ਖੇਤੀ ਆਧਾਰਤ ਆਰਥਿਕਤਾ ਲਗਾਤਾਰ ਵਾਧੇ ਵੱਲ ਕਾਇਮ ਰਖੀ ਜਾ ਸਕੇਗੀ।

ਪਿੰਡਾਂ ਵਿਚ ਬੜੀ ਵੱਡੀ ਮਾਤਰਾ ਵਿਚ ਕਈ ਤਰ੍ਹਾਂ ਦਾ ਜੈਵਿਕ ਰਹਿੰਦ-ਖੂੰਹਦ (ਫ਼ਸਲਾਂ ਦੇ ਬਚ-ਖੁਚ, ਘਰਾਂ ਵਿਚੋਂ ਨਿਕਲਿਆ ਕਚਰਾ, ਪਸ਼ੂਆਂ ਦਾ ਗੋਬਰ ਆਦਿ) ਪੈਦਾ ਹੁੰਦਾ ਹੈ। ਜਿਸ ਨੂੰ ਇਕੱਠਾ ਕਰਕੇ ਸੰਭਾਲ ਕਰਨਾ, ਖੇਤੀ ਉਤਪਾਦਨ ਵਧਾਉਣ ਵਾਸਤੇ ਵਰਤਣਾ ਅਤੇ ਪਿੰਡ ਵਿਚ ਵਾਤਾਵਰਨ ਦੂਸ਼ਤ ਹੋਣੋਂ ਰੋਕਣਾ ਪੰਚਾਇਤ ਪ੍ਰਣਾਲੀ ਦੀਆਂ ਕਾਰਜ ਨੀਤੀਆਂ ਦੇ ਅਟੁੱਟ ਹਿੱਸੇ ਹੋਣੇ ਚਾਹੀਦੇ ਹਨ।

ਪੰਜਾਬ ਵਿਚ ਹਰ ਸਾਲ ਲਗਭਗ 200 ਲੱਖ ਟਨ ਕਣਕ ਤੇ ਝੋਨੇ ਦਾ ਰਹਿੰਦ-ਖੂੰਹਦ ਖੇ

ਤਾਂ ਵਿਚ ਹੀ ਸਾੜਿਆ ਜਾਂਦਾ ਹੈ। ਕਿਸਾਨ ਭਾਈਚਾਰੇ ਨੂੰ ਉਤਸਾਹਤ ਕਰਕੇ ਇਸ ਵਾਤਾਵਰਨ ਦੂਸ਼ਿਤ ਕਰਨ ਵਾਲੀ ਕਾਰਵਾਈ 'ਤੇ ਰੋਕ ਲਗਾਉਣ ਵਿਚ ਪੰਚਾਇਤਾਂ ਦੀ ਅਗਵਾਈ ਦੀ ਸਹਾਇਤਾ ਦੀ ਬਹੁਤ ਮਹੱਤਤਾ ਹੈ। ਇਹ ਜੈਵਿਕ ਰਹਿੰਦ-ਖੂੰਹਦ ਤੋਂ ਰੂੜੀ ਅਤੇ ਬਾਇਓ ਗੈਸ ਬਣਾ ਕੇ ਪਿੰਡ ਦੀ ਖੇਤੀ ਦੀ ਖਾਦ ਤੇ ਊਰਜਾ ਦੀ ਲੋੜ ਕਾਫ਼ੀ ਹੱਦ ਤਕ ਪੂਰੀ ਕੀਤੀ ਜਾ ਸਕਦੀ ਹੈ। ਫ਼ਸਲਾਂ ਦੇ ਬਚ-ਖੁਚ ਤੇ ਹੋਰ ਜੈਵਿਕ ਰਹਿੰਦ-ਖੂੰਹਦ ਨੂੰ ਹਮੇਸ਼ਾ ਜ਼ਮੀਨ ਵਿਚ ਦਬਾਅ ਕੇ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ ਨਾਲ ਖੇਤੀ ਉਤਪਾਦਨ ਤੇ ਲਾਭ ਵਧਾਉਣ ਵਿਚ ਮਦਦ ਕਰਨਾ ਪੰਚਾਇਤਾਂ ਦਾ ਟੀਚਾ ਹੋਣਾ ਚਾਹੀਦਾ ਹੈ।

ਮੌਜੂਦਾ ਸਮੇਂ ਵਿਚ ਜਦ ਦੇਸ਼ ਨੂੰ 'ਡਿਜੀਟਲ ਇੰਡੀਆ' ਬਣਾਉਣ ਵਾਸਤੇ ਕੋਸ਼ਿਸ਼ਾਂ ਜ਼ੋਰ ਫੜ ਰਹੀਆਂ ਹਨ, ਪੰਚਾਇਤ ਪ੍ਰਣਾਲੀ ਤੇ ਖੇਤੀ ਵਿਕਾਸ ਦੇ ਅਦਾਰੇ ਨੂੰ ਵੀ ਚਾਹੀਦਾ ਹੈ ਕਿ ਪਿੰਡ ਦੇ ਪੜ੍ਹੇ ਲਿਖੇ ਯੁਵਕਾਂ, ਕਿਸਾਨਾਂ, ਪੰਚਾਇਤ ਮੈਂਬਰਾਂ ਅਤੇ ਹੋਰ ਪੇਂਡੂ ਭਾਈਚਾਰੇ ਨੂੰ ਕੰਪਿਊਟਰ ਤੇ ਇੰਟਰਨੈੱਟ ਬਾਰੇ ਸਿਖਲਾਈ ਤੇ ਹੋਰ ਸਹੂਲਤਾਂ ਪੈਦਾ ਕਰ ਕੇ ਪਿੰਡ ਦੇ ਮਨੁੱਖੀ ਸਰੋਤ ਨੂੰ ਸੂਚਨਾ ਤੇ ਸੰਚਾਰ ਤਕਨੀਕਾਂ ਦੇ ਚੱਲ ਰਹੇ ਯੁਗ ਵਿਚ ਲਾਭ ਲੈਣ ਯੋਗ ਬਣਾਉਣ। ਖੇਤੀ ਤੇ ਇਸ ਸੰਬੰਧਿਤ ਕਿੱਤਿਆਂ ਦੀ ਉਤਪਾਦਨ ਕੁਸ਼ਲਤਾ ਅਤੇ ਲਾਹੇਵੰਦ ਵਾਧੇ ਵੱਲ ਕਾਇਮ ਰੱਖਣ ਵਾਸਤੇ ਸੂਚਨਾ ਤਕਨਾਲੋਜੀ ਦੀ ਵਰਤੋਂ ਅਤੇ ਆਨ ਲਾਈਨ ਦੇ ਮਾਧਿਅਮ ਨਾਲ ਕਿਸਾਨ ਤੇ ਹੋਰ ਪੇਂਡੂ ਭਾਈਚਾਰਾ ਖੇਤੀ-ਖੋਜੀਆਂ, ਖੇਤੀ ਵਿਕਾਸ ਦੇ ਅਦਾਰਿਆਂ ਅਤੇ ਹੋਰ ਗਿਆਨ ਦੇ ਕੇਂਦਰਾਂ (ਜਿਵੇਂ ਕਿ ਕ੍ਰਿਸ਼ੀ ਵਿਗਿਆਨ ਕੇਂਦਰ) ਨਾਲ ਬੜੀ ਤੇਜ਼ੀ ਨਾਲ ਵਿਚਾਰ-ਵਟਾਂਦਰੇ ਕਰਕੇ ਆਉਂਦੀਆਂ ਸਮੱਸਿਆਵਾਂ ਦੇ ਹੱਲ ਕਰ ਸਕਣਗੇ। ਤੇਜ਼ੀ ਨਾਲ ਲੋੜੀਂਦੀਆਂ ਖੇਤੀ ਤੇ ਫ਼ਸਲ ਪ੍ਰਬੰਧ ਤਕਨੀਕਾਂ, ਅਚਨਚੇਤ ਆਫ਼ਤਾਂ, ਸਥਾਨਕ ਮੌਸਮ ਵਿਚ ਬਦਲਾਅ, ਇਨਪੁਟਸ ਦੀ ਉਪਲਬਧਤਾ, ਮੰਡੀ ਵਿਚ ਉਪਜਾਂ ਦੇ ਭਾਅ ਵਿਚ ਉਤਰਾਅ-ਚੜ੍ਹਾਅ ਆਦਿ ਬਾਰੇ ਸੂਚਨਾ ਮਿਲਣ ਨਾਲ ਲਾਹੇਵੰਦ ਵਾਧੇ ਵੱਲ ਰੱਖਣ ਵਿਚ ਮਦਦ ਮਿਲ ਸਕਦੀ ਹੈ।

ਹਰੇਕ ਪਿੰਡ ਵਿਚ ਪੰਚਾਇਤਾਂ ਨੂੰ ਸਥਾਨਕ ਖੇਤੀਬਾੜੀ ਵਿਕਾਸ ਅਦਾਰੇ ਦੇ ਸਹਿਯੋਗ ਨਾਲ ਅਤੇ ਪਿੰਡ ਦੇ ਪੜ੍ਹੇ-ਲਿਖੇ ਅਤੇ ਹੁਨਰ ਪ੍ਰਾਪਤ ਸਵੈ-ਇੱਛਕ ਯੁਵਕਾਂ, ਕਿਸਾਨਾਂ, ਪੰਚਾਇਤ ਮੈਂਬਰਾਂ ਆਦਿ ਦੀਆਂ ਸੇਵਾਵਾਂ ਲੈ ਕੇ ਇਕ 'ਖੇਤੀ ਸੂਚਨਾ ਤੇ ਗਿਆਨ ਕੇਂਦਰ' ਜਾਂ ਸੈੱਲ ਸਥਾਪਤ ਕਰਨਾ ਚਾਹੀਦਾ ਹੈ, ਜੋ ਖੇਤੀ ਤੇ ਇਸ ਨਾਲ ਸੰਬੰਧਿਤ ਕਿੱਤਿਆਂ ਬਾਰੇ ਲਾਗੂ ਕੀਤੀਆਂ ਗਈਆਂ ਕਾਰਜ ਨੀਤੀਆਂ ਤੇ ਹੋਰ ਪੇਂਡੂ ਵਿਕਾਸ ਕਾਰਜਾਂ ਦੀ ਨਿਗਰਾਨੀ ਕਰ ਸਕਣ ਅਤੇ ਕਿਸਾਨਾਂ ਤੇ ਪੇਂਡੂ ਭਾਈਚਾਰੇ ਦਾ ਖੇਤੀ ਵਿਕਾਸ ਅਦਾਰੇ ਨਾਲ ਤਾਲਮੇਲ ਰੱਖਣ ਵਿਚ ਮਦਦ ਕਰ ਸਕਣ। ਇਸ ਤੋਂ ਇਲਾਵਾ, ਕਿਸਾਨਾਂ ਨੂੰ ਤੇ ਖੇਤੀ ਸੰਬੰਧਿਤ ਕਿੱਤਿਆਂ ਨੂੰ ਲੋੜੀਂਦੀਆਂ ਸੇਵਾਵਾਂ (ਇਨਪੁਟਸ ਦੀ ਉਪਲਬਧਤਾ, ਮਾਲੀ ਮਦਦ ਦੇ ਅਦਾਰੇ, ਮਸ਼ੀਨਰੀ ਦੀ ਮੁਰੰਮਤ ਕਰਨ ਵਾਲੇ, ਹੁਨਰ ਆਧਾਰਤ ਸਿਖਲਾਈ ਦੇ ਕੇਂਦਰ ਆਦਿ) ਦੀ ਜਾਣਕਾਰੀ ਪਹੁੰਚਾਉਣ ਦਾ ਕੰਮ ਵੀ ਕਰ ਸਕਦੇ ਹਨ। ਇਸ ਤਰ੍ਹਾਂ ਇਹ ਸੈੱਲ ਖੇਤੀ ਤੇ ਇਸ ਸੰਬੰਧਿਤ ਕਿੱਤਿਆਂ ਦੀ ਉਤਪਾਦਨ ਕੁਸ਼ਲਤਾ ਤੇ ਲਾਹੇਵੰਦ ਵਾਧੇ ਵੱਲ ਕਾਇਮ ਰੱਖਣ ਵਿਚ ਸਿੱਧੇ ਅਤੇ ਅਸਿੱਧੇ ਤੌਰ ਤੇ ਯੋਗਦਾਨ ਪਾ ਸਕਦਾ ਹੈ।

ਹੁਣ ਸਮਾਂ ਹੈ ਕਿ ਨਵੀਂ ਭਵਿੱਖ-ਮੁਖੀ ਸੋਚ ਨਾਲ ਇਕ ਵਿਆਪਕ ਖੇਤੀ ਨੀਤੀ ਵਿਕਸਤ ਕੀਤੀ ਜਾਵੇ। ਜਿਸ ਤਹਿਤ ਖੇਤੀਬਾੜੀ ਖੇਤਰ ਦੇ ਵਿਕਾਸ ਦਾ ਅਦਾਰਾ ਅਤੇ ਪਿੰਡ ਦੇ ਸਥਾਨਕ ਵਿਕਾਸ ਕਰਵਾਉਣ ਵਾਲੀ ਪੰਚਾਇਤ ਪ੍ਰਣਾਲੀ ਆਪਸ ਵਿਚ ਸਹਿਯੋਗ ਕਰਕੇ ਖੇਤੀ ਅਤੇ ਇਸ ਸੰਬੰਧਿਤ ਕਿੱਤਿਆਂ ਦੀ ਉਤਪਾਦਨ ਕੁਸ਼ਲਤਾ, ਉਪਜਾਂ ਦੀ ਡੱਬਾਬੰਦੀ ਅਤੇ ਮੰਡੀਕਰਨ ਤੋਂ ਲਾਭ ਵਧਾਉਣ ਵਾਸਤੇ ਕਿਸਾਨਾਂ ਤੇ ਪੇਂਡੂ ਭਾਈਚਾਰੇ ਤਕ ਲੋੜੀਂਦੀਆਂ ਤਕਨੀਕਾਂ, ਸਾਧਨਾਂ ਤੇ ਸਹੂਲਤਾਂ ਦੀ ਪਹੁੰਚ ਕਰਨ ਵਾਲੀ ਸਮੁੱਚੀ ਪ੍ਰਣਾਲੀ ਦੀ ਸਮਰਥਾ ਵਧਾਉਣ ਦੇ ਉਪਰਾਲੇ ਕਰਨ। ਕਈ ਤਰ੍ਹਾਂ ਦੀਆਂ ਖੇਤੀ ਖੇਤਰ ਨੂੰ ਲੋੜੀਂਦੀਆਂ ਸਹੂਲਤਾਂ ਪੈਦਾ ਕਰ ਕੇ ਪੰਚਾਇਤ ਪ੍ਰਣਾਲੀ ਖੇਤੀ ਆਧਾਰਤ ਆਰਥਿਕਤਾ ਨੂੰ ਵਾਧੇ ਵੱਲ ਬਰਕਰਾਰ ਰੱਖਣ ਵਿਚ ਮਦਦ ਕਰ ਸਕਦੀ ਹੈ। ਪੰਚਾਇਤ ਪ੍ਰਣਾਲੀ ਦਾ ਇਹ ਸਹਿਯੋਗ ਖੇਤੀਬਾੜੀ ਦੇ ਖੇਤਰ ਨਾਲ ਮੁਕਾਬਲੇ ਵਿਚ ਨਹੀਂ ਸਮਝਣਾ ਚਾਹੀਦਾ ਸਗੋਂ ਇਹ ਖੇਤੀ ਖੇਤਰ ਦੇ ਉਪਰਾਲਿਆਂ ਨੂੰ ਸਹਾਇਤਾ ਦੇਣ ਵਾਲਾ ਕਦਮ ਹੋਣਾ ਚਾਹੀਦਾ ਹੈ।

*(ਲੇਖਕ ਸੇਵਾ-ਮੁਕਤ ਨਿਰਦੇਸ਼ਕ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਹੈ।)*

***ਸਫ਼ਾ 39 ਦੀ ਬਾਕੀ***

ਰਹਿ ਸਕਦਾ। ਮਿਲਟਰੀ ਸਟੋਰ ਦੇ ਨਿਰਯਾਤ ਲਈ ਐੱਨ ਓ ਸੀ ਜਾਰੀ ਕਰਨ ਲਈ ਇਕ ਮਾਨਕ ਸੰਚਾਲਨ ਪ੍ਰਕਿਰਿਆ ਨੂੰ ਅੰਤਿਮ ਰੂਪ ਦਿਤਾ ਗਿਆ ਹੈ ਅਤੇ ਇਸ ਨੂੰ ਵੀ ਜਨਤਕ ਡੋਮੇਨ ਵਿਚ ਪਾ ਦਿਤਾ ਗਿਆ ਹੈ। ਸਰਕਾਰੀ ਅਧਿਕਾਰੀਆਂ ਵਲੋਂ ਰੱਖਿਆ ਉਤਪਾਦਾਂ, ਵਿਸ਼ੇਸ਼ ਰੂਪ ਤੋਂ ਹਿੱਸੇ-ਪੁਰਜ਼ੇ, ਉਪ-ਪ੍ਰਣਾਲੀਆਂ ਅਤੇ ਉਪ-ਅਸੈਂਬਲੀਆਂ ਉੱਤੇ ਅੰਤਿਮ ਵਰਤੋਂਕਰਤਾ ਪ੍ਰਮਾਣ ਪੱਤਰ ਦੇ ਦਸਤਖ਼ਤ 'ਤੇ ਮੋਹਰ ਲਗਾਉਣ ਦੀ ਲੋੜ ਦੀ ਅੜਚਣ ਸਮਾਪਤ ਕਰ ਦਿਤੀ ਹੈ।

ਰੱਖਿਆ ਖੇਤਰ ਵਿਚ ਘਰੇਲੂ ਅਤੇ ਵਿਦੇਸ਼ੀ ਦੋਵਾਂ ਨਿਵੇਸ਼ਕਾਂ ਲਈ ਇਕ ਵੱਡਾ ਮੌਕਾ ਉਪਲਬਧ ਹੈ। ਸਾਡਾ ਦੇਸ਼ ਦੁਨੀਆਂ ਦਾ ਵੱਡਾ ਸੈਨਾ ਬਲ ਵਾਲਾ ਦੇਸ਼ ਹੈ। ਜਿਸ ਲਈ ਸਾਲਾਨਾ ਬਜਟ ਵਿਚ 38 ਬਿਲੀਅਨ ਅਮਰੀਕੀ ਡਾਲਰ ਦੀ ਵਿਵਸਥਾ ਹੈ। ਜਿਸ ਦਾ 40 ਪ੍ਰਤਿਸ਼ਤ ਪੂੰਜੀ ਪ੍ਰਾਪਤੀ ਲਈ ਇਸਤੇਮਾਲ ਕੀਤਾ ਜਾਂਦਾ ਹੈ। ਅਗਲੇ 7-8 ਸਾਲਾਂ ਵਿਚ ਅਸੀਂ *ਮੇਕ ਇਨ ਇੰਡੀਆ* ਦੀ ਮੌਜੂਦਾ ਨੀਤੀ ਹੇਠ ਆਪਣੇ ਸੈਨਿਕ ਬਲਾਂ ਦੇ ਆਧੁਨਿਕੀਕਰਨ ਲਈ 130 ਬਿਲੀਅਨ ਅਮਰੀਕੀ ਡਾਲਰ ਦਾ ਨਿਵੇਸ਼ ਕੀਤਾ ਜਾਵੇਗਾ। ਹੁਣ ਰਾਸ਼ਟਰ ਦੇ ਨਾਲ-ਨਾਲ ਵਪਾਰ ਦੇ ਲਾਭ ਦੋਵਾਂ ਲਈ ਇਸ ਮੌਕੇ ਦਾ ਸਹੀ ਇਸਤੇਮਾਲ ਕਰਨ ਦੀ ਜ਼ਿੰਮੇਵਾਰੀ ਸੱਨਅਤ ਉੱਤੇ ਹੈ। ਇਸ ਤੋਂ ਇਲਾਵਾ ਅਗਲੇ 7-8 ਸਾਲਾਂ ਵਿਚ 25,000 ਕਰੋੜ ਰੁਪਏ ਤੋਂ ਜ਼ਿਆਦਾ ਦਾ ਕਾਰੋਬਾਰ ਹੋਵੇਗਾ।

ਇਕ ਤਰਫ਼ ਜਿਥੇ ਸਰਕਾਰ ਬਰਾਮਦ, ਲਾਇਸੈਂਸ, ਐਫ ਡੀ ਆਈ ਸਮੇਤ ਨਿਵੇਸ਼ ਅਤੇ ਖਰੀਦ ਲਈ ਨੀਤੀ ਵਿਚ ਜ਼ਰੂਰੀ ਬਦਲਾਅ ਕਰ ਰਹੀ ਹੈ। ਉਥੇ ਸੱਨਅਤ ਨੂੰ ਵੀ ਲੋੜੀਂਦਾ ਨਿਵੇਸ਼ ਅਤੇ ਸੱਨਅਤੀ ਮਾਮਲੇ ਵਿਚ ਪ੍ਰਗਤੀ ਕਰਨ ਦੀ ਚੁਣੌਤੀ ਨੂੰ ਸਵੀਕਾਰ ਕਰਨ ਲਈ ਸਾਹਮਣੇ ਆਉਣਾ ਚਾਹੀਦਾ ਹੈ। ਸਰਕਾਰ ਘਰੇਲੂ ਸੱਨਅਤ ਸੰਬੰਧੀ ਇਕ ਅਜਿਹੀ ਅਨੁਭਵ ਪ੍ਰਣਾਲੀ ਵਿਕਸਤ ਕਰਨ ਲਈ ਵਚਨਬਧ ਹੈ, ਜਿਸ ਨਾਲ ਉਹ ਜਨਤਕ ਅਤੇ ਨਿੱਜੀ ਦੋਵਾਂ ਖੇਤਰਾਂ ਵਿਚ ਬਰਾਬਰ ਦੇ ਪੱਧਰ ਉਤੇ ਵਪਾਰਕ ਉੱਨਤੀ ਕਰ ਸਕੇ।

ਪੀ.ਆਈ.ਬੀ. ਜਲੰਧਰ

# ਗੁਰਦੇ ਦੀਆਂ ਪਥਰੀਆਂ

ਡਾ. ਮਨਜੀਤ ਸਿੰਘ ਬੱਲ

ਪਿਸ਼ਾਬ ਦੇ ਰਸਤੇ ਵਿਚ ਕਿਤੇ ਵੀ ਪਥਰੀਆਂ ਹੋ ਸਕਦੀਆਂ ਹਨ, ਪਰ ਜ਼ਿਆਦਾਤਰ ਇਹ ਗੁਰਦੇ ਵਿਚ ਹੀ ਬਣਦੀਆਂ ਹਨ। ਆਮ ਜਨ-ਸੰਖਿਆ ਵਿਚ 1 ਤੋਂ 6 ਪ੍ਰਤਿਸ਼ਤ ਲੋਕਾਂ ਵਿਚ ਪਿਸ਼ਾਬ-ਪ੍ਰਣਾਲੀ ਵਿਚ ਪਥਰੀਆਂ ਹੋ ਸਕਦੀਆਂ ਹਨ। ਇਹ ਰੋਗ ਇਸਤਰੀਆਂ ਦੇ ਮੁਕਾਬਲੇ ਮਰਦਾਂ ਵਿਚ ਵਧੇਰੇ ਹੁੰਦਾ ਹੈ। ਕਈ ਵਾਰ, ਇਹ ਪਰਿਵਾਰਾਂ ਵਿਚ ਚਲਦਾ ਹੈ ਜਿਵੇਂ – ਇਕ ਬੰਦੇ ਨੂੰ ਪਥਰੀ ਹੈ ਤਾਂ ਉਸ ਦੇ ਪਿਓ ਨੂੰ ਵੀ ਇਹ ਰੋਗ ਸੀ, ਭਰਾਵਾਂ ਨੂੰ ਵੀ ਅਤੇ ਅੱਗੋਂ ਧੀਆਂ-ਪੁੱਤਾਂ ਨੂੰ ਵੀ ਹੋ ਸਕਦਾ ਹੈ।

ਗੁਰਦੇ ਦੀ ਪਥਰੀ ਹੋਵੇ ਤਾਂ ਆਮ ਕਰਕੇ ਲੱਕ ਵਿਚ, ਇਕ ਪਾਸੇ ਹੇਠਾਂ ਨੂੰ ਬੜੀ ਜ਼ਬਰਦਸਤ ਪੀੜ ਨਿਕਲਦੀ ਹੈ ਜੋ ਨੇਂਘ ਤੋਂ ਹੁੰਦੀ ਹੋਈ ਅੱਗੇ ਨੂੰ ਲਿੰਗ ਵੱਲ ਜਾਂਦੀ ਹੈ। ਪਿਸ਼ਾਬ ਘੱਟ ਆਉਂਦਾ ਹੈ, ਗੂੜ੍ਹੇ ਰੰਗ ਦਾ ਹੁੰਦਾ ਹੈ ਅਤੇ ਕਈ ਵਾਰ ਲਾਲ ਵੀ ਹੋ ਸਕਦਾ ਹੈ। ਕਈਆਂ ਮਰੀਜ਼ਾਂ ਨੂੰ, ਥੋੜ੍ਹਾ-ਥੋੜ੍ਹਾ ਕਰਕੇ ਘੜੀ-ਮੁੜੀ ਪਿਸ਼ਾਬ ਆਉਂਦਾ ਹੈ। ਪੇਟ ਜਾਂ ਲੱਕ ਵਿਚ ਹੋਣ ਵਾਲੀ ਦਰਦ, ਦਬਾਉਣ ਨਾਲ ਵਧਦੀ ਜਾਂ ਘਟਦੀ ਨਹੀਂ। ਪੀੜ ਦੀ ਜਗ੍ਹਾ ਅਤੇ ਦਰਜਾ ਨੋਟ ਕਰਕੇ, ਮੁਆਇਨਾ ਕਰਨ ਤੋਂ ਪਿੱਛੋਂ, ਪਥਰੀ ਦੇ ਹੋਣ ਜਾਂ ਨਾ ਹੋਣ ਬਾਰੇ ਤਾਂ ਡਾਕਟਰ ਤੁਹਾਨੂੰ ਦੱਸ ਹੀ ਦੇਵੇਗਾ, ਫਿਰ ਵੀ ਐਕਸ-ਰੇ, ਅਲਟਰਾ ਸਾਊਂਡ ਅਤੇ ਪਿਸ਼ਾਬ ਦੇ ਟੈਸਟ ਦੀ ਰਿਪੋਰਟ ਤੋਂ ਹੀ ਪੱਕੀ ਜਾਣਕਾਰੀ ਮਿਲਦੀ ਹੈ।

ਪਿਸ਼ਾਬ ਦੀ ਖ਼ੁਰਦਬੀਨੀ ਜਾਂਚ ਜ਼ਰੀਏ, ਜੇ ਇਸ ਵਿਚ ਖ਼ੂਨ ਦੇ ਲਾਲ ਸੈੱਲ ਹੋਣ ਤਾਂ ਉਪਰੋਕਤ ਲੱਛਣਾਂ ਵਾਲੇ ਮਰੀਜ਼ ਨੂੰ ਪੱਕਾ, ਪਥਰੀ ਦਾ ਰੋਗ ਹੈ। ਅਲਟਰਾ ਸਾਊਂਡ ਟੈਸਟ ਨਾਲ, ਪਥਰੀ ਦਾ ਆਕਾਰ ਅਤੇ ਅਸਲ ਸਥਾਨ (ਕਿੱਥੇ ਅਟਕੀ ਹੋਈ ਹੈ), ਦਾ ਪਤਾ ਲਗਦਾ ਹੈ। ਅਲਟਰਾ ਸਾਊਂਡ ਕਰਵਾਉਣ ਲਈ ਪਿਸ਼ਾਬ ਨੂੰ ਕਾਫੀ ਦੇਰ ਰੋਕ ਕੇ ਰੱਖਣਾ ਪੈਂਦਾ ਹੈ ਕਿਉਂਕਿ ਟੈੱਸਟ ਵੇਲੇ, ਮਸਾਨਾ ਭਰਿਆ ਹੋਇਆ ਹੋਣਾ ਚਾਹੀਦਾ ਹੈ।

ਐਕਸ-ਰੇ ਕਰਵਾਉਣ ਵਾਸਤੇ ਪੇਟ ਦੀ ਚੰਗੀ ਤਰ੍ਹਾਂ ਸਫ਼ਾਈ (ਰਾਤ ਨੂੰ ਜੁਲਾਬ ਲੈ ਕੇ) ਹੋਈ ਹੋਣੀ ਚਾਹੀਦੀ ਹੈ। ਐਕਸ-ਰੇ ਦਾ ਇਕ ਟੈਸਟ ਹੁੰਦਾ ਹੈ ਇੰਟਰਾ ਵੀਨਸ ਪਾਇਲੋਗ੍ਰਾਫੀ। ਇਸ ਟੈਸਟ ਵਾਸਤੇ, ਖ਼ੂਨ ਦੀ ਨਾੜੀ ਵਿਚ ਟੀਕਾ ਲਗਾ ਕੇ, ਕੁਝ ਮਿੰਟਾਂ ਬਾਅਦ ਐਕਸ-ਰੇ ਲਏ ਜਾਂਦੇ ਹਨ। ਇਸ ਟੈਸਟ ਨਾਲ, ਗੁਰਦਿਆਂ ਦੇ ਕੰਮ ਕਰਨ ਦੀ ਸਮਰੱਥਾ ਅਤੇ ਪਥਰੀ ਕਾਰਨ ਹੋਈ ਰੁਕਾਵਟ ਦਾ ਪਤਾ ਲਗਾਇਆ ਜਾਂਦਾ ਹੈ। ਵੱਡੇ ਦੇ ਮੁਕਾਬਲੇ ਛੋਟੇ ਆਕਾਰ ਦੀ ਪਥਰੀ ਜ਼ਿਆਦਾ ਤਕਲੀਫ ਦਿੰਦੀ ਹੈ ਕਿਉਂਕਿ ਵੱਡੀ, ਆਮ ਕਰਕੇ ਇਕ ਹੀ ਜਗ੍ਹਾ 'ਤੇ ਫਸੀ ਰਹਿੰਦੀ ਹੈ ਜਦ ਕਿ ਛੋਟੀ ਪਥਰੀ, ਪਿਸ਼ਾਬ ਦੇ ਵਹਾ ਨਾਲ ਹੇਠਾਂ ਨੂੰ ਆਉਂਦੀ ਹੋਈ, ਰਸਤੇ ਵਿਚ ਪਿਸ਼ਾਬ-ਨਾਲੀਆਂ ਦੇ ਅੰਦਰ ਜ਼ਖ਼ਮ ਕਰ ਦਿੰਦੀ ਹੈ ਅਤੇ ਦਰਦ ਦਾ ਕਾਰਨ ਬਣਦੀ ਹੈ। ਇਨ੍ਹਾਂ ਜ਼ਖ਼ਮਾਂ ਕਰਕੇ ਹੀ ਪਿਸ਼ਾਬ ਵਿਚ ਖ਼ੂਨ ਦੇ ਸੈੱਲ ਆਉਂਦੇ ਹਨ। ਵੱਡੀਆਂ ਪਥਰੀਆਂ ਜ਼ਿਆਦਾ ਦੇਰ ਫਸੀਆਂ ਰਹਿਣ ਤਾਂ ਇਹ ਗੁਰਦਿਆਂ ਨੂੰ ਖ਼ਰਾਬ ਕਰ ਦਿੰਦੀਆਂ ਹਨ ਅਤੇ ਇਲਾਜ ਨਾ ਕਰਵਾਇਆ ਜਾਵੇ ਤਾਂ ਗੁਰਦਾ ਖਰਾਬ ਹੋ ਜਾਣ 'ਤੇ, ਇਸ ਨੂੰ ਕਢਵਾਉਣਾ ਪੈਂਦਾ ਹੈ।

ਪਥਰੀ ਦੀ ਅਚਾਨਕ ਦਰਦ ਲਈ ਨਾਲੀਆਂ ਨੂੰ ਖੋਲ੍ਹਣ ਵਾਸਤੇ ਦਵਾਈਆਂ, ਟੀਕੇ ਜਾਂ ਗੋਲੀ/ਕੈਪਸੂਲ ਦੇ ਰੂਪ ਵਿਚ ਦਿਤੀਆਂ ਜਾਂਦੀਆਂ ਹਨ। ਨਾਲ ਹੀ ਪਾਣੀ ਅਤੇ ਪੀਣ ਵਾਲੇ ਹੋਰ ਪਦਾਰਥ ਵਧੇਰੇ ਮਾਤਰਾ ਵਿਚ ਲੈਣ ਦੀ ਸਲਾਹ ਦਿਤੀ ਜਾਂਦੀ ਹੈ ਤਾਂ ਕਿ ਜੇ ਪਥਰੀ ਛੋਟੀ ਹੋਵੇ ਤਾਂ ਇਹ ਖ਼ੁਦ ਹੀ ਰੁੜ੍ਹ ਕੇ ਬਾਹਰ ਨਿਕਲ ਆਵੇ। ਵੱਡੇ ਆਕਾਰ ਦੀਆਂ ਪਥਰੀਆਂ ਨੂੰ ਲਿਥੋਟ੍ਰਿਪਸੀ ਜਾਂ/ਅਤੇ ਓਪਰੇਸ਼ਨ ਨਾਲ ਕੱਢਣਾ ਪੈਂਦਾ ਹੈ। ਲਿਥੋਟ੍ਰਿਪਸੀ ਵਿਚ ਵੱਡੀਆਂ ਪਥਰੀਆਂ ਨੂੰ ਕਿਰਨਾਂ ਦੁਆਰਾ ਤੋੜ ਕੇ, ਛੋਟੇ-ਛੋਟੇ ਟੁਕੜੇ ਕਰ ਲਏ ਜਾਂਦੇ ਹਨ ਜੋ ਫਲਸ਼ਿੰਗ ਕਰਕੇ ਬਾਹਰ ਕੱਢ ਦਿਤੇ ਜਾਂਦੇ ਹਨ, ਓਪਰੇਸ਼ਨ ਕਰਨ ਦੀ ਜ਼ਰੂਰਤ ਨਹੀਂ ਪੈਂਦੀ। ਪਰ ਗਰੀਬਾਂ ਤੇ ਮੱਧ ਵਰਗ ਦੇ ਲੋਕਾਂ ਦੇ ਹਿਸਾਬ ਨਾਲ ਇਹ ਮਹਿੰਗਾ ਤਰੀਕਾ ਹੈ।

ਕਈ ਵਾਰ ਗੁਰਦੇ ਵਿਚ ਅਤੇ ਇਸ ਦੇ ਨੇੜੇ ਵਾਲੀਆਂ ਪਿਸ਼ਾਬ ਨਾਲੀਆਂ ਵਿਚ ਕਈ-ਕਈ ਪਥਰੀਆਂ ਹੁੰਦੀਆਂ ਹਨ, ਇਨ੍ਹਾਂ ਨੂੰ ਕੱਢਣ ਦਾ ਪੱਕਾ ਤਰੀਕਾ ਤਾਂ ਓਪਰੇਸ਼ਨ ਹੀ ਹੁੰਦਾ ਹੈ। ਪਥਰੀ ਨੂੰ (ਲਿਥੋਟ੍ਰਿਪਸੀ ਜਾਂ ਓਪਰੇਸ਼ਨ ਨਾਲ) ਕਢਵਾ ਕੇ ਇਸ ਦੀ ਰਸਾਇਣਕ ਜਾਂਚ ਜ਼ਰੂਰ ਕਰਵਾ ਲੈਣੀ ਚਾਹੀਦੀ ਹੈ। ਇਸ ਜਾਂਚ ਨਾਲ ਇਸ ਦੇ ਬਣਨ ਦੇ ਕਾਰਨਾਂ ਦਾ ਪਤਾ ਲਗਦਾ ਹੈ ਅਤੇ ਅੱਗੋਂ ਭੋਜਨ ਵਿਚ ਜਾਂ ਕੋਈ ਹੋਰ ਪ੍ਰਹੇਜ਼ ਕੀਤੇ ਜਾ ਸਕਦੇ ਹਨ।

ਪਥਰੀ ਦੇ ਰੋਗੀਆਂ ਨੂੰ ਕਾਫੀ ਜ਼ਿਆਦਾ ਮਾਤਰਾ ਵਿਚ ਪਾਣੀ ਪੀਣਾ ਚਾਹੀਦਾ ਹੈ ਖ਼ਾਸ ਕਰਕੇ ਗਰਮੀਆਂ ਵਿਚ, ਤਾਂ ਕਿ ਪੂਰੇ ਸਿਸਟਮ ਦੀ ਫਲੱਸ਼ਿੰਗ ਹੁੰਦੀ ਰਹੇ। ਟਮਾਟਰ, ਰਾਜ-ਮਾਂਹ, ਮਾਂਹ, ਹੋਰ ਛਿਲਕੇ ਵਾਲੀਆਂ ਦਾਲਾਂ, ਕੈਲਸ਼ੀਅਮ ਅਤੇ ਮੇਥੀ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ। ਸਿਸਟੋਨ ਵਰਗੀਆਂ ਦਵਾਈਆਂ, ਪਥਰੀ ਨੂੰ ਦੁਬਾਰਾ ਬਣਨ ਤੋਂ ਰੋਕਦੀਆਂ ਹਨ।

75 ਪ੍ਰਤਿਸ਼ਤ ਤੋਂ 85 ਪ੍ਰਤਿਸ਼ਤ ਪਥਰੀਆਂ ਕੈਲਸ਼ੀਅਮ ਨਾਲ ਬਣਦੀਆਂ ਹਨ, ਇਨ੍ਹਾਂ ਵਿਚ ਕੈਲਸ਼ੀਅਮ ਆਗਜ਼ਾਲੇਟ ਅਤੇ ਕੈਲਸ਼ੀਅਮ ਫਾਸਫੇਟ ਹੁੰਦਾ ਹੈ। 15 ਪ੍ਰਤਿਸ਼ਤ ਨੂੰ ਟ੍ਰਿਪਲ ਸਟੋਨ ਪਥਰੀਆਂ ਕਹਿੰਦੇ ਹਨ ਜੋ ਮੈਗਨੀਸ਼ੀਅਮ, ਅਮੋਨੀਅਮ ਅਤੇ ਫਾਸਫੇਟ ਨਾਲ ਬਣਦੀਆਂ ਹਨ। ਤਕਰੀਬਨ 6 ਪ੍ਰਤਿਸ਼ਤ ਯੂਰਿਕ ਏਸਿਡ ਅਤੇ ਇਕ ਤੋਂ ਦੋ ਪ੍ਰਤਿਸ਼ਤ ਸਿਸਟੀਨ ਨਾਲ ਪਥਰੀਆਂ ਬਣਦੀਆਂ ਹਨ। ਕੈਲਸ਼ੀਅਮ ਦੀਆਂ ਪਥਰੀਆਂ ਦੇ ਰੋਗੀਆਂ ਦੇ ਖ਼ੂਨ ਵਿਚ ਕੈਲਸ਼ੀਅਮ ਦੀ ਮਾਤਰਾ ਸਾਧਾਰਨ (9 ਤੋਂ 11 ਮਿਲੀਗ੍ਰਾਮ ਪ੍ਰਤਿਸ਼ਤ) ਨਾਲੋਂ ਵੱਧ ਹੁੰਦੀ ਹੈ। ਇਹ ਵੱਧ ਕੈਲਸ਼ੀਅਮ ਖ਼ੂਨ ਤੋਂ ਪਿਸ਼ਾਬ ਨਾਲੀਆਂ ਵਿਚ ਆ ਕੇ ਪਥਰੀ ਬਣਾਉਂਦਾ ਹੈ।

*(ਲੇਖਕ ਪ੍ਰੋਫੈਸਰ ਤੇ ਮੁਖੀ ਪੈਥਾਲੋਜੀ ਵਿਭਾਗ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਹੈ।)*

**ਪੁਸਤਕ :ਜੀਵਨੀ ਸ਼ਹੀਦ ਚੰਦਰ ਸ਼ੇਖਰ ਆਜ਼ਾਦ**
**ਲੇਖਕ : ਮਲਵਿੰਦਰ ਜੀਤ ਸਿੰਘ ਵੜੈਚ**
**ਪ੍ਰਕਾਸ਼ਕ : ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ**
**ਪੰਨੇ : 96, ਮੁੱਲ : 80 ਰੁਪਏ**

ਕ੍ਰਾਂਤੀਕਾਰੀਆਂ ਬਾਰੇ ਲਗਭਗ 40 ਕਿਤਾਬਾਂ ਦੇ ਲੇਖਕ ਤੇ ਖੋਜੀ ਪ੍ਰੋ. ਮਲਵਿੰਦਰ ਜੀਤ ਸਿੰਘ ਵੜੈਚ ਦੁਆਰਾ ਲਿਖਤ ਹਥਲੀ ਪੁਸਤਕ 'ਜੀਵਨੀ ਸ਼ਹੀਦ ਚੰਦਰ ਸ਼ੇਖਰ ਆਜ਼ਾਦ' ਆਜ਼ਾਦ ਦੇ ਵਿਅਕਤੀਤਵ, ਵਿਚਾਰਧਾਰਕ ਵਿਕਾਸ, ਕੁਰਬਾਨੀਆਂ ਦੇ ਵਿਭਿੰਨ ਪਾਸਾਰਾਂ ਨੂੰ ਆਪਣੇ ਕਲਾਵੇ ਵਿਚ ਲੈਂਦੀ ਹੈ। ਪੁਸਤਕ ਆਜ਼ਾਦ ਦੀ ਲੋਕਪੱਖੀ ਸ਼ਖ਼ਸੀਅਤ ਦਾ ਇਕ ਸੰਪੂਰਨ ਬਿੰਬ ਸਿਰਜਦੀ ਹੈ। ਸਨਾਤਨੀ ਸੋਚ ਵਾਲੇ ਪਰਿਵਾਰ, ਰਿਆਸਤ ਅਲੀਰਾਜਪੁਰ ਦੇ ਇਕ ਪਿੰਡ ਭਾਵਰਾ, ਵਿਚ ਪੈਦਾ ਹੋਇਆ ਇਹ ਬੱਚਾ ਬ੍ਰਤਾਨਵੀ ਹਕੂਮਤ ਖ਼ਿਲਾਫ਼ ਜਥੇਬੰਦ ਹਥਿਆਰਬੰਦ ਸੰਗਠਨ 'ਹਿੰਦੁਸਤਾਨ ਸੋਸ਼ਲਿਸਟ ਪਰਜਾਤੰਤਰਿਕ ਸੰਘ' ਦਾ ਮੁੱਖ ਸੈਨਾਪਤੀ ਬਣਦਾ ਹੈ, ਇਸ ਵਿਚਾਰਧਾਰਕ, ਸੰਗਠਨਾਤਮਕ ਵਿਕਾਸ ਨੂੰ ਪੁਸਤਕ ਦੇ ਲੇਖਕ ਨੇ ਬੜੇ ਹੀ ਤਰਕਸੰਗਤ ਢੰਗ ਨਾਲ ਦਿਲਚਸਪ ਸ਼ੈਲੀ ਵਿਚ ਪਾਠਕਾਂ ਸਾਹਮਣੇ ਪੇਸ਼ ਕੀਤਾ ਹੈ।

10 ਸਿਰਲੇਖਾਂ ਹੇਠ ਵਿਚਾਰਾਧੀਨ ਪੁਸਤਕ ਪਿਛੋਕੜ, ਸਾਥੀਆਂ ਦੇ ਅਨੁਭਵ ਵਿਚ ਆਜ਼ਾਦ ਦੇ ਜੀਵਨ, ਐਕਸ਼ਨਾਂ ਨਾਲ ਸੰਬੰਧਿਤ ਤਿੱਥਾਂ ਦਾ ਘਟਨਾਵਾਂ ਦੇ ਨਾਮਕਰਨ ਸਮੇਤ ਦਿਤਾ ਵੇਰਵਾ ਜਿਥੇ ਆਪਣੇ ਆਪ ਵਿਚ ਉੱਚ ਪੱਧਰੀ ਖੋਜ ਦਾ ਇਕ ਨਮੂਨਾ ਹੈ ਉਥੇ ਪਾਠਕਾਂ ਲਈ ਬਹੁਤ ਗਿਆਨ-ਵਰਧਕ ਅਤੇ ਸਾਂਭਣ ਯੋਗ ਦਸਤਾਵੇਜ਼ ਹੈ।

ਬਨਾਰਸ ਦੀ ਸੰਸਕ੍ਰਿਤ ਪਾਠਸ਼ਾਲਾ ਵਿਚ ਪੜ੍ਹਦਿਆਂ ਪ੍ਰਾਚੀਨ ਸ਼ਾਸਤਰਾਂ ਦੇ ਅਧਿਐਨ ਲਈ ਵਿਆਕਰਨ ਨੂੰ ਘੋਟੇ ਲਾਉਣਾ ਆਜ਼ਾਦ ਦੀ ਪ੍ਰਵਿਰਤੀ ਦੇ ਵੱਸ ਦਾ ਰੋਗ ਨਹੀਂ ਸੀ। ਉਹ ਛੇਤੀ ਹੀ ਉਕਤਾ ਗਏ। 1921 ਵਿਚ ਗਾਂਧੀ ਜੀ ਦੇ 'ਨਾ-ਮਿਲਵਰਤਨ ਅੰਦੋਲਨ' ਵਿਚ ਕੁੱਦਿਆ ਇਹ ਬਾਲਕ, ਰਾਜਨੀਤਕ ਸੋਚ ਦੇ ਵਿਕਾਸ ਰਾਹੀਂ ਉਸ ਇਨਕਲਾਬੀ ਸੈਨਾ 'ਐਚ ਐੱਸ ਆਰ ਏ' ਦਾ ਮੁੱਖ ਸੈਨਾਪਤੀ ਬਣਦਾ ਹੈ ਅਤੇ ਉਸ ਦੇ ਦਸਤਾਵੇਜ਼ਾਂ 'ਤੇ 'ਬਲਰਾਜ' ਗੁਪਤ ਨਾਮ ਹੇਠ ਦਸਤਖ਼ਤ ਕਰਦਾ ਹੈ, ਜੋ ਗਾਂਧੀ ਜੀ ਦੀ ਵਿਚਾਰਧਾਰਾ ਦਾ 'ਬੰਬ ਦਾ ਫ਼ਲਸਫ਼ਾ' ਦਸਤਾਵੇਜ਼ ਰਾਹੀਂ ਦਲੀਲ ਪੂਰਨ ਜਵਾਬ ਦਿੰਦੀ ਹੈ। ਨਾ-ਮਿਲਵਰਤਨ ਅੰਦੋਲਨ ਜਦੋਂ 'ਚੌਰੀ-ਚੌਰਾ' ਦੀ ਘਟਨਾ ਬਾਅਦ ਮੁਲਤਵੀ ਕਰ ਦਿਤਾ ਗਿਆ ਤਾਂ ਬੰਗਾਲ ਦੀ ਪੁਰਾਣੀ ਇਨਕਲਾਬੀ ਪਾਰਟੀ 'ਅਨੁਸ਼ੀਲਨ ਸਮਿਤੀ' ਦੇ ਆਗੂ ਜੋਗੇਸ਼ ਚੈਟਰਜੀ ਦੀ ਪਾਰਟੀ ਨੇ ਡਿਊਟੀ ਲਾਈ ਕਿ ਉਹ ਬਨਾਰਸ ਨੂੰ ਅੱਡਾ ਬਣਾ ਕੇ ਯੂ.ਪੀ. ਦੇ ਇਨਕਲਾਬੀਆਂ ਨਾਲ ਤਾਲਮੇਲ ਕਰਕੇ ਇਕ ਵਿਸ਼ਾਲ ਇਨਕਲਾਬੀ ਦਲ ਕਾਇਮ ਕਰਨ। ਉਨ੍ਹਾਂ ਨੇ ਸਚਿੰਦਰ ਬਖ਼ਸ਼ੀ ਦੇ ਸਹਿਯੋਗ ਨਾਲ, ਬਨਾਰਸ ਸਾਜਿਸ਼ ਕੇਸ 'ਚ ਉਮਰ ਕੈਦ ਦੀ ਸਜ਼ਾ ਕੱਟ ਕੇ ਪਰਤੇ ਗ਼ਦਰੀ ਸਚਿੰਦਰ ਨਾਥ ਸਾਨਿਆਲ ਨੂੰ ਨਾਲ ਲੈ ਕੇ 1922-23 ਦੌਰਾਨ 'ਹਿੰਦੁਸਤਾਨ ਰਿਪਬਲਿਕਨ ਐਸੋਸੀਏਸ਼ਨ' ਨਾਂ ਦਾ ਇਨਕਲਾਬੀ ਦਲ ਗਠਿਤ ਕੀਤਾ ਅਤੇ ਆਪਣੀ ਵਿਚਾਰਧਾਰਾ ਬਾਰੇ ਲਿਖਤੀ ਰੂਪ ਵਿਚ ਇਕ ਪੱਤਰ 'ਦਿ ਰੈਵੋਲਿਊਸ਼ਨਰੀ' ਜਾਰੀ ਕੀਤਾ। ਆਜ਼ਾਦ ਦਾ ਸਮਕਾਲੀ ਵਿਦਿਆਰਥੀ ਪਰਨਵੇਸ਼ ਚੈਟਰਜੀ ਇਸ ਦਲ ਵਿਚ ਸ਼ਾਮਿਲ ਹੋ ਚੁੱਕਾ ਸੀ। ਆਜ਼ਾਦ ਵੀ ਉਸ ਰਾਹੀਂ ਇਸ ਦਲ ਦੇ ਮੈਂਬਰ ਬਣ ਗਏ।

ਕਾਕੋਰੀ ਦੀ ਘਟਨਾ ਤੋਂ ਬਾਅਦ ਗੁਪਤਵਾਸ ਸਮੇਂ ਆਜ਼ਾਦ 'ਹਰੀਸ਼ੰਕਰ ਬ੍ਰਹਮਚਾਰੀ' ਦੇ ਨਾਂ ਹੇਠ ਆਪਣੀ ਪਛਾਣ ਬਣਾ ਕੇ, ਸਾਧੂਆਂ ਵਾਲਾ ਬਾਣਾ ਪਹਿਨ ਕੇ ਸੱਟਰ ਨਦੀ ਕੰਢੇ ਢੀਮਰਪੁਰੇ ਨੇੜੇ ਇਕ ਮੰਦਿਰ ਵਿਚ 'ਬਿਰਾਜਮਾਨ' ਹੋ ਗਏ ਅਤੇ ਇਥੋਂ ਗੁਪਤ ਰੂਪ ਵਿਚ ਇਨਕਲਾਬੀ ਸਰਗਰਮੀਆਂ ਚਲਾਉਂਦੇ ਰਹੇ। ਗ਼ਦਰੀ ਬਾਬਾ ਪ੍ਰਿਥਵੀ ਸਿੰਘ ਆਜ਼ਾਦ ਨਾਲ ਮੁਲਾਕਾਤ ਤੋਂ ਬਾਅਦ, ਆਜ਼ਾਦ ਨੂੰ ਰੂਸ ਭਜਵਾਉਣ ਦੀਆਂ ਕਈ ਪੇਸ਼ਕਸ਼ਾਂ ਆਈਆਂ, ਪਰ ਉਨ੍ਹਾਂ ਦਾ ਹਮੇਸ਼ਾ ਤੱਟ-ਫੱਟ ਜਵਾਬ ਹੁੰਦਾ ਸੀ, "ਆਜ਼ਾਦੀ ਦੀ ਲੜਾਈ ਦੇ ਚਲਦਿਆਂ, ਉਹ ਦੇਸ਼ ਛੱਡ ਕੇ ਜਾਣ ਬਾਰੇ ਸੁਫ਼ਨੇ ਵਿਚ ਵੀ ਨਹੀਂ ਸੋਚ ਸਕਦਾ।"

ਦਲ ਦੇ ਬਹੁਤੇ ਸਾਥੀ ਫੜੇ ਜਾ ਚੁੱਕੇ ਸਨ। ਆਜ਼ਾਦ ਦੇ ਇਕੋ-ਇਕ ਬਚੇ ਹੋਏ ਨੇੜਲੇ ਸਾਥੀ ਵੈਸ਼ਮਪਾਇਨ ਦੀ 12 ਫ਼ਰਵਰੀ 1931 ਨੂੰ ਹੋਈ ਗ੍ਰਿਫ਼ਤਾਰੀ ਆਜ਼ਾਦ ਲਈ ਬਹੁਤ ਵੱਡੀ ਸੱਟ ਸੀ। ਉਨ੍ਹਾਂ ਦਿਨਾਂ ਵਿਚ ਆਜ਼ਾਦ ਬਹੁਤ ਫ਼ਿਕਰਮੰਦ ਸੀ। ਉਸ ਨੂੰ ਸਮਝ ਨਹੀਂ ਸੀ ਪੈ ਰਿਹਾ ਕਿ 'ਵੀਰਭੱਦਰ ਅਤੇ ਯਸ਼ਪਾਲ ਕੀ ਖੇਡ ਖੇਡ ਰਹੇ ਹਨ।' ਜਿਨ੍ਹਾਂ ਸਾਥੀਆਂ 'ਤੇ ਉਸ ਨੂੰ ਭਰੋਸਾ ਸੀ, ਉਹ ਇਕ-ਇਕ ਕਰਕੇ ਫੜੇ ਜਾ ਰਹੇ ਸਨ। 27 ਫ਼ਰਵਰੀ ਨੂੰ ਉਹ ਅਲਾਹਾਬਾਦ ਵਿਖੇ ਅਲਫਰਡ ਪਾਰਕ ਵਿਚ ਸਵੇਰੇ 10 ਕੁ ਵਜੇ ਆਪਣੇ ਨੇੜਲੇ ਸਾਥੀ ਸੁਖਦੇਵ ਰਾਜ (ਵਾਸੀ ਦੀਨਾਨਗਰ-ਗੁਰਦਾਸਪੁਰ) ਨੂੰ ਮਿਲਿਆ। ਜਦ ਉਹ ਗੱਲਬਾਤ ਕਰ ਰਹੇ ਸੀ ਤਾਂ ਸੜਕ ਤੋਂ ਲੰਘਦੇ ਇਕ ਵਿਅਕਤੀ ਨੂੰ ਵੇਖ ਕੇ ਆਜ਼ਾਦ ਨੇ ਕਿਹਾ, "ਇਹ ਵੀਰਭੱਦਰ ਲਗਦਾ ਹੈ", ਉਹ ਉੱਠ ਖੜ੍ਹੇ। ਇੰਨੇ ਵਿਚ ਸੜਕ 'ਤੇ ਇਕ ਕਾਰ ਬਿਲਕੁਲ ਉਨ੍ਹਾਂ ਦੇ ਸਾਹਮਣੇ ਆ ਕੇ ਖੜ੍ਹ ਗਈ। ਇਕ ਅੰਗਰੇਜ਼ ਪੁਲਿਸ ਅਫ਼ਸਰ ਅਤੇ ਦੋ ਚਿੱਟ ਕੱਪੜੀਏ ਸਿਪਾਹੀ ਕਾਰ ਵਿਚੋਂ ਉੱਤਰੇ। ਦੁਪਾਸੀ ਚੱਲੀਆਂ ਗੋਲੀਆਂ ਵਿਚ ਜ਼ਖ਼ਮੀ ਹੋਣ ਤੋਂ ਬਾਅਦ ਆਜ਼ਾਦ ਨੇ ਸੁਖਦੇਵ ਰਾਜ ਨੂੰ ਇਹ ਕਹਿ ਕੇ ਉਥੋਂ ਭਜਾ ਦਿਤਾ ਕਿ "ਮੈਂ ਤਾਂ ਜ਼ਖ਼ਮੀ ਹੋ ਹੀ ਚੁੱਕਾ ਹਾਂ, ਤੂੰ ਨਿਕਲ ਜਾ।" ਵੱਡੀ ਗਿਣਤੀ ਵਿਚ ਪੁਲਿਸ ਲੈ ਕੇ ਆਏ ਇਕ ਹੋਰ ਅਫ਼ਸਰ ਨੇ ਆਜ਼ਾਦ 'ਤੇ ਪਿਛਲੇ ਪਾਸਿਉਂ ਫਾਇਰਿੰਗ ਸ਼ੁਰੂ ਕਰਵਾ ਦਿਤੀ। ਕੁੱਝ ਸਮਾਂ ਮੁਕਾਬਲਾ ਕਰਨ ਬਾਅਦ ਆਜ਼ਾਦ ਸ਼ਹਾਦਤ ਪ੍ਰਾਪਤ ਕਰ ਗਏ।

ਆਜ਼ਾਦ ਭਾਵੇਂ ਪਰਿਵਾਰਕ ਸੰਸਕਾਰਾਂ ਕਾਰਨ ਪੂਰੀ ਤਰ੍ਹਾਂ ਸ਼ਾਕਾਹਾਰੀ ਸਨ ਪਰ ਉਹ ਜਾਤਪਾਤ, ਧਰਮਾਂ, ਛੂਤ-ਛਾਤ ਤੋਂ ਬਹੁਤ ਉੱਪਰ ਉੱਚੇ ਉੱਠੇ ਹੋਏ ਸਨ। ਲੇਖਕ ਨੇ ਆਜ਼ਾਦ ਦੇ ਨੇੜਲੇ ਸਾਥੀਆਂ - ਭਗਵਾਨ ਦਾਸ ਮਾਹੌਰ, ਵਿਸ਼ਵਨਾਥ ਵੈਸ਼ਮਪਾਇਨ, ਸਦਾਸ਼ਿਵ ਰਾਵ ਮਲਕਪੁਰਮ, ਰਾਜਾ ਰਾਮ ਸ਼ਾਸਤਰੀ, ਸੁਖਦੇਵ ਰਾਜ ਆਦਿ ਅਤੇ ਧਰਮ ਭਰਾ ਮਾਸਟਰ ਰੁਦਰ ਨਾਰਾਇਣ ਦੇ ਕਥਨਾਂ ਰਾਹੀਂ ਚੰਦਰ ਸ਼ੇਖਰ ਆਜ਼ਾਦ ਦੀ ਸ਼ਖ਼ਸੀਅਤ ਨੂੰ ਪਾਠਕਾਂ ਸਾਹਮਣੇ ਮੁਕੰਮਲ ਰੂਪ ਵਿਚ ਪੇਸ਼ ਕਰਨ ਦਾ ਯਤਨ ਕੀਤਾ ਹੈ। ਇਹ ਪੁਸਤਕ ਪੜ੍ਹਨ ਯੋਗ ਅਤੇ ਸਾਂਭਣਯੋਗ ਹੈ।

– ਬਲਬੀਰ ਚੰਦ ਲੌਂਗੋਵਾਲ